ਅਠਾਰਵਾਂ ਸਾਲ

PARDES TIMES

18th year in Publication

# ਪਰਦੇਸ ਟਾਇਮਜ਼

ਬਲਬੀਰ ਸਿੰਘ ਐਮ ਏ (ਮੁਖ ਸੰਪਾਦਕ)

ਦੇਵ ਰਾਏ (ਮੈਨੇਜਿੰਗ ਡਾਇਰੈਕਟਰ)
604-561-9797


ਮਾਂ ਬੋਲੀ ਨੂੰ ਸਮਰਪਿਤ

www.pardestimes.com
pardestimes

VOL- 18 | No. 454 | August 7, 2024 | E-mail : info@pardestimes.com | Ph 510-938-7771

## ਭਾਰਤੀ ਹਾਕੀ ਇਸ ਵਾਰ ਫਿਰ ਫਾਈਨਲ ਤੋਂ ਖੁੰਝੀ

ਪੈਰਿਸ- ਭਾਰਤੀ ਪੁਰਸ਼ ਹਾਕੀ ਟੀਮ ਪੈਰਿਸ ਓਲੰਪਿਕ ਦੇ ਸੈਮੀ ਫਾਈਨਲ ਵਿੱਚ ਜਰਮਨੀ ਤੋਂ 2-3 ਨਾਲ ਹਾਰ ਗਈ। ਭਾਰਤੀ ਟੀਮ ਹੁਣ ਕਾਂਸੀ ਦੇ ਤਗ਼ਮੇ ਲਈ 8 ਅਗਸਤ ਨੂੰ ਸਪੇਨ ਖ਼ਿਲਾਫ਼ ਖੇਡੇਗੀ ਜਦੋਂਕਿ ਖ਼ਿਤਾਬੀ ਮੁਕਾਬਲਾ ਜਰਮਨੀ ਤੇ ਨੈਦਰਲੈਂਡਜ਼ ਵਿਚਾਲੇ ਖੇਡਿਆ ਜਾਵੇਗਾ। ਭਾਰਤ ਲਈ ਹਰਮਨਪ੍ਰੀਤ ਸਿੰਘ ਨੇ 7ਵੇਂ ਅਤੇ ਸੁਖਜੀਤ ਸਿੰਘ ਨੇ 36ਵੇਂ ਮਿੰਟ ਵਿੱਚ ਗੋਲ ਕੀਤੇ ਜਦੋਂਕਿ ਜਰਮਨੀ ਦੇ ਪੀ ਗੁੰਜ਼ਾਲੋ ਨੇ 18ਵੇਂ, ਆਰ ਕ੍ਰਿਸਟੋਫਰ ਨੇ 27ਵੇਂ ਅਤੇ ਐਮ. ਮਾਰਕੋ ਨੇ 54ਵੇਂ ਮਿੰਟ ਵਿੱਚ ਗੋਲ ਦਾਗ਼ੇ।



ਇਸ ਤੋਂ ਪਹਿਲਾਂ ਨੈਦਰਲੈਂਡਜ਼ ਸੈਮੀ ਫਾਈਨਲ ਵਿੱਚ ਸਪੇਨ ਨੂੰ 4-0 ਨਾਲ ਹਰਾ ਕੇ ਫਾਈਨਲ ਵਿੱਚ ਪਹੁੰਚ ਗਿਆ। ਭਾਰਤੀ ਟੀਮ ਤੋਂ ਓਲੰਪਿਕ ਵਿੱਚ 44 ਸਾਲ ਮਗਰੋਂ ਸੋਨ ਤਗ਼ਮਾ ਜਿੱਤਣ ਦੀ ਉਮੀਦ ਕੀਤੀ ਜਾ ਰਹੀ ਸੀ। ਹਾਲਾਂਕਿ, ਅੱਜ ਉਸ ਦਾ ਪ੍ਰਦਰਸ਼ਨ ਨਿਰਾਸ਼ਾਜਨਕ ਰਿਹਾ। ਹਮਲਾਵਰ ਖੇਡ ਦੀ ਸ਼ੁਰੂਆਤ ਕਰਦਿਆਂ ਭਾਰਤ ਨੇ ਪਹਿਲੇ ਕੁਆਰਟਰ ਵਿੱਚ ਪੈਨਲਟੀ ਕਾਰਨਰ ਬਣਾਇਆ ਜਿਸ ਨੂੰ ਹਰਮਨਪ੍ਰੀਤ ਸਿੰਘ ਨੇ 7ਵੇਂ ਮਿੰਟ ਵਿੱਚ ਗੋਲ ਵਿੱਚ ਬਦਲ ਦਿੱਤਾ। ਭਾਰਤੀ ਟੀਮ ਪਹਿਲੇ ਕੁਆਰਟਰ ਵਿੱਚ ਮਿਲੀ ਲੀਡ ਨੂੰ ਬਰਕਰਾਰ ਨਹੀਂ ਰੱਖ ਸਕੀ। ਟੀਮ ਦੀ ਫਾਰਵਰਡ ਲਾਈਨ ਦਬਾਅ ਵਿੱਚ ਨਜ਼ਰ ਆਈ, ਜਦੋਂਕਿ ਮਿੱਡਫੀਲਡ ਵਿੱਚ ਵੀ ਕਈ ਗ਼ਲਤੀਆਂ ਹੋਈਆਂ। ਭਾਰਤ ਨੂੰ ਪੈਨਲਟੀ ਕਾਰਨਰ ਦੌਰਾਨ ਆਪਣੇ ਡਿਫੈਂਡਰ ਤੇ ਫਸਟ ਰਸ਼ਰ ਅਮਿਤ ਰੋਹੀਦਾਸ ਦੀ ਘਾਟ ਰੜਕਦੀ ਰਹੀ ਜੋ ਰੈੱਡ ਕਾਰਡ ਕਰ ਕੇ ਅੱਜ ਦਾ ਮੈਚ ਨਹੀਂ ਖੇਡ ਸਕਿਆ। ਭਾਰਤ ਨੂੰ ਕੁੱਲ ਮਿਲਾ ਕੇ 12 ਪੈਨਲਟੀ ਕਾਰਨਰ ਮਿਲੇ, ਪਰ ਟੀਮ ਇਨ੍ਹਾਂ ਵਿੱਚੋਂ ਦੋ ਨੂੰ ਹੀ ਗੋਲ ਵਿੱਚ ਬਦਲ ਸਕੀ। ਮੈਚ ਦੇ ਆਖ਼ਰੀ ਪਲਾਂ ਵਿੱਚ ਗੋਲਕੀਪਰ ਸ੍ਰੀਜੇਸ਼ ਮੈਦਾਨ ਵਿੱਚੋਂ ਬਾਹਰ ਚਲਾ ਗਿਆ ਤਾਂ ਕਿ ਇੱਕ ਹੋਰ ਹਮਲਾਵਰ ਖਿਡਾਰੀ ਮੈਦਾਨ ਵਿੱਚ ਉਤਰ ਸਕੇ। ਉਸ ਦੀ ਥਾਂ ਸਮਸ਼ੇਰ ਸਿੰਘ ਨੂੰ ਮੈਦਾਨ ਵਿੱਚ ਉਤਾਰਿਆ ਗਿਆ, ਪਰ ਭਾਰਤੀ ਟੀਮ ਕੋਈ ਕ੍ਰਿਸ਼ਮਾ ਕਰਨ ਵਿੱਚ ਨਾਕਾਮ ਰਹੀ। ਇੱਕ ਸਮਾਂ ਅਜਿਹਾ ਵੀ ਆਇਆ ਜਦੋਂ ਸ੍ਰੀਜੇਸ਼ ਦੀ ਗ਼ੈਰਮੌਜੂਦਗੀ ਵਿੱਚ ਟੀਮ ਨੇ ਜਰਮਨੀ ਨੂੰ ਮਿਲੇ ਪੈਨਲਟੀ ਕਾਰਨਰ ਨੂੰ ਨਾਕਾਮ ਕੀਤਾ।

## ਕਮਲਾ ਹੈਰਿਸ ਬਣੀ ਡੈਮੋਕਰੇਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ

### ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਮੁਕਾਬਲਾ ਹੁਣ ਕਮਲਾ ਹੈਰਿਸ ਨਾਲ ਹੋਵੇਗਾ





ਵਾਸ਼ਿੰਗਟਨ- ਡੈਮੋਕ੍ਰੇਟਿਕ ਪਾਰਟੀ ਵੱਲੋਂ ਕਮਲਾ ਹੈਰਿਸ ਨੂੰ ਆਪਣਾ ਅਧਿਕਾਰਿਤ ਉਮੀਦਵਾਰ ਚੁਣੇ ਜਾਣ ਤੋਂ ਬਾਅਦ ਹੁਣ ਮੁਕਾਬਲਾ ਬਿਲਕੁਲ ਸਪਸ਼ਟ ਹੋ ਗਿਆ ਹੈ। ਹੁਣ ਰਿਪਬਲਿਕਨ ਟਰੰਪ ਦਾ ਮੁਕਾਬਲਾ ਕਮਲਾ ਹੈਰਿਸ ਨਾਲ ਹੋਵੇਗਾ। ਕਮਲਾ ਹੈਰਿਸ ਦੇ ਨਾਲ ਵਾਈਸ ਪ੍ਰੈਜ਼ੀਡੈਂਟ ਟਿਮ ਵਾਲਜ਼ (ਗਵਰਨਰ ਮੈਨੀਸੋਟਾ) ਹੋਣਗੇ। ਇਹ ਮੁਕਾਬਲਾ ਕਾਫੀ ਦਿਲਚਸਪ ਹੋਣ ਦੀ ਉਮੀਦ ਪ੍ਰਗਟ ਕੀਤੀ ਜਾ ਰਹੀ ਹੈ ਪਰ ਅਮਰੀਕੀ ਹਲਕਿਆਂ ਵਿਚ ਇਹ ਵੀ ਚਰਚਾ ਹੈ ਕਿ ਅੱਜ ਤੱਕ ਕੋਈ ਔਰਤ ਅਮਰੀਕਾ ਦੀ ਰਾਸ਼ਟਰਪਤੀ ਬਣਨ ਵਿਚ ਕਾਮਯਾਬ ਨਹੀਂ ਹੋ ਸਕੀ। ਕਮਲਾ ਹੈਰਿਸ ਦੇਸ਼ ਦੀ ਕਿਸੇ ਵੱਡੀ ਸਿਆਸੀ ਪਾਰਟੀ ਤੋਂ ਰਾਸ਼ਟਰਪਤੀ ਚੋਣ ਦੀ ਟਿਕਟ ਹਾਸਲ ਕਰਨ ਵਾਲੀ ਪਹਿਲੀ ਭਾਰਤੀ-ਅਫਰੀਕੀ ਮਹਿਲਾ ਬਣ ਗਈ ਹੈ। ਹੈਰਿਸ (59) ਨਵੰਬਰ 'ਚ ਹੋਣ ਵਾਲੀਆਂ ਆਮ ਚੋਣਾਂ 'ਚ ਸਾਬਕਾ ਰਾਸ਼ਟਰਪਤੀ ਅਤੇ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨ-ਾਲਡ ਟਰੰਪ ਦਾ ਸਾਹਮਣਾ ਕਰਨਗੇ। ਪਿਛਲੇ ਸ਼ੁੱਕਰਵਾਰ, ਹੈਰਿਸ ਨੂੰ ਸੱਤਾਧਾਰੀ ਡੈਮੋਕ੍ਰੇਟਿਕ ਪਾਰਟੀ ਨੇ ਆਉਣ ਵਾਲੀਆਂ ਰਾਸ਼ਟਰਪਤੀ ਚੋਣਾਂ ਲਈ ਆਪਣਾ ਉਮੀਦਵਾਰ ਘੋਸ਼ਿਤ ਕੀਤਾ ਸੀ।

ਹੈਰਿਸ ਨੇ ਉਦੋਂ ਕਿਹਾ ਸੀ, 'ਮੈਨੂੰ ਅਮਰੀਕਾ ਦੇ ਰਾਸ਼ਟਰਪਤੀ ਲਈ ਡੈਮੋਕ੍ਰੇਟਿਕ ਉਮੀਦਵਾਰ ਬਣਨ 'ਤੇ ਮਾਣ ਹੈ। ਮੈਂ ਅਗਲੇ ਹਫਤੇ ਅਧਿਕਾਰਤ ਤੌਰ 'ਤੇ ਨਾਮਜ਼ਦਗੀ ਸਵੀਕਾਰ ਕਰਾਂਗਾ। ਇਹ ਮੁਹਿੰਮ ਦੇਸ਼ ਭਗਤੀ ਤੋਂ ਪ੍ਰੇਰਿਤ ਲੋਕਾਂ ਦੇ ਇਕੱਠੇ ਹੋਣ ਅਤੇ ਵਧੀਆ ਲਈ ਲੜਨ ਬਾਰੇ ਹੈ। ਪਿਛਲੇ ਮਹੀਨੇ ਰਾਸ਼ਟਰਪਤੀ ਜੋਅ ਬਿਡੇਨ ਨੇ ਕਦਮ ਪਿੱਛੇ ਹਟਾਇਆ ਸੀ ਪਿਛਲੇ ਮਹੀਨੇ ਰਾਸ਼ਟਰਪਤੀ ਜੋ ਬਿਡੇਨ ਨੇ ਆਉਣ ਵਾਲੀਆਂ ਚੋਣਾਂ ਵਿੱਚ ਰਾਸ਼ਟਰਪਤੀ ਦੀ ਦੌੜ ਤੋਂ ਬਾਹਰ ਹੋਣ ਦਾ ਐਲਾਨ ਕੀਤਾ ਸੀ, ਜਿਸ ਤੋਂ ਬਾਅਦ ਭਾਰਤੀ ਮੂਲ ਦੇ ਉਪ ਰਾਸ਼ਟਰਪਤੀ ਹੈਰਿਸ ਨੂੰ ਸੱਤਾਧਾਰੀ ਡੈਮੋਕ੍ਰੇਟਿਕ ਪਾਰਟੀ ਦਾ 2024 ਦਾ ਰਾਸ਼ਟਰਪਤੀ ਉਮੀਦਵਾਰ ਐਲਾਨਿਆ ਗਿਆ ਸੀ।

## ਸ਼ੇਖ ਹਸੀਨਾ ਨੂੰ 45 ਮਿੰਟਾਂ 'ਚ ਬੰਗਲਾਦੇਸ਼ ਤੋਂ ਭੱਜ ਕੇ ਆਉਣਾ ਪਿਆ ਭਾਰਤ



ਨਵੀਂ ਦਿੱਲੀ- ਬੰਗਲਾਦੇਸ਼ 'ਚ ਪਿਛਲੇ ਕਈ ਦਿਨਾਂ ਤੋਂ ਜਾਰੀ ਹਿੰਸਾ ਦੌਰਾਨ ਸ਼ੇਖ ਹਸੀਨਾ ਪ੍ਰਧਾਨ ਮੰਤਰੀ ਦਾ ਅਹੁਦਾ ਗੁਆ ਚੁੱਕੀ ਹੈ। ਹਸੀਨਾ ਨੇ ਸੋਮਵਾਰ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ ਅਤੇ ਇਸ ਤੋਂ ਬਾਅਦ ਉਨ੍ਹਾਂ ਨੂੰ ਦੇਸ਼ ਛੱਡ ਕੇ ਭੱਜਣਾ ਪਿਆ ਸੀ। ਸ਼ੇਖ ਹਸੀਨਾ ਇਸ ਸਮੇਂ ਭਾਰਤ ਵਿੱਚ ਹੈ, ਇੱਥੋਂ ਉਹ ਲੰਡਨ ਜਾਂ ਫਿਨਲੈਂਡ ਵਿੱਚ ਸ਼ਰਨ ਲੈ ਸਕਦੀ ਹੈ। ਬੰਗਲਾਦੇਸ਼ ਦੇ ਮੌਜੂਦਾ ਹਾਲਾਤ ਦੇ ਕਈ ਕਾਰਨ ਹੋ ਸਕਦੇ ਹਨ ਪਰ ਇਸ ਵਿੱਚ ਜਮਾਤ-ਏ-ਇਸਲਾਮੀ ਦੀ ਭੂਮਿਕਾ ਵੀ ਅਹਿਮ ਹੈ। ਆਓ ਤੁਹਾਨੂੰ ਦੱਸਦੇ ਹਾਂ ਕਿ ਜਮਾਤ-ਏ-ਇਸਲਾਮੀ ਕੀ ਹੈ ਅਤੇ ਇਸ 'ਤੇ ਪਾਬੰਦੀ ਕਿਉਂ ਲਗਾਈ ਗਈ ਸੀ। ਜਮਾਤ-ਏ-ਇਸਲਾਮੀ ਨੂੰ ਅੱਤਵਾਦੀ ਸੰਗਠਨ ਐਲਾਨਿਆ ਗਿਆ ਹੈ। ਇਸ ਦੇ ਵਿਦਿਆਰਥੀ ਵਿੰਗ ਦਾ ਨਾਂ ਇਸਲਾਮੀ ਛਤਰ ਸ਼ਿਬੀਰ ਹੈ। ਹਾਲ ਹੀ 'ਚ ਬੰਗਲਾਦੇਸ਼ ਸਰਕਾਰ ਨੇ ਇਸ ਸੰਗਠਨ 'ਤੇ ਪਾਬੰਦੀ ਲਗਾ ਦਿੱਤੀ ਸੀ। ਬੰਗਲਾਦੇਸ਼ 'ਚ ਉਸ ਸਮੇਂ ਦੀ ਹਸੀਨਾ ਸਰਕਾਰ ਨੇ ਅੱਤਵਾਦ ਵਿਰੋਧੀ ਕਾਨੂੰਨ ਤਹਿਤ ਜਮਾਤ-ਏ-ਇਸਲਾਮੀ ਅਤੇ ਇਸਲਾਮੀ ਛਤਰ ਸ਼ਿਬੀਰ 'ਤੇ ਪਾਬੰਦੀ ਲਗਾ ਦਿੱਤੀ ਸੀ। ਦੋਸ਼ ਹੈ ਕਿ ਜਮਾਤ-ਏ-ਇਸਲਾਮੀ ਬੰਗਲਾਦੇਸ਼ ਵਿੱਚ ਅੰਦੋਲਨ ਨੂੰ ਭੜਕਾ ਰਹੀ ਹੈ। ਜਮਾਤ-ਏ-ਇਸਲਾਮੀ ਦੇ ਮੁਖੀ ਡਾਕਟਰ ਸ਼ਫੀਕੁਰ ਰਹਿਮਾਨ ਨੇ ਸਰਕਾਰ ਦੇ ਇਸ ਫੈਸਲੇ ਦੀ ਸਖ਼ਤ ਆਲੋਚਨਾ ਕੀਤੀ ਸੀ। ਜਮਾਤ-ਏ-ਇਸਲਾਮੀ 1971 'ਚ ਪਾਕਿਸਤਾਨ ਤੋਂ ਬੰਗਲਾਦੇਸ਼ ਦੀ ਆਜ਼ਾਦੀ ਦੇ ਵਿਰੋਧ 'ਚ ਸਾਹਮਣੇ ਆਈ ਸੀ। ਇਸ ਨੇ ਆਜ਼ਾਦੀ ਦੀ ਲੜਾਈ ਦੌਰਾਨ ਪਾਕਿਸਤਾਨੀ ਸੈਨਿਕਾਂ ਦਾ ਪੱਖ ਲਿਆ ਸੀ। ਇਸ ਸੰਗਠਨ 'ਤੇ ਪਾਬੰਦੀ ਦਾ ਇਕ ਕਾਰਨ ਇਹ ਵੀ ਹੈ। ਬੰਗਲਾਦੇਸ਼ ਵਿੱਚ ਹਸੀਨਾ ਸਰਕਾਰ ਦੇ ਜਾਣ ਤੋਂ ਬਾਅਦ ਭੜਕੀ ਹਿੰਸਾ ਵਿੱਚ 100 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ।

MST INS SERV INC
Long Haul
A Rated Market
Licensed



Washington/CA/Indiana/Texas/nevada/New Jersey
ਦੇ ਲਈ Insurance ਜੋ ਬਹੁਤ ਵਧੀਆ ਰੇਟ 'ਤੇ ਕਰਵਾ ਸਕਦੇ ਹੋ।
ਹਰ ਤਰ੍ਹਾਂ ਦੇ ਟਰੱਕਾਂ ਦੇ ਕੰਮ ਕਰਨ ਵਾਲਿਆਂ ਲਈ
ਲੋਕਲ/ 48 ਸਟੇਟਾਂ/ ਸੈਂਡ/ ਗਰੇਵੱਲ/ ਕੰਟੇਨਰ
Mandeep Thiara
Owner/Broker-Agent
Lic #600363
Tel (209) 407-4236
Fax (209) 666-1428
Cell (209) 666-0032
info@mstinsurance.net
3941 Holly Drive Suite #1 Tracy, CA 95304

Padam Builders Inc.
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੋਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।



Bhupinder Singh Padam
email: padambuilders@gmail.com
Licensed # 1019803
CELL 510-565-6667
3143 ARDEN ROAD, HAYWARD CA- 94545

Turning
65
Years
Old?



If you've got questions,
I've got answers!
Becoming eligible for Medicare at age 65 can be overwhelming and confusing, but it doesn't have to be! I can help explain all of your available options. Call me today!
Let's talk about it!
Gurcharan Singh Mann
Licensed Insurance Agent
CA License No. 0C70672
(510) 487-1000 TTY:711
MANN@GGIABA.COM
By calling this number you agree to speak with a licensed insurance agent about Medicare Products. We do not offer every plan available in your area. Any information we provide is limited to those plans we do offer in your area. Please contact Medicare.gov or 1-800-Medicare to get information on all of your options. This is an advertisement. Not affiliated with any government agency including Medicare.

Joshi Law Firm
Attorneys at Law ਅਟਾਰਨੀ ਐਟ ਲਾਅ
www.joshilawfirm.com info@joshilawfirm.com
ਇਮੀਗ੍ਰੇਸ਼ਨ
ਡਿਪੋਰਟੇਸ਼ਨ
ਅਸਾਈਲਮ
ਸਿਟੀਜਨਸ਼ਿਪ
ਗਰੀਨ ਕਾਰਡ
ਫੈਮਲੀ ਪਟੀਸ਼ਨ
ਵਿਆਹ ਦੇ
ਆਧਾਰ ਤੇ
ਗਰੀਨ ਕਾਰਡ
ਐਡਜਸਟਮੈਂਟ
ਆਫ ਸਟੇਟਸ
ਫੈਮਲੀ ਲਾਅ
ਤਲਾਕ ਦੀ
ਪਟੀਸ਼ਨ
ਬੱਚੇ ਦੀ
ਕਸਟਡੀ
ਭੱਤਾ ਜਾਂ ਖਰਚਾ
ਬੱਚਿਆਂ ਲਈ
ਖਰਚਾ



TANVIR JOSHI
SBN: 302226
(559) 312-0083 (O) (888) 630-1230 (F)
516 W. SHAW AVE STE 200 FRESNO, CA 93704



Raj Budwal
(Investment and Financial Advisor)
408-972-8000,
408-835-0202 (Cell)
Budwal and Associates
329 Piercy Road, San Jose, CA 95138
8350202@gmail.com

# ਡੋਨਾਲਡ ਟਰੰਪ ਬਨਾਮ ਕਮਲਾ ਹੈਰਿਸ, ਅਗਲਾ ਰਾਸ਼ਟਰਪਤੀ ਕੌਣ?



ਸੁਰਜੀਤ ਸਿੰਘ ਫਲੋਰਾ

ਅਮਰੀਕਾ ਵਿਚ ਰਾਸ਼ਟਰਪਤੀ ਦੇ ਅਹੁਦੇ ਲਈ ਚੋਣਾਂ ਚਾਰ ਕੁ ਮਹੀਨਿਆਂ ਬਾਅਦ ਹੋਣਗੀਆਂ ਹਨ ਜਿਨ੍ਹਾਂ 'ਤੇ ਇਸ ਸਮੇਂ ਸਾਰੀ ਦੁਨੀਆ ਦੀਆਂ ਅੱਖਾਂ ਲੱਗੀਆਂ ਹੋਈਆਂ ਹਨ। ਕਮਲਾ ਹੈਰਿਸ ਜਾਂ ਡੋਨਾਲਡ ਟਰੰਪ ਅਮਰੀਕਾ ਦੇ ਅਗਲੇ ਰਾਸ਼ਟਰਪਤੀ ਹੋਣਗੇ। ਜੋਅ ਬਾਇਡਨ ਦੇ ਦੌੜ ਤੋਂ ਬਾਹਰ ਨਾ ਹੋਣ ਤੱਕ ਇਹ ਲੱਗਦਾ ਸੀ ਕਿ ਉਹ ਅਗਲੇ ਅਮਰੀਕੀ ਰਾਸ਼ਟਰਪਤੀ ਬਣ ਸਕਦੇ ਸਨ। ਕੁਝ ਸਿਆਸੀ ਪੰਡਿਤਾਂ ਨੂੰ ਲੱਗਦਾ ਹੈ ਕਿ ਡੈਮੋਕ੍ਰੈਟਸ ਨੇ ਬਾਇਡਨ ਨੂੰ ਪਰੇ ਕਰਨ ਵਿਚ ਬਹੁਤ ਦੇਰ ਕਰ ਦਿੱਤੀ ਹੈ ਜਿਸ ਕਾਰਨ ਰਿਪਬਲਿਕਨ ਆਪਣੇ ਸਰੋਤਾਂ ਨੂੰ ਗ਼ਲਤ ਟੀਚੇ 'ਤੇ ਕੇਂਦਰਿਤ ਕਰ ਕੇ ਲੋਕਾਂ ਨੂੰ ਗੁਮਰਾਹ ਕਰ ਸਕਦੇ ਹਨ ਤੇ ਇਸ ਤੋਂ ਫ਼ਾਇਦਾ ਉਠਾ ਸਕਦੇ ਹਨ। ਜੋਅ ਬਾਇਡਨ ਦਾ ਪਰਛਾਵਾਂ ਕਮਲਾ ਦੀਆਂ ਮੁਹਿੰਮਾਂ ਦੇ ਰੂਪ ਵਿਚ ਵੱਡਾ ਹੋਵੇਗਾ। ਉਹ ਉਸ ਤੇ ਉਸ ਦੇ ਨੈੱਟਵਰਕ ਵਲੋਂ ਕੀਤੇ ਕੰਮਾਂ ਦੀ ਜਵਾਬਦੇਹ ਹੋਵੇਗੀ ਕਿਉਂਕਿ ਉਹ ਉਸ ਦੀ ਉਪ ਰਾਸ਼ਟਰਪਤੀ ਹੈ ਤੇ ਹੁਣ ਰਾਸ਼ਟਰਪਤੀ ਦੀ ਕੁਰਸੀ ਲਈ ਅੱਗੇ ਆਵੇਗੀ।

ਇਹ ਵੀ ਸੱਚ ਹੈ ਕਿ ਹੈਰਿਸ ਲਈ ਪੈਸਿਆਂ ਦੇ ਖ਼ਜ਼ਾਨੇ ਖੁੱਲ੍ਹ ਗਏ ਹਨ। ਵੱਡਾ ਸਵਾਲ ਇਹ ਹੈ ਕਿ ਕੀ ਉਸ ਕੋਲ ਉਹ ਹੈ ਜੋ ਜਿੱਤਣ ਲਈ ਚਾਹੀਦਾ ਹੈ? ਕੀ ਉਹ ਬਾਇਡਨ ਦੇ ਸਾਏ ਤੋਂ ਬਾਹਰ ਨਿਕਲ ਸਕਦੀ ਹੈ? ਉਹ ਸੈਨੇਟਰ, ਪ੍ਰੌਸੀਕਿਊਟਰ ਅਤੇ ਉਪ ਰਾਸ਼ਟਰਪਤੀ ਰਹਿ ਚੁੱਕੀ ਹੈ। ਉਸ ਦਾ ਪਿਛੋਕੜ ਇਕ ਪਲੱਸ ਪੁਆਇੰਟ ਹੈ। ਉਹ ਏਸ਼ੀਅਨ, ਅਮਰੀਕਨ ਅਤੇ ਕਾਲੇ ਭਾਈਚਾਰੇ ਨਾਲ ਸਬੰਧ ਰੱਖਦੀ ਹੈ। ਇਹ ਸਪਸ਼ਟ ਨਹੀਂ ਹੈ ਕਿ ਓਬਾਮਾ ਦੇ ਕੇਸ ਵਾਂਗ ਉਸ ਦਾ ਸਿਆਹਪਣ ਕੀ ਭਾਰੂ ਹੈ ਜਾਂ ਉਸ ਦਾ ਵਿਭਿੰਨ ਪਿਛੋਕੜ ਵੋਟਰਾਂ ਨੂੰ ਆਕਰਸ਼ਤ ਕਰੇਗਾ? ਉਸ ਦੀ ਪਛਾਣ ਇਕ ਕਾਰਕ ਹੋ ਸਕਦੀ ਹੈ। ਕਈ ਸਵਾਲ ਹਨ ਜਿਵੇਂ ਕੀ ਅਮਰੀਕਾ ਨੂੰ ਮਿਲੇਗੀ ਪਹਿਲੀ ਕਾਲੀ ਮਹਿਲਾ ਰਾਸ਼ਟਰਪਤੀ? ਕੀ ਉਹ ਉੱਥੇ ਸਫਲ ਹੋਵੇਗੀ ਜਿੱਥੇ ਇਕ ਗੋਰੀ ਔਰਤ ਹਿਲੇਰੀ ਕਲਿੰਟਨ ਅਸਫਲ ਰਹੀ? ਮੈਨੂੰ ਲੱਗਦਾ ਹੈ ਕਿ ਇਹ ਕੰਮ ਔਖਾ ਹੋਵੇਗਾ ਪਰ ਨਾਮੁਮਕਿਨ ਨਹੀਂ। ਜੇ ਸਿਆਹਫਾਮ ਓਬਾਮਾ ਰਾਸ਼ਟਰਪਤੀ ਬਣ ਸਕਦਾ ਹੈ ਤਾਂ ਕਮਲਾ ਹੈਰਿਸ ਕਿਉਂ ਨਹੀਂ? ਇਕ ਸਮਾਂ ਸੀ ਜਦੋਂ ਅਮਰੀਕਾ ਵਿਚ ਨਸਲੀ ਵਿਤਕਰਾ ਅਤੇ ਦਾਸ ਪ੍ਰਥਾ ਚਰਮ ਸੀਮਾ 'ਤੇ ਸਨ। ਸਿਆਹਫਾਮ ਲੋਕਾਂ ਨੂੰ ਵੋਟ ਦਾ ਅਧਿਕਾਰ ਲੈਣ ਲਈ ਲੰਬਾ ਸੰਘਰਸ਼ ਕਰਨਾ ਪਿਆ ਸੀ। ਇੱਥੋਂ ਤੱਕ ਕਿ ਜਦੋਂ ਬਰਾਕ ਓਬਾਮਾ ਰਾਸ਼ਟਰ-ਪਤੀ ਦੀ ਦੌੜ ਵਿਚ ਸਨ ਤਾਂ ਇਕ ਗੋਰੀ ਨੋਬੇਲ ਇਨਾਮ ਜੇਤੂ ਨੇ ਜਨਤਕ ਤੌਰ 'ਤੇ ਕਹਿ ਦਿੱਤਾ ਸੀ ਕਿ ਜੇ ਉਹ ਜਿੱਤਦੇ ਹਨ ਤਾਂ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਪੈਦਾ ਹੋ ਸਕਦਾ ਹੈ। ਓਬਾਮਾ ਹਾਰਵਰਡ, ਇਕ ਕ ੁ ਲ ੀ ਨ ਯੂਨੀਵਰਸਿਟੀ ਵਿੱਚੋਂ ਪੜ੍ਹਿਆ ਹੋਇਆ ਹੈ ਤੇ ਰਾਸ਼ਟਰਪਤੀ ਦੀ ਚੋਣ ਮੁਹਿੰਮ ਦੌਰਾਨ ਉਸ ਦੀ ਪੜ੍ਹਾਈ-ਲਿਖਾਈ ਉਸ ਲਈ ਫ਼ਾਇਦੇਮੰਦ ਸਾਬਿਤ ਹੋਈ ਸੀ। ਕਮਲਾ 'ਤੇ ਬੇਔਲਾਦ ਹੋਣ ਦਾ ਦੋਸ਼ ਲਗਾਇਆ ਜਾ ਰਿਹਾ ਹੈ ਪਰ ਉਸ ਦੇ ਮਤਰੇਏ ਬੱਚੇ ਹਨ। ਕਮਲਾ ਹੈਰਿਸ ਦੀ ਸਭ ਤੋਂ ਵੱਡੀ ਤਾਕਤ ਉਸ ਦਾ ਸਿਆਸੀ ਤਜਰਬਾ ਹੈ। ਡੋਨਾਲਡ ਟਰੰਪ 'ਤੇ ਹਮਲਾ ਕਰਨ ਲਈ ਉਸ ਦੇ ਵਕੀਲ ਦੀ ਪਿਠਭੂਮੀ ਦੀ ਵਰਤੋਂ ਕੀਤੀ ਜਾ ਰਹੀ ਹੈ। ਕੀ ਵੋਟਰ ਇਸ ਨੂੰ ਹਾਸੋਹੀਣੀ ਸਮਝਣਗੇ ਜਾਂ ਇਸ ਨੂੰ ਗੰਭੀਰਤਾ ਨਾਲ ਲੈਣਗੇ? ਪਿਛਲੇ ਕਾਰਜਕਾਲ ਦੌਰਾਨ ਨਰਮ ਵਿਦੇਸ਼ ਨੀਤੀ ਟਰੰਪ ਦੀ ਕਮਜ਼ੋਰੀ ਸਿੱਧ ਹੋ ਸਕਦੀ ਹੈ।



ਅਫ਼ਗਾਨਿਸਤਾਨ ਤੋਂ ਅਮਰੀਕਾ ਦੀ ਵਾਪਸੀ, ਯੂਕਰੇਨ ਵਿਚ ਜੰਗ ਅਤੇ ਹੋਰ ਗਰਮਾ-ਗਰਮ ਮੁੱਦਿਆਂ 'ਤੇ ਰਿਪਬਲਿਕਨਾਂ ਨੂੰ ਪੂਰੀ ਤਿਆਰੀ ਨਾਲ ਆਉਣਾ ਹੋਵੇਗਾ। ਟਰੰਪ ਦਾ ਠੋਸ ਸਿਆਸੀ ਆਧਾਰ ਉਸ ਦੀ ਸਭ ਤੋਂ ਵੱਡੀ ਸੰਪਤੀ ਹੈ। ਰਾਸ਼ਟਰਵਾਦ ਦੇ ਨਾਲ ਉਸ ਦਾ ਲਗਾਅ ਜ਼ਿਆਦਾ ਹੈ। ਫਿਰ ਵੀ ਤੌਖਲਾ ਇਹ ਹੈ ਕਿ ਟਰੰਪ ਨੂੰ ਵਿਸ਼ਵਾਸ ਦਿਵਾਉਣ ਵਾਲੇ ਈਵੈਂਜਲੀਕਲਜ਼ ਕਿਵੇਂ ਵੋਟ ਪਾਉਣਗੇ? ਦੇਖਿਆ ਜਾਵੇ ਤਾਂ ਟਰੰਪ ਨੂੰ ਪ੍ਰਚਾਰ ਕਰਨਾ ਆਉਂਦਾ ਹੈ। ਉਹ ਨਸਲੀ ਮੁੱਦੇ ਉਭਾਰ ਕੇ ਇਕ ਵਰਗ ਵਿਸ਼ੇਸ਼ ਨੂੰ ਭਰਮਾਉਣਾ ਜਾਣਦਾ ਹੈ। ਉਸ ਦੇ ਹਮਾਇਤੀ ਸਮਝਦੇ ਹਨ ਕਿ ਟਰੰਪ 'ਚ ਰਾਸ਼ਟਰਵਾਦ ਕੁੱਟ-ਕੁੱਟ ਕੇ ਭਰਿਆ ਹੋਇਆ ਹੈ। ਉਹ ਅਮਰੀਕਾ ਦੀ ਕਮਾਨ ਸੰਭਾਲ ਚੁੱਕੇ ਹਨ। ਇਸ ਦਾ ਵੀ ਉਨ੍ਹਾਂ ਨੂੰ ਕਾਫ਼ੀ ਲਾਹਾ ਮਿਲਣ ਦੀ ਸੰਭਾਵਨਾ ਹੈ। ਭਾਵੇਂ ਟਰੰਪ ਦੀ ਕਈ ਕਾਰਨਾਂ ਕਰ ਕੇ ਨੁਕਤਾਚੀਨੀ ਕੀਤੀ ਜਾ ਰਹੀ ਹੈ ਤਾਂ ਵੀ ਉਹ ਵੋਟਰਾਂ ਵਿਚ ਕਾਫ਼ੀ ਪਸੰਦ ਕੀਤੇ ਜਾ ਰਹੇ ਹਨ। ਟਰੰਪ 'ਤੇ ਹੋਇਆ ਜਾਨਲੇਵਾ ਹਮਲਾ ਉਸ ਨੂੰ ਸਿਆਸੀ ਲਾਹਾ ਦੇਵੇਗਾ। ਕਮਲਾ ਦੇ ਅਦਾਲਤੀ ਕੇਸਾਂ ਦਾ ਹਵਾਲਾ ਉਸ ਦੇ ਦੁੱਖ ਨੂੰ ਘਟਾਉਣ ਵਜੋਂ ਦੇਖਿਆ ਜਾ ਸਕਦਾ ਹੈ ਅਤੇ ਉਲਟਾ ਵੀ ਹੋ ਸਕਦਾ ਹੈ। ਅਮਰੀਕੀਆਂ ਨੂੰ ਟਰੰਪ ਬਾਰੇ ਯਾਦ ਹੈ ਅਤੇ ਇਹ ਇਕ ਸਿਆਸੀ ਸੰਜੀਵਨੀ ਹੋ ਸਕਦੀ ਹੈ। ਉਸ ਦੀ ਹੋਰ ਤਾਕਤ ਇਹ ਹੈ ਕਿ ਉਹ ਕੁਝ ਵੀ ਕਹਿ ਸਕਦਾ ਹੈ। ਪੋਲ ਦੋਵਾਂ ਵਿਚਕਾਰ ਤਕਰੀਬਨ ਉੱਨੀ-ਇੱਕੀ ਵਾਲੇ ਹੀ ਹਨ। ਸਵਾਲ ਉੱਠਦਾ ਹੈ ਕਿ ਕੀ ਕਮਲਾ ਦਾ ਅਮਰੀਕਾ ਦੇ ਲੋਕਾਂ 'ਤੇ ਜਾਦੂ ਚੱਲੇਗਾ? ਮੈਂ ਚਾਹਾਂਗਾ ਕਿ ਉਹ ਗੇਵਿਨ ਨਿਊਜ਼ਮ ਨੂੰ ਰਨਿੰਗ ਸਾਥੀ ਵਜੋਂ ਚੁਣੇ। ਉਸ ਦਾ ਟਰੰਪ ਨਾਲ ਦਿਲਚਸਪ ਸਬੰਧ ਹੈ।

ਹੈਰਿਸ ਨੂੰ ਉਸ ਦੀ ਤਾਰੀਫ਼ ਕਰਨੀ ਚਾਹੀਦੀ ਹੈ ਜਿਵੇਂ ਜੋਅ ਬਾਇਡਨ ਨੇ ਓਬਾਮਾ ਦੀ ਤਾਰੀਫ਼ ਕੀਤੀ ਸੀ। ਕੀ ਰਿਪਬਲਿਕਨ ਪੱਛੜੇ ਹੋਏ ਰਾਜਾਂ ਨੂੰ ਹੋਰ ਹੇਠਾਂ ਲਿਆਉਣਗੇ ਜਿਨ੍ਹਾਂ ਵਿੱਚੋਂ 18 ਨੇ 1992 ਤੋਂ 2012 ਤੱਕ ਰਾਸ਼ਟਰਪਤੀ ਚੋਣਾਂ ਵਿਚ ਡੈਮੋਕ੍ਰੈਟਿਕ ਪਾਰਟੀ ਨੂੰ ਵੋਟਾਂ ਪਾਈਆਂ ਸਨ? ਟਰੰਪ, ਜੇਡੀ ਵੇਂਸ ਨੂੰ ਰਨਿੰਗ ਸਾਥੀ ਵਜੋਂ ਚੁਣ ਕੇ ਵੱਡਾ ਦਾਅ ਲਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਕਮਲਾ ਦੇ ਨਸਲੀ ਪਿਛੋਕੜ ਵਿਚ ਇਕ ਦਿਲਚਸਪ ਮੋੜ ਹੈ। ਉਸ ਦਾ ਏਸ਼ੀਅਨ ਪਿਛੋਕੜ ਹੈ। ਜੇਡੀ ਵੇਂਸ, ਟਰੰਪ ਦੇ ਚੱਲ ਰਹੇ ਸਾਥੀ ਦੀ ਇਕ ਏਸ਼ੀਅਨ ਪਤਨੀ ਹੈ ਜੋ ਟਰੰਪ ਨੂੰ ਫ਼ਾਇਦਾ ਪਹੁੰਚਾ ਸਕਦੀ ਹੈ। ਜਿਸ ਗੱਲ 'ਤੇ ਅਸੀਂ ਵਿਵਾਦ ਨਹੀਂ ਕਰ ਸਕਦੇ ਉਹ ਇਹ ਹੈ ਕਿ ਚੋਣਾਂ ਮਹਿੰਗੀਆਂ ਅਤੇ ਮਨੋਰੰਜਕ ਹੋਣਗੀਆਂ। ਕੀ ਸਾਨੂੰ ਪਰਵਾਹ ਕਰਨੀ ਚਾਹੀਦੀ ਹੈ ਕਿ ਕੌਣ ਜਿੱਤਦਾ ਹੈ? ਰਿਪਬਲਿਕਨ ਅਤੇ ਡੈਮੋਕ੍ਰੈਟਸ, ਦੋਵਾਂ ਦੀਆਂ ਪੂਰੀ ਦੁਨੀਆ ਪ੍ਰਤੀ ਵੱਖੋ-ਵੱਖਰੀਆਂ ਨੀਤੀਆਂ ਹਨ। ਕੁਝ ਚੰਗੀਆਂ ਹਨ ਅਤੇ ਕੁਝ ਨਹੀਂ। ਇਮੀਗ੍ਰੇਸ਼ਨ , ਇਕ ਗਰਮ ਮੁੱਦਾ ਹੈ ਅਤੇ ਅਮਰੀਕਾ ਵਿਚ ਰਹਿਣ ਵਾਲੇ ਦੁਨੀਆ ਭਰ ਦੇ ਲੋਕਾਂ ਦੀ ਗਿਣਤੀ ਬਾਰੇ ਸੋਚੋ। ਟਰੰਪ ਨੇ ਮੰਗਲਵਾਰ ਨੂੰ ਮਿਸ਼ੀਗਨ ਵਿਚ ਇਕ ਭਾਸ਼ਣ ਵਿਚ ਸੰਯੁਕਤ ਰਾਜ ਅਮਰੀਕਾ ਵਿਚ ਗ਼ੈਰ-ਕਾਨੂੰਨੀ ਤੌਰ 'ਤੇ ਆਏ ਪਰਵਾਸੀਆਂ ਨੂੰ "ਜਾਨਵਰ" ਅਤੇ "ਇਨਸਾਨ ਨਹੀਂ" ਹੋਣ ਦਾ ਫ਼ਤਵਾ ਦਿੱਤਾ ਹੈ। ਇਹ ਸਭ ਭੱਦੇ ਲਫ਼ਜ਼ ਸੁਣ ਕੇ ਕੀ ਇੰਮੀਗ੍ਰਾਂਟ ਟਰੰਪ ਨੂੰ ਵੋਟ ਦੇਣਗੇ? ਹਰਗਿਜ਼ ਨਹੀਂ। ਇਸ ਦੇ ਮੱਦੇਨਜ਼ਰ ਅਮਰੀਕਾ ਦੀਆਂ ਆਗਾਮੀ ਚੋਣਾਂ ਬਾਰੇ ਕੁਝ ਕਿਆਸਅਰਾਈਆਂ ਤਾਂ ਸਾਫ਼ ਹੋ ਜਾਂਦੀਆਂ ਹਨ ਕਿ ਆ ਰਹੇ ਸਮੇਂ ਵਿਚ ਪਲੜਾ ਕਿਸ ਦਾ ਭਾਰਾ ਹੋਣ ਦੀ ਸੰਭਾਵਨਾ ਹੈ।

# ਅਮਰੀਕਾ 'ਚ ਪਰਵਾਸੀ ਭਾਈਚਾਰੇ ਦੀ ਕਾਮਯਾਬੀ ਅਤੇ ਪੇਚੀਦਾ ਕਹਾਣੀ

ਜਯੋਤੀ ਮਲਹੋਤਰਾ

ਪਿਛਲੇ ਹਫ਼ਤੇ ਅਮਰੀਕਾ ਵਿੱਚ ਰਿਪਬਲਿਕਨ ਪਾਰਟੀ ਦੀ ਕੌਮੀ ਕਨਵੈਨਸ਼ਨ ਮੌਕੇ ਜਦੋਂ ਜੇਡੀ ਵੈਂਸ ਨੇ ਡੋਨਲਡ ਟਰੰਪ ਦੇ ਲਫਟੈਣ ਵਜੋਂ ਚੋਣ ਲੜਨ ਦੀ ਪੇਸ਼ਕਸ਼ ਸਵੀਕਾਰ ਕੀਤੀ ਸੀ ਤਾਂ ਉਨ੍ਹਾਂ ਦੀ ਪਤਨੀ ਊਸ਼ਾ ਚਿਲੁਕੁਰੀ ਵੈਂਸ ਦੇ ਨਾਨ-ਡਿਜ਼ਾਈਨਰ ਪਹਿਰਾਵਿਆਂ, ਅੱਡੀ ਵਾਲੇ ਸੈਂਡਲਾਂ, ਉਸ ਦੇ ਕਾਲੇ ਵਾਲਾਂ ਤੇ ਇਨ੍ਹਾਂ ਵਿੱਚ ਘਿਰੀਆਂ ਕੁਝ ਸਫੇਦ ਲਿਟਾਂ ਸਣੇ ਉਸ ਦੀ ਦਿੱਖ ਦੇ ਹਰ ਪੱਖ ਬਾਰੇ 'ਨਿਊਯਾਰਕ ਟਾਈਮਜ਼' ਵਿੱਚ ਐਨਾ ਕੁਝ ਛਾਪਿਆ ਗਿਆ ਹੈ ਕਿ ਅਮਰੀਕਾ ਦੇ ਸਭ ਤੋਂ ਪੁਰਾਤਨ ਅਖ਼ਬਾਰ ਨੂੰ ਯਕੀਨ ਹੋ ਗਿਆ ਹੋਵੇਗਾ ਕਿ ਸੰਭਾਵੀ ਤੌਰ 'ਤੇ ਦੁਨੀਆ ਦੀ ਇਹ ਦੂਜੀ ਸਭ ਤੋਂ ਪ੍ਰਭਾਵਸ਼ਾਲੀ ਪਤਨੀ ਆਪਣਾ ਸਾਰਾ ਸਮਾਂ ਪੁਰਸ਼ਾਂ ਦੀਆਂ ਨਜ਼ਰਾਂ ਦਾ ਮਰਕਜ਼ ਬਣਨ ਦੇ ਲੇਖੇ ਨਹੀਂ ਲਾਉਂਦੀ ਹੋਵੇਗੀ।

ਊਸ਼ਾ ਦਾ ਪੇਸ਼ੇਵਰ ਬਿਓਰਾ ਇਸ ਤੋਂ ਕਿਤੇ ਵੱਧ ਦਿਲਕਸ਼ ਜਾਪਦਾ ਹੈ ਜੋ ਸਾਂ ਫਰਾਂਸਿਸਕੋ ਦੀ ਲਾਅ ਫਰਮ 'ਕੂਲ, ਵੋਕ' ਵਿੱਚ ਕੰਮ ਕਰਦੀ ਹੈ। ਉਹ ਯੇਲ ਯੂਨੀਵਰਸਿਟੀ ਵਿੱਚ ਜੇਡੀ ਵੈਂਸ ਨੂੰ ਮਿਲੀ ਸੀ ਅਤੇ ਉਸ ਨੇ ਕੈਂਬ੍ਰਿਜ ਵਿੱਚ ਗੇਟਸ ਫੈਲੋਸ਼ਿਪ ਹਾਸਿਲ ਕੀਤੀ ਸੀ। 2014 ਤੱਕ ਉਸ ਦਾ ਨਾਂ ਡੈਮੋਕਰੈਟਿਕ ਪਾਰਟੀ ਦੀ ਹਮਾਇਤੀ ਵਜੋਂ ਦਰਜ ਸੀ। ਸੰਨ 2021 ਵਿੱਚ ਜਦੋਂ ਉਸ ਨੇ 'ਦਿ ਯੂਨੀਵਰਸਿਟੀਜ਼ ਆਰ ਦਿ ਐਨੇਮੀ' (ਯੂਨੀਵਰਸਿਟੀਆਂ ਇਸ ਦੀਆਂ ਦੁਸ਼ਮਣ ਹਨ) ਦੇ ਸਿਰਲੇਖ ਵਾਲਾ ਭਾਸ਼ਣ ਦਿੱਤਾ ਸੀ ਤਾਂ ਉਨ੍ਹਾਂ ਦੇ ਵਿਆਹ ਨੂੰ ਸੱਤ ਸਾਲ ਬੀਤ ਚੁੱਕੇ ਸਨ।

ਅੱਜ ਕੱਲ੍ਹ ਅਮਰੀਕਾ ਇੰਨੀ ਜ਼ਿਆਦਾ ਉਥਲ-ਪੁਥਲ ਚੱਲ ਰਹੀ ਹੈ ਕਿ ਉੱਥੇ 'ਲਾਲ' ਅਤੇ 'ਨੀਲੇ' (ਰਿਪਬਲਿਕਨ ਤੇ ਡੈਮੋਕਰੈਟ ਪਾਰਟੀ ਦੇ ਰੰਗ) ਬਾਰੇ ਬਣੀਆਂ ਪੁਰਾਣੀਆਂ ਮਿੱਥਾਂ ਫਿੱਕੀਆਂ ਪੈਂਦੀਆਂ ਜਾ ਰਹੀਆਂ ਹਨ। ਟਰੰਪ ਹੁਣ ਦੇਸ਼ ਦੇ ਅੱਧੇ ਰਿਪਬਲਿਕਨਾਂ ਦੀ ਨਹੀਂ ਸਗੋਂ ਸਮੁੱਚੇ ਅਮਰੀਕਾ ਦੀ ਗੱਲ ਕਰਨ ਦਾ ਤਲਬਗਾਰ ਹੈ। ਵੈਂਸ ਨੇ ਕਦੇ ਟਰੰਪ ਨੂੰ 'ਸੱਭਿਆਚਾਰਕ ਹੈਰੋਇਨ' ਕਹਿ ਕੇ ਭੰਡਿਆ ਸੀ ਪਰ ਹੁਣ ਉਹ ਉਪ ਰਾਸ਼ਟਰਪਤੀ ਦੇ ਅਹੁਦੇ ਲਈ ਉਸ ਦਾ ਸਾਥੀ ਉਮੀਦਵਾਰ ਬਣਨ ਲਈ ਤਿਆਰ ਹੋ ਗਿਆ ਹੈ। ਇਸ ਤੋਂ ਇਲਾਵਾ ਉਪ ਰਾਸ਼ਟਰਪਤੀ ਕਮਲਾ ਹੈਰਿਸ ਵੀ ਹੈ।

ਸੰਭਾਵਨਾ ਹੈ ਕਿ ਇਸ ਹਫ਼ਤੇ ਦੇ ਅੰਤ ਤੱਕ ਜੋਅ ਬਾਇਡਨ ਸ਼ਾਇਦ ਚੋਣ ਮੈਦਾਨ ਤੋਂ ਪਿਛਾਂਹ ਹਟ ਜਾਣ, ਤਦ ਉਨ੍ਹਾਂ ਦੀ ਥਾਂ ਕਮਲਾ ਹੈਰਿਸ ਭਰ ਦੇਵੇਗੀ ਜਾਂ ਫਿਰ ਡੈਮੋਕਰੈਟਾਂ ਨੂੰ ਕਿਸੇ ਹੋਰ ਆਗੂ ਦੀ ਤਲਾਸ਼ ਕਰਨੀ ਪਵੇਗੀ। ਜਿਹੜੇ ਭਾਰਤੀ ਸੱਤਾ ਦੀ ਧੜਕਣ ਦੇ ਸਭ ਤੋਂ ਨੇੜੇ ਰਹਿਣ ਵਾਲੀ ਇਸ 'ਭਾਰਤੀ ਅਮਰੀਕਨ' ਬਾਰੇ ਹੁੱਬ-ਹੁੱਬ ਕੇ ਗੱਲਾਂ ਕਰਦੇ ਰਹਿੰਦੇ ਹਨ, ਉਨ੍ਹਾਂ ਨੂੰ ਇਹ ਦੱਸਣਾ ਜ਼ਰੂਰੀ ਹੈ ਕਿ ਕਮਲਾ ਹਮੇਸ਼ਾ ਆਪਣੇ ਆਪ ਨੂੰ 'ਭੂਰੀ' ਦੀ ਬਜਾਇ 'ਸਿਆਹ ਔਰਤ' ਵਜੋਂ ਪੇਸ਼ ਕਰਦੀ ਰਹੀ ਹੈ। ਊਸ਼ਾ ਹਿੰਦੂ ਹੈ ਤੇ ਸ਼ਾਕਾਹਾਰੀ ਵੀ ਪਰ ਉਹ ਵੀ ਸ਼ਾਇਦ ਆਪਣੇ ਪਤੀ ਨੂੰ 'ਭਾਰਤ ਪੱਖੀ' ਨੀਤੀ ਅਪਣਾਉਣ ਲਈ ਮਜਬੂਰ ਨਹੀਂ ਕਰ ਸਕੇਗੀ। ਉਂਝ, ਇਹ ਪਤਾ ਲੱਗਿਆ ਹੈ ਕਿ ਉਸ ਦਾ ਦਾਦਾ ਕਿਸੇ ਸਮੇਂ ਆਂਧਰਾ ਪ੍ਰਦੇਸ਼ ਵਿਚ ਆਰਐੱਸਐੱਸ ਦੀ ਸੂਬਾਈ ਇਕਾਈ ਦੀ ਅਗਵਾਈ ਕਰਦਾ ਸੀ।



ਚੰਡੀਗੜ੍ਹੀਆਂ ਦੀ ਜ਼ਬਾਨ ਵਿੱਚ ਇਨ੍ਹਾਂ ਲੋਕਾਂ ਨੂੰ 'ਕੋਕੋਨਟ' (ਨਾਰੀਅਲ) ਆਖਿਆ ਜਾਂਦਾ ਹੈ ਜਿਨ੍ਹਾਂ ਦੀ ਚਮੜੀ ਦਾ ਰੰਗ ਭੂਰਾ ਹੁੰਦਾ ਹੈ ਪਰ ਅੰਦਰੋਂ ਇਹ 'ਗੋਰੇ' ਹੁੰਦੇ ਹਨ। ਦਲੀਪ ਸਿੰਘ ਯਾਦ ਹੈ? ਦੋ ਸਾਲ ਪਹਿਲਾਂ ਅਮਰੀਕਾ ਦੇ ਸਾਬਕਾ ਡਿਪਟੀ ਕੌਮੀ ਸੁਰੱਖਿਆ ਸਲਾਹਕਾਰ- ਅਤੇ ਦਲੀਪ ਸਿੰਘ ਸੌਂਦ (ਅਮਰੀਕੀ ਕਾਂਗਰਸ ਲਈ ਚੁਣੇ ਜਾਣ ਵਾਲੇ ਪਹਿਲੇ ਸਿੱਖ ਤੇ ਪਹਿਲੇ ਭਾਰਤੀ-ਅਮਰੀਕੀ) ਦੇ ਪੋਤਰੇ ਨੇ ਮੋਦੀ ਸਰਕਾਰ ਨੂੰ ਆਖਿਆ ਸੀ ਕਿ ਜੇ ਯੂਕਰੇਨ 'ਤੇ ਰੂਸੀ ਹਮਲੇ ਦੇ ਮੱਦੇਨਜ਼ਰ ਉਨ੍ਹਾਂ ਅਮਰੀਕੀ ਪਾਬੰਦੀਆਂ ਦੀ ਉਲੰਘਣਾ ਕਰ ਕੇ ਸਸਤਾ ਰੂਸੀ ਤੇਲ ਖਰੀਦਿਆ ਤਾਂ ਭਾਰਤ ਨੂੰ ਇਸ ਦੇ 'ਸਿੱਟੇ' ਭੁਗਤਣੇ ਪੈਣਗੇ। ਉਸ ਵਕਤ ਦਲੀਪ ਸਿੰਘ ਦੀਆਂ ਟਿੱਪਣੀਆਂ ਤੋਂ ਭਾਰਤੀ ਅਧਿਕਾਰੀ ਖਾਸੇ ਪ੍ਰੇਸ਼ਾਨ ਹੋ ਗਏ ਸਨ ਅਤੇ ਅਮਰੀਕੀਆਂ ਨੂੰ ਇਹ ਕਹਿਣ ਲਈ ਮਜਬੂਰ ਹੋਏ ਸਨ ਕਿ ਜੇ ਉਹ 'ਖੁੱਲ੍ਹ' ਕੇ ਗੱਲਾਂ ਕਰਨਾ ਚਾਹੁੰਦੇ ਹਨ ਤਾਂ ਇਹ ਕੰਮ ਪ੍ਰਾਈਵੇਟ ਤੌਰ 'ਤੇ ਕਰਨਾ ਪਵੇਗਾ। ਬਿਨ੍ਹਾਂ ਸ਼ੱਕ, ਦਲੀਪ ਸਿਰੇ ਦਾ 'ਕੋਕੋਨਟ' ਅਖਵਾਉਣ ਦਾ ਹੱਕਦਾਰ ਹੈ ਜੋ ਆਪਣੇ ਵਰਗੇ ਦਿਸਦੇ ਲੋਕਾਂ ਪ੍ਰਤੀ ਸੰਵੇਦਨਸ਼ੀਲਤਾ ਵਰਤਣ ਤੋਂ ਅਸਮੱਰਥ ਹੈ।

ਬਿਨਾਂ ਸ਼ੱਕ, ਸਾਨੂੰ ਵਿਦੇਸ਼ ਵਿੱਚ ਭਾਰਤੀਆਂ ਦੀਆਂ ਪ੍ਰਾਪਤੀਆਂ ਦਾ ਜਸ਼ਨ ਮਨਾਉਣਾ ਚਾਹੀਦਾ ਹੈ। 1917 ਦਾ ਏਸ਼ਿਆਟਿਕ ਬਾਰਡ ਜ਼ੋਨ ਐਕਟ ਜਿਸ ਤਹਿਤ ਅਮਰੀਕਾ ਵਿਚ ਭਾਰਤੀਆਂ ਦੇ ਦਾਖ਼ਲੇ 'ਤੇ ਪਾਬੰਦੀ ਲਾਈ ਗਈ ਸੀ, ਹਟਣ ਤੋਂ ਬਾਅਦ ਪਿਛਲੇ 100 ਕੁ ਸਾਲਾਂ ਦੌਰਾਨ ਭਾਰਤੀ-ਅਮਰੀਕੀ ਭਾਈਚਾਰਾ ਉੱਥੋਂ ਦਾ ਸਭ ਤੋਂ ਸਫਲ ਭਾਈਚਾਰਾ ਬਣ ਗਿਆ ਹੈ ਜਿਸ ਦੀ ਸੰਖਿਆ 50 ਲੱਖ ਦੇ ਕਰੀਬ ਪਹੁੰਚ ਚੁੱਕੀ ਹੈ। ਜਦੋਂ ਐਕਸ 'ਤੇ @TheR-abibtHole84 ਨਾਂ ਦੇ ਹੈਂਡਲ ਨੇ ਇਹ ਟਿੱਪਣੀ ਕੀਤੀ ਸੀ ਕਿ ਭਾਰਤੀ ਅਮਰੀਕੀਆਂ ਦੀ ਔਸਤਨ ਆਮਦਨ 119,858 ਡਾਲਰ 'ਤੇ ਪਹੁੰਚ ਗਈ ਹੈ ਜੋ ਚੀਨੀਆਂ, ਜਪਾਨੀਆਂ ਤੇ ਪਾਕਿਸਤਾਨੀਆਂ ਸਣੇ ਸਾਰੇ ਏਸ਼ਿਆਈ ਭਾਈਚਾਰਿਆਂ ਨਾਲੋਂ ਵੱਧ ਹੈ ਤਾਂ ਐਲਨ ਮਸਕ ਨੇ ਵੀ ਇਸ ਨੂੰ ਰੀਟਵੀਟ ਕੀਤਾ ਸੀ। ਸੁੰਦਰ ਪਿਚਾਈ ਦੀ ਅਲਫਾਬੈਟ ਅਤੇ ਸਤਿਆ ਨਾਡੇਲਾ ਦੀ ਮਾਈਕਰੋਸਾਫਟ ਅਮਰੀਕਾ ਦੀਆਂ ਦਸ ਸਭ ਤੋਂ ਵੱਡੀਆਂ ਅਮਰੀਕੀ ਕੰਪਨੀਆਂ ਵਿੱਚ ਸ਼ੁਮਾਰ ਹਨ। ਪਰਵਾਸੀ ਭਾਈਚਾਰੇ ਦੀ ਕਹਾਣੀ ਕਾਫ਼ੀ ਪੇਚੀਦਾ ਬਣੀ ਹੋਈ ਹੈ। ਪਰਵਾਸੀਆਂ ਦੇ ਮਨਾਂ ਵਿੱਚ ਭਾਵੇਂ ਮਾਦਰੇ-ਵਤਨ ਲਈ ਬਹੁਤ ਜ਼ਿਆਦਾ ਪਿਆਰ ਉਮੜਦਾ ਹੈ ਪਰ ਉਨ੍ਹਾਂ ਦੇ ਪੈਰ ਅਮਰੀਕੀ ਜ਼ਮੀਨ 'ਚ ਪੂਰੀ ਤਰ੍ਹਾਂ ਜੰਮੇ ਹੋਏ ਹਨ। ਬਹੁਤੇ ਪਰਵਾਸੀ ਆਪਣੀਆਂ ਦੋਵੇਂ ਕਿਸਮ ਦੀਆਂ ਪਛਾਣਾਂ ਅਤੇ ਭਾਵਨਾਵਾਂ ਨੂੰ ਦਰਸਾਉਣ ਵਿੱਚ ਕਾਮਯਾਬ ਹੁੰਦੇ ਹਨ ਜਿਸ ਦਾ ਪ੍ਰਮਾਣ ਕਰਨ ਜੌਹਰ ਦੀਆਂ ਕਈ ਫਿਲਮਾਂ ਤੋਂ ਮਿਲਦਾ ਹੈ। ਸਮੱਸਿਆ ਉਦੋਂ ਪੈਦਾ ਹੁੰਦੀ ਹੈ ਜਦੋਂ ਭਾਰਤੀ ਵਿਦੇਸ਼ ਵਿੱਚ ਬੈਠੇ ਆਪਣੇ ਹਮਵਤਨੀਆਂ ਨਾਲ ਆਪਣੇ ਆਪ ਨੂੰ ਜੋੜਨ ਲੱਗ ਪੈਂਦੇ ਹਨ ਅਤੇ ਇਹ ਸੋਚਣ ਲੱਗ ਪੈਂਦੇ ਹਨ ਕਿ ਉਹ ਅਜੇ ਵੀ ਉਨ੍ਹਾਂ ਦੇ ਆਪਣੇ ਪਿੰਡ ਦਾ ਹੀ ਹਿੱਸਾ ਹਨ-ਫਿਰ ਭਾਵੇਂ ਉਹ ਪਿੰਡ ਦੇਸ਼ ਦੇ ਕਿਸੇ ਵੀ ਹਿੱਸੇ ਜਾਂ ਸ਼ਾਇਦ ਕਿਸੇ ਵੱਖਰੇ ਦੌਰ ਦਾ ਹੀ ਕਿਉਂ ਨਾ ਹੋਵੇ।

ਇਹ ਉਵੇਂ ਹੀ ਹੈ ਜਿਵੇਂ ਕੋਈ ਪੇਂਡੂ ਬੰਦਾ ਇਹ ਆਖੇ ਕਿ ਉਸ ਨੂੰ ਸ਼ਹਿਰ ਵਿੱਚ ਆਪਣੇ 'ਜਾਤ ਭਾਈ' ਦੇ ਘਰ ਵਿੱਚ ਰਹਿਣ ਦਾ ਹੱਕ ਹੈ। ਦਰਅਸਲ, ਜਿਵੇਂ ਇਸ ਵੇਲੇ ਊਸ਼ਾ ਵੈਂਸ ਅਤੇ ਇਸ ਤੋਂ ਪਹਿਲਾਂ ਕਮਲਾ ਹੈਰਿਸ ਦੇ ਵੱਡ-ਵਡੇਰਿਆਂ ਨੂੰ ਭਾਲਣ ਲਈ ਪੱਤਰਕਾਰ ਜੁਟੇ ਹੋਏ ਹਨ, ਉਹ ਹੋਰ ਕੁਝ ਵੀ ਨਹੀਂ ਸਗੋਂ ਉਸ ਪੇਂਡੂ ਆਦਮੀ ਦੀ ਭਾਵਨਾ ਦਾ ਹੀ ਵਿਸਥਾਰ ਹੈ। ਬਿਨਾਂ ਸ਼ੱਕ, ਅਸੀਂ ਜਜ਼ਬਾਤੀ ਲੋਕ ਹਾਂ ਅਤੇ ਜਜ਼ਬਿਆਂ ਤੇ ਉਤਸਾਹ ਤੋਂ ਬਗ਼ੈਰ ਜ਼ਿੰਦਗੀ ਦੇ ਮਾਇਨੇ ਵੀ ਕੀ ਹਨ; ਸਮੱਸਿਆ ਉਦੋਂ ਹੁੰਦੀ ਹੈ ਜਦੋਂ ਸਾਡੇ ਨਿਰਖ ਪਰਖ ਤੇ ਫ਼ੈਸਲਿਆਂ ਉੱਪਰ ਭਾਵੁਕਤਾ ਭਾਰੂ ਹੋ ਜਾਂਦੀ ਹੈ।

ਇਵੇਂ ਹੀ ਰਿਸ਼ੀ ਸੁਨਕ ਲੰਡਨ ਵਿਚ 'ਸਾਡਾ ਬੰਦਾ' ਬਣ ਜਾਂਦਾ ਹੈ ਹਾਲਾਂਕਿ ਉਸ ਦੇ ਦਾਦੇ ਹੁਰੀਂ ਭਾਰਤ ਛੱਡ ਕੇ ਪਹਿਲਾਂ ਕੀਨੀਆ ਚਲੇ ਗਏ ਸਨ। ਸਿੰਗਾਪੁਰ ਦੇ ਰਾਸ਼ਟਰਪਤੀ ਥਰਮਨ ਸ਼ਾਨਮੁਗਾਰਤਨਮ ਭਾਵੇਂ ਜਾਫਨਾ ਦੇ ਤਮਿਲ ਮੂਲ ਦੇ ਹਨ ਪਰ ਉਨ੍ਹਾਂ ਦਾ ਵੀ ਭਾਰਤ ਨਾਲ ਖ਼ਾਸ ਰਿਸ਼ਤਾ ਹੈ; ਤੇ ਆਇਰਲੈਂਡ ਦੇ ਸਾਬਕਾ ਤਾਓਸੀਚ (ਪ੍ਰਧਾਨ ਮੰਤਰੀ) ਲੀਓ ਵਰਾਡਕਰ ਦਾ ਤਾਣਾ ਪੇਟਾ 'ਆਮਚੀ ਮੁੰਬਈ' ਨਾਲ ਜੁੜਦਾ ਹੈ।

ਕਈ ਵਾਰ ਗੱਲ ਬੇਸੁਆਦੀ ਵੀ ਹੋ ਜਾਂਦੀ ਹੈ। ਗੁਆਨਾ ਦੇ ਰਾਸ਼ਟਰਪਤੀ ਮੁਹੰਮਦ ਇਰਫ਼ਾਨ ਅਲੀ ਜਾਂ ਸੂਰੀਨਾਮ ਦੇ ਰਾਸ਼ਟਰਪਤੀ ਚੰਦ੍ਰਿਕਾਪ੍ਰਸ਼ਾਦ ਸੰਤੋਖੀ ਜਾਂ ਸੈਸ਼ੇਲਜ਼ ਦੇ ਰਾਸ਼ਟਰਪਤੀ ਵੇਵਲ ਰਾਮਕਲਾਵਨ ਦਾ ਕਿਸੇ ਨੂੰ ਚਿੱਤ-ਚੇਤਾ ਵੀ ਨਹੀਂ ਹੈ ਜੋ ਅੰਗਰੇਜ਼ਾਂ ਦੀਆਂ ਬਸਤੀਆਂ ਵਿਚ ਭੇਜੇ ਗਏ ਭਾਰਤੀ ਬੰਧੂਆਂ ਮਜ਼ਦੂਰਾਂ ਦੇ ਵੰਸ਼ਜ ਹਨ। ਸਰਕਾਰੀ ਅੰਕੜਿਆਂ ਮੁਤਾਬਿਕ ਭਾਰਤੀ ਮੂਲ ਦੇ 3.12 ਕਰੋੜ ਲੋਕ ਵਿਦੇਸ਼ਾਂ ਵਿੱਚ ਵਸੇ ਹੋਏ ਹਨ ਪਰ ਇਨ੍ਹਾਂ 'ਚੋਂ ਦੱਖਣੀ ਏਸ਼ੀਆ ਦੇ ਹੋਰਨਾਂ ਦੇਸ਼ਾਂ ਵਿੱਚ ਵੱਸਣ ਵਾਲੇ ਲੋਕ ਸ਼ਾਮਿਲ ਨਹੀਂ ਹਨ ਪਰ ਸਚਾਈ ਇਹ ਹੈ ਕਿ ਅਸੀਂ ਉਦੋਂ ਹੀ ਕੱਛਾਂ ਵਜਾਉਂਦੇ ਹਾਂ ਜਦੋਂ ਪੱਛਮ ਦੇ ਕਿਸੇ ਦੇਸ਼ ਤੋਂ ਉਨ੍ਹਾਂ ਦੀ ਸਫਲਤਾ ਜਾਂ ਪ੍ਰਾਪਤੀ ਦੀ ਖ਼ਬਰ ਆਉਂਦੀ ਹੈ।

ਸਚਾਈ ਦਾ ਉਲਟ ਪਾਸਾ ਵੀ ਹੈ। ਅਸੀਂ ਆਪਣੀ 5000 ਸਾਲ ਪੁਰਾਣੀ ਸੱਭਿਆਚਾਰਕ ਵਿਰਾਸਤ ਨੂੰ ਹਥਿਆਰ ਦੇ ਤੌਰ 'ਤੇ ਇਸਤੇਮਾਲ ਕਰ ਕੇ ਕਿਸੇ 'ਵਿਦੇਸ਼ੀ' ਖ਼ਾਸਕਰ ਜੇ ਕੋਈ ਗੋਰਾ ਹੋਵੇ, ਦੀ ਨੁਕਤਾਚੀਨੀ ਕਰਨ ਦਾ ਮਜ਼ਾ ਲੈਂਦੇ ਰਹਿੰਦੇ ਹਾਂ ਤੇ ਸਹਿਜ ਹੀ ਇਸ ਤੋਂ ਮੁਨਕਰ ਹੋ ਜਾਂਦੇ ਹਾਂ ਕਿ ਅਸਲ ਵਿਚ ਇਸ ਤਰ੍ਹਾਂ ਦੁਨੀਆ ਅੰਦਰ ਆਪਣੇ ਮੁਕਾਮ ਪ੍ਰਤੀ ਆਪਣੀ ਅਸੁਰੱਖਿਆ ਨੂੰ ਨੰਗਾ ਕਰ ਰਹੇ ਹੁੰਦੇ ਹਾਂ। ਕਾਂਗਰਸ ਆਗੂ ਜੈਰਾਮ ਰਮੇਸ਼ ਨੇ ਇੱਕ ਵਾਰ ਇਸ ਧਰਮ ਸੰਕਟ ਨੂੰ ਬਾਖ਼ੂਬੀ ਚਿਤਰਿਆ ਸੀ। ਉਸ ਦਾ ਤੁਣਕਾ ਸੀ, "ਯੈਂਕੀ ਗੋਅ ਹੋਮ, ਬਟ ਟੇਕ ਮੀ ਵਿਦ ਯੂ" (ਭਾਵ ਅਮਰੀਕਨੋ ਆਪਣੇ ਦੇਸ਼ ਵਾਪਸ ਜਾਓ ਪਰ ਜਾਂਦੇ ਹੋਏ ਸਾਨੂੰ ਆਪਣੇ ਨਾਲ ਲੈ ਜਾਓ)। ਕਹਾਣੀ ਦਾ ਸਾਰ ਇਹ ਹੈ ਕਿ ਊਸ਼ਾ ਵੈਂਸ ਅਤੇ ਕਮਲਾ ਹੈਰਿਸ ਦੀ ਵਡਿਆਈ 'ਚ ਦਾਗ਼ ਹੈ ਪਰ ਅਸੀਂ ਉਸ ਨੂੰ ਇਸ ਲਿਹਾਜ਼ ਤੋਂ ਦੇਖ ਹੀ ਨਹੀਂ ਰਹੇ।

## ਬੇਅਦਬੀ ਦੇ ਦੋਸ਼ੀਆਂ ਨੂੰ ਮਿਲਣਗੀਆਂ ਮਿਸਾਲੀ ਸਜ਼ਾਵਾਂ: ਮੁੱਖ ਮੰਤਰੀ

ਹੁਸ਼ਿਆਰਪੁਰ– ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਮਿਸਾਲੀ ਸਜ਼ਾਵਾਂ ਮਿਲਣਗੀਆਂ। ਇੱਥੇ ਸੂਬਾ ਪੱਧਰੀ ਵਣ ਮਹਾਉਤਸਵ ਸਮਾਗਮ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਬੇਅਦਬੀ ਕਾਂਡ ਬਾਰੇ ਸਬੂਤ ਇਕੱਠੇ ਕਰ ਰਹੀ ਹੈ ਅਤੇ ਜਿਸ ਦਿਨ ਸਾਰੇ ਸਬੂਤ ਮਿਲ ਗਏ, ਕਥਿਤ ਦੋਸ਼ੀ ਸਲਾਖਾਂ ਪਿੱਛੇ ਹੋਣਗੇ। ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸੁਖਬੀਰ ਸਿੰਘ ਬਾਦਲ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਦਿੱਤੇ ਮੁਆਫ਼ੀਨਾਮੇ ਦੇ ਸੰਦਰਭ ਵਿੱਚ ਉਨ੍ਹਾਂ ਕਿਹਾ ਕਿ ਗਲਤੀਆਂ ਮੁਆਫ਼ ਕੀਤੀਆਂ ਜਾ ਸਕਦੀਆਂ ਹਨ, ਪਰ ਗੁਨਾਹ ਨਹੀਂ। ਉਨ੍ਹਾਂ ਕਿਹਾ ਕਿ ਬੇਅਦਬੀ ਵਰਗੇ ਬੱਜਰ ਗੁਨਾਹ ਕਰਨ ਵਾਲਿਆਂ ਨੂੰ ਲੋਕਾਂ ਦੀ ਕਚਹਿਰੀ ਵਿੱਚ ਪਹਿਲਾਂ ਹੀ ਸਜ਼ਾ ਮਿਲ ਚੁੱਕੀ ਹੈ, ਹੁਣ ਉਨ੍ਹਾਂ ਨੂੰ ਕਾਨੂੰਨੀ ਤੌਰ 'ਤੇ ਸਜ਼ਾ ਮਿਲੇਗੀ। ਉਨ੍ਹਾਂ ਕਿਹਾ ਕਿ ਜਿਹੜੇ ਬਗ਼ਾਵਤੀ ਅਕਾਲੀ ਆਗੂ ਹੁਣ ਗਲਤੀਆਂ ਮੰਨ ਰਹੇ ਹਨ, ਉਹ ਪਹਿਲਾਂ ਚੁੱਪ ਕਿਉਂ ਰਹੇ? ਉਨ੍ਹਾਂ ਕਿਹਾ ਕਿ ਜੇ ਆਪਣੇ ਘਰ ਵਿੱਚ ਹੀ ਆਪਣੇ ਗੁਰੂਆਂ ਦੀ ਬੇਅਦਬੀ ਹੋਵੇਗੀ ਤਾਂ ਬੇਗਾਨੀ ਧਰਤੀ 'ਤੇ ਇਨ੍ਹਾਂ ਦੀ ਰੱਖਿਆ ਕਿਵੇਂ ਹੋਵੇਗੀ? ਉਨ੍ਹਾਂ ਕਿਹਾ ਕਿ ਮਗਰਮੱਛ ਦੇ ਹੰਝੂ ਵਹਾ ਕੇ ਇਹ ਆਗੂ ਦੋਸ਼-ਮੁਕਤ ਨਹੀਂ ਹੋ ਸਕਦੇ। ਮੁੱਖ ਮੰਤਰੀ ਸ੍ਰੀ ਮਾਨ ਨੇ ਕਿਹਾ ਕਿ ਬੰਗਲਾਦੇਸ਼ 'ਚ ਜਿਵੇਂ 15 ਸਾਲਾਂ ਤੋਂ ਰਾਜ ਕਰ ਰਹੀ ਪ੍ਰਧਾਨ ਮੰਤਰੀ ਨੂੰ ਦੇਸ਼ ਛੱਡਣ ਲਈ ਮਜਬੂਰ ਹੋਣਾ ਪਿਆ ਹੈ, ਉਸ ਤੋਂ ਸਿਆਸਤਦਾਨਾਂ ਨੂੰ ਸਬਕ ਸਿੱਖਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਤਾਨਾਸ਼ਾਹੀ ਬਹੁਤਾ ਚਿਰ ਨਹੀਂ ਚੱਲਦੀ। ਲੋਕਾਂ ਦਾ ਸਬਰ ਦਾ ਪਿਆਲਾ ਜਦੋਂ ਭਰ ਜਾਂਦਾ ਹੈ ਤਾਂ ਉਹੀ ਕੁੱਝ ਹੁੰਦਾ ਹੈ ਜੋ ਬੰਗਲਾਦੇਸ਼ ਵਿਚ ਹੋਇਆ ਹੈ। ਉਨ੍ਹਾਂ ਕਿਹਾ ਕਿ ਇੱਥੋਂ ਇਹੀ ਸਬਕ ਮਿਲਦਾ ਹੈ ਕਿ ਲੋਕਾਂ ਵਿੱਚ ਰਹਿ ਕੇ ਉਨ੍ਹਾਂ ਦੇ ਕੰਮ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਰੈਲੀਆਂ 'ਚ 'ਮੋਦੀ-ਮੋਦੀ' ਦੇ ਨਾਅਰੇ ਲਗਵਾਉਣ ਲਈ ਕਿਰਾਏ 'ਤੇ ਬੰਦੇ ਲਿਜਾਏ ਜਾਂਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੀ ਭਲਾਈ ਲਈ ਮਿਸਾਲੀ ਕੰਮ ਕਰ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਗੁਰਬਾਣੀ ਦੀਆਂ ਸਿੱਖਿਆਵਾਂ 'ਤੇ ਅਮਲ ਕਰਦੇ ਹੋਏ ਵਾਤਾਵਰਨ ਨੂੰ ਬਚਾਉਣ ਦੇ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਬੂਟੇ ਲਗਾਉਣ ਦੀ ਮੁਹਿੰਮ 'ਚ ਸਰਕਾਰ ਦਾ ਸਾਥ ਦਿੱਤਾ ਜਾਵੇ। ਉਨ੍ਹਾਂ ਦੱਸਿਆ ਕਿ ਚਾਲੂ ਮਾਲੀ ਸਾਲ ਦੌਰਾਨ ਸੂਬੇ ਭਰ ਵਿੱਚ ਤਿੰਨ ਕਰੋੜ ਪੌਦੇ ਲਗਾਉਣ ਦਾ ਟੀਚਾ ਹੈ।

# ਫਰੀਮਾਂਟ ਦੇ ਮੇਅਰ ਦੀ ਚੋਣ ਲਈ ਰਾਜ ਸਲਵਾਨ ਉਮੀਦਵਾਰ



ਫਰੀਮਾਂਟ– ਪਿਛਲੇ ਹਫਤੇ ਮੇਅਰ ਦੀ ਚੋਣ 'ਚ ਹਿੱਸਾ ਲੈਣ ਲਈ ਸ੍ਰੀ ਰਾਜ ਸਲਵਾਨ ਨੇ ਹੇਵਰਡ ਦੇ 'ਮਾਉਂਟੇਨ ਮਾਈਕ ਪੀਜ਼ਾ' ਤੇ ਪੰਜਾਬੀ ਭਾਈਚਾਰੇ ਨਾਲ ਮੁਲਾਕਾਤ ਕੀਤੀ। ਇਸ ਪ੍ਰੋਗਰਾਮ ਨੂੰ ਸ. ਸੁਖਵੰਤ ਸਿੰਘ ਢਿੱਲੋਂ ਦੇ ਸਹਿਯੋਗ ਨਾਲ ਉਲੀਕਿਆ ਗਿਆ ਤੇ ਰਾਜ ਸਲਵਾਨ ਹੁਰਾਂ ਦੇ ਨਾਲ ਹੀ ਸ੍ਰੀ ਵਿਨੋਦ ਕੁਮਾਰ ਨੇ ਨਿਊਆਰਕ ਦੇ ਕਾਉਂਸਿਲ ਮੈਂਬਰ ਦੀ ਚੋਣ ਲਈ ਉਮੀਦਵਾਰ ਵਜੋਂ ਪੇਸ਼ ਕੀਤਾ।



ਡਾ. ਹਰਮੇਸ਼ ਕੁਮਾਰ ਹੁਰਾਂ ਨੇ ਵੀ ਕਾਉਂਸਿਲ ਮੈਂਬਰ ਦੀ ਚੋਣ ਲੜਨ ਦਾ ਐਲਾਨ ਕੀਤਾ। ਸੁਖਵੰਤ ਸਿੰਘ ਢਿੱਲੋਂ ਨੇ ਸਾਰੇ ਆਏ ਹੋਏ ਸੱਜਣਾਂ-ਮਿੱਤਰਾਂ ਨੂੰ ਆਪਣੇ ਇਹਨਾਂ ਉਮੀਦਵਾਰਾਂ ਨੂੰ ਵੋਟ ਦੇ ਕੇ ਕਾਮਯਾਬ ਕਰਨ ਦੀ ਅਪੀਲ ਕੀਤੀ।

ਸ੍ਰੀ ਵਿਨੋਦ ਕੁਮਾਰ ਨੇ ਆਪਣੇ ਭਾਸ਼ਣ 'ਚ ਸਾਰਿਆਂ ਨੂੰ ਮਿਲ ਕੇ ਕੰਮ ਕਰਨ ਦੀ ਬੇਨਤੀ ਕੀਤੀ ਤੇ ਅਮਰੀਕਾ ਦੇ ਸੰਵਿਧਾਨ ਵਿਚ ਵਿਸ਼ਵਾਸ ਰੱਖ ਕੇ ਕੰਮ ਕਰਨ ਦੀ ਗੱਲ ਕੀਤੀ। ਅਵਤਾਰ ਸਿੰਘ ਤਾਰੀ ਵੱਲੋਂ ਬੱਚਿਆਂ ਲਈ ਫੁਟਬਾਲ (ਸਾਕਰ), ਹਾਕੀ ਦੇ ਮੈਦਾਨ, ਜੋ ਏਸ਼ੀਅਨ ਬੱਚਿਆਂ ਰਾਹੀਂ ਸੌਖਿਆਂ ਹੀ ਰਜਿਸਟਰ ਕੀਤੀ ਜਾ ਸਕੇ, ਨੂੰ ਬਣਾਉਣ ਦੀ ਮੰਗ ਰੱਖੀ। ਮਨਜੀਤ ਗਿੱਲ ਨੇ ਰਾਜ ਸਲਵਾਨ ਨੂੰ ਵੋਟਾਂ ਪਾ ਕੇ ਕਾਮਯਾਬ ਕਰਨ ਦੀ ਅਪੀਲ ਕੀਤੀ ਤੇ ਦੱਸਿਆ ਕਿ ਉਹ ਰਾਜ ਸਲਵਾਨ ਨੂੰ ਬਹੁਤ ਸਾਲਾਂ ਤੋਂ ਜਾਣਦੇ ਹਨ।

ਡਾ. ਹਰਮੇਸ਼ ਕੁਮਾਰ ਨੇ ਸ਼ਹਿਰਾਂ 'ਚ ਬੇਘਰਿਆਂ ਦੀ ਹਰ ਕੋਨੇ 'ਚ ਖੜ੍ਹੇ ਹੋਣ ਦੀ ਗੱਲ ਤੇ ਕਿਹਾ ਕਿ ਇਸ ਦਾ ਹੱਲ ਜਲਦੀ ਹੀ ਹੋਣਾ ਚਾਹੀਦਾ ਹੈ।

ਹੇਵਰਡ ਦੇ ਮੇਅਰ ਮਾਰਕ ਸਲੀਨਾਸ ਨੇ ਇਸ ਮੌਕੇ 'ਤੇ ਕਿਹਾ ਕਿ ਅਸੀਂ ਮੈਕਸੀਕਨ/ਏਸ਼ੀਅਨ ਇਕੱਠੇ ਹੋ ਕੇ ਜੇ ਕੰਮ ਕਰਾਂਗੇ ਤਾਂ ਸਾਡੇ ਲੋਕਾਂ ਲਈ ਇਸ ਦੇ ਚੰਗੇ ਨਤੀਜੇ ਵੀ ਮਿਲ ਸਕਣਗੇ ਕਿਉਂਕਿ ਰਾਜ ਸਲਵਾਨ ਫਰੀਮਾਂਟ 'ਚ ਮੇਅਰ ਬਣਨਗੇ ਤੇ ਅਸੀਂ ਹੇਵਰਡ ਸ਼ਹਿਰ ਨਾਲ ਹੋਣ ਕਰਕੇ ਇਕੱਠੇ ਕੰਮ ਕਰ ਸਕਾਂਗੇ। ਗੈਰੀ ਸਿੰਘ ਨੇ ਯੂਨੀਅਨ ਸਿਟੀ ਦੀ ਮੇਅਰ ਚੋਣ ਲੜਨ ਦਾ ਇਰਾਦਾ ਦੁਹਰਾਇਆ ਤੇ ਆਪਣੇ ਭਾਈਚਾਰੇ ਨੂੰ ਹਰ ਬਣਦੀ ਸਹਾਇਤਾ ਦੇਣ ਦੀ ਗੱਲ ਕਹੀ।

ਅਖੀਰ 'ਚ ਮਾਉਂਟੇਨ ਮਾਈਕ ਦੇ ਮਾਲਕ ਅਵਤਾਰ ਸਿੰਘ ਤਾਰੀ ਵੱਲੋਂ ਸਾਰਿਆਂ ਵਾਸਤੇ ਪੀਜ਼ਾ ਤੇ ਸੋਡੇ ਦਾ ਇੰਤਜ਼ਾਮ ਕੀਤਾ ਗਿਆ।

ਇਸ ਪ੍ਰੋਗਰਾਮ ਵਿਚ ਰਾਜ ਸਲਵਾਨ ਹੋਰਾਂ ਤੋਂ ਇਲਾਵਾ ਕਸ਼ਮੀਰ ਸਿੰਘ ਧੁੱਗਾ, ਮਨਜੀਤ ਵਿਰਕ, ਕਮਲ ਬੰਗਾ, ਕਮਲਜੀਤ ਸਿੰਘ ਅਟਵਾਲ, ਮਹਿੰਗਾ ਸਿੰਘ ਸਰਪੰਚ, ਮਨਜੀਤ ਸਿੰਘ ਸੰਧੂ, ਸੁਖਵੰਤ ਸਿੰਘ ਢਿੱਲੋਂ, ਅਵਨਿੰਦਰ ਸਿੰਘ (ਆਲ ਸਟੇਟ), ਮਨਜੀਤ ਗਿੱਲ, ਪ੍ਰਿੰਸੀਪਲ ਰਾਜਪਾਲ ਸਿੰਘ, ਮੱਖਣ ਬੈਂਸ (ਰਾਜਾ ਸਵੀਟਸ) ਅਤੇ ਅਮਰਜੀਤ ਸਿੱਧੂ, ਜਿਹਨਾਂ ਨੇ ਬਾਖੂਬੀ ਸਟੇਜ ਸਕੱਤਰ ਦਾ ਕੰਮ ਸੰਭਾਲਿਆ ਤੇ ਹੋਰ ਕਈ ਸੱਜਣ ਇਸ ਮੌਕੇ ਹਾਜਰ ਸਨ।

**– ਬਲਬੀਰ ਸਿੰਘ ਐਮ. ਏ.**


SINGH WORLD travel
Lycamobile Call the world for less
ria Money Transfer
AIRPORT DROP OFF AND PICKUP AVAILBLE
Money Transfer @ Special Rates
India and Pakistan!!!
Cell Phone Activation & Recharge Services
ਏਅਰਪੋਰਟ ਤੇ ਜਾਣ-ਆਉਣ ਲਈ ਗੱਡੀ ਦਾ ਵੀ ਪ੍ਰਬੰਧ ਹੈ
ਹੋਰ ਜਾਣਕਾਰੀ ਲਈ ਸੰਪਰਕ ਕਰੋ
SINGH WORLD TRAVEL
PH. 530-443-4865
Email: Info@singhworldtravel.com
1248 Franklin Ave. #A
Yuba City CA, 95991



SANSAR
AUTHENTIC INDIAN CUISINE



We do catering for all occassions
ਅਸੀਂ ਵੱਡੇ ਤੋਂ ਵੱਡੇ ਪ੍ਰੋਗਰਾਮ/ਪਾਰਟੀ ਲਈ ਕੇਟਰਿੰਗ ਦਾ ਪ੍ਰਬੰਧ ਕਰਦੇ ਹਾਂ
Santokh Singh Judge
925-487-4679
2220 First Street
Livermore, CA 94550
925-606-6191
www.SansarIndianCuisine.com
2610 S. Tracy Blvd
Tracy, CA 95376
209-834-2200
www.SansarTracy.com

# ਸੰਪਾਦਕੀ

## ਬੰਗਲਾਦੇਸ਼ 'ਚ ਫਿਰ ਅਸਥਿਰਤਾ

ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ ਜਿਸ ਤਰ੍ਹਾਂ ਹਫੜਾ-ਦਫੜੀ ਵਿਚ ਮੁਲਕ ਛੱਡ ਕੇ ਭਾਰਤ ਆਉਣ ਲਈ ਮਜਬੂਰ ਹੋਣਾ ਪਿਆ, ਉਸ ਤੋਂ ਇਹੀ ਪਤਾ ਲੱਗਦਾ ਹੈ ਕਿ ਹਾਲਾਤ ਕਿੰਨੇ ਕੁ ਉਨ੍ਹਾਂ ਦੇ ਖ਼ਿਲਾਫ਼ ਹੋ ਗਏ ਸਨ। ਇਸ ਨੂੰ ਇਸ ਤੋਂ ਵੀ ਸਮਝਿਆ ਜਾ ਸਕਦਾ ਹੈ ਕਿ ਉਨ੍ਹਾਂ ਦਾ ਅਸਤੀਫ਼ਾ ਮੰਗ ਰਹੇ ਮੁਜ਼ਾਹਰਾਕਾਰੀਆਂ ਨੇ ਉਨ੍ਹਾਂ ਦੇ ਸਰਕਾਰੀ ਘਰ 'ਚ ਘੁਸ ਕੇ ਭੰਨ-ਤੋੜ ਤਾਂ ਕੀਤੀ ਹੀ, ਉਨ੍ਹਾਂ ਦੇ ਪਿਤਾ ਤੇ ਬੰਗਲਾਦੇਸ਼ ਦੇ ਰਾਸ਼ਟਰ ਪਿਤਾ ਕਹੇ ਜਾਣ ਵਾਲੇ ਸ਼ੇਖ ਮੁਜੀਬ-ਉਰ-ਰਹਿਮਾਨ ਦੇ ਬੁੱਤ ਨੂੰ ਵੀ ਨੁਕਸਾਨ ਪਹੁੰਚਾਉਣ ਦੇ ਨਾਲ-ਨਾਲ ਉਨ੍ਹਾਂ ਦੇ ਨਾਂ 'ਤੇ ਬਣੇ ਅਜਾਇਬਘਰ ਨੂੰ ਵੀ ਸਾੜ ਦਿੱਤਾ।

ਸ਼ੇਖ ਹਸੀਨਾ ਦੇ ਪਲਾਇਨ ਕਰਦੇ ਹੀ ਫ਼ੌਜ ਨੇ ਸੱਤਾ ਸੰਭਾਲ ਲਈ ਤੇ ਮਿਲੀ-ਜੁਲੀ ਅੰਤਰਿਮ ਸਰਕਾਰ ਬਣਾਉਣ ਦਾ ਐਲਾਨ ਕਰ ਦਿੱਤਾ। ਸ਼ਾਇਦ ਫ਼ੌਜ ਇਸ ਦੀ ਤਿਆਰੀ ਪਹਿਲਾਂ ਤੋਂ ਹੀ ਕਰ ਰਹੀ ਸੀ। ਸ਼ੇਖ ਹਸੀਨਾ ਲਗਾਤਾਰ ਚੌਥੀ ਵਾਰ ਅਜਿਹੀਆਂ ਚੋਣਾਂ ਜ਼ਰੀਏ ਸੱਤਾ ਵਿਚ ਆਈ ਸੀ ਜਿਨ੍ਹਾਂ ਦਾ ਮੁੱਖ ਵਿਰੋਧੀ ਪਾਰਟੀਆਂ ਨੇ ਬਾਈਕਾਟ ਕੀਤਾ ਸੀ। ਸ਼ੇਖ ਹਸੀਨਾ ਨੇ ਕਿਉਂਕਿ ਆਪਣੇ ਲੰਬੇ ਸ਼ਾਸਨਕਾਲ 'ਚ ਬੰਗਲਾਦੇਸ਼ ਨੂੰ ਸਥਿਰਤਾ ਪ੍ਰਦਾਨ ਕੀਤੀ ਤੇ ਉਸ ਨੂੰ ਅੱਗੇ ਵਧਾਇਆ, ਇਸ ਲਈ ਉਨ੍ਹਾਂ ਦੀ ਸੱਤਾ ਨੂੰ ਕੋਈ ਖ਼ਤਰਾ ਨਹੀਂ ਦਿਸ ਰਿਹਾ ਸੀ ਪਰ ਕੁਝ ਸਮਾਂ ਪਹਿਲਾਂ ਰਾਖਵਾਂਕਰਨ ਵਿਰੁੱਧ ਵਿਦਿਆਰਥੀਆਂ ਵੱਲੋਂ ਸ਼ੁਰੂ ਹੋਇਆ ਅੰਦੋਲਨ ਉਨ੍ਹਾਂ ਲਈ ਮੁਸੀਬਤ ਬਣ ਗਿਆ।

ਇਸ ਅੰਦੋਲਨ ਨੂੰ ਜਲਦ ਹੀ ਸ਼ੇਖ ਹਸੀਨਾ ਦੇ ਸਾਰੇ ਵਿਰੋਧੀਆਂ ਤੇ ਨਾਲ ਹੀ ਅਜਿਹੇ ਕੱਟੜਪੰਥੀ ਸੰਗਠਨਾਂ ਨੇ ਵੀ ਸਮਰਥਨ ਦੇ ਦਿੱਤਾ ਜੋ ਪਾਕਿਸਤਾਨ ਦੀ ਕਠਪੁਤਲੀ ਮੰਨੇ ਜਾਂਦੇ ਹਨ। ਇਸ ਕਾਰਨ ਰਾਖਵਾਂਕਰਨ ਵਿਰੋਧੀ ਅੰਦੋਲਨ ਸੱਤਾ ਪਰਿਵਰਤਨ ਦੀ ਹਿੰਸਕ ਮੁਹਿੰਮ 'ਚ ਬਦਲ ਗਿਆ। ਹਾਲਾਂਕਿ ਸੁਪਰੀਮ ਕੋਰਟ ਨੇ ਰਾਖਵਾਂਕਰਨ ਵਿਚ ਭਾਰੀ ਕਟੌਤੀ ਕਰ ਦਿੱਤੀ ਪਰ ਵਿਰੋਧੀ ਸੰਤੁਸ਼ਟ ਨਹੀਂ ਹੋਏ। ਉਹ ਸ਼ੇਖ ਹਸੀਨਾ ਦਾ ਅਸਤੀਫ਼ਾ ਮੰਗਣ 'ਤੇ ਅੜ ਗਏ। ਰਾਖਵਾਂਕਰਨ ਵਿਰੋਧੀ ਅੰਦੋਲਨ ਦੌਰਾਨ ਵੱਡੇ ਪੈਮਾਨੇ 'ਤੇ ਹੋਈ ਹਿੰਸਾ ਅਤੇ ਉਸ 'ਚ ਤਿੰਨ ਕੁ ਸੌ ਲੋਕਾਂ ਦੇ ਮਾਰੇ ਜਾਣ ਕਾਰਨ ਸ਼ੇਖ ਹਸੀਨਾ ਦਾ ਅਕਸ ਇਕ ਤਾਨਾਸ਼ਾਹ ਸ਼ਾਸਕ ਵਾਲਾ ਬਣ ਗਿਆ ਅਤੇ ਪੱਛਮੀ ਦੇਸ਼ ਖ਼ਾਸ ਤੌਰ 'ਤੇ ਅਮਰੀਕਾ ਉਨ੍ਹਾਂ ਦੀ ਸਖ਼ਤ ਨਿੰਦਾ ਕਰਨ ਲੱਗਾ। ਅਮਰੀਕਾ ਉਨ੍ਹਾਂ ਦੀਆਂ ਨੀਤੀਆਂ ਤੋਂ ਪਹਿਲਾਂ ਤੋਂ ਹੀ ਖ਼ਫ਼ਾ ਸੀ ਕਿਉਂਕਿ ਉਹ ਮਨੁੱਖੀ ਅਧਿਕਾਰਾਂ ਅਤੇ ਲੋਕਤੰਤਰ 'ਤੇ ਉਸ ਦੀ ਨਸੀਹਤ ਸੁਣਨ ਨੂੰ ਤਿਆਰ ਨਹੀਂ ਸਨ। ਬੀਜਿੰਗ ਤੇ ਨਵੀਂ ਦਿੱਲੀ ਵਿਚਾਲੇ ਸੰਤੁਲਨ ਸੇਧਣ ਦੀ ਸ਼ੇਖ ਹਸੀਨਾ ਦੀ ਨੀਤੀ ਤੋਂ ਚੀਨ ਵੀ ਉਨ੍ਹਾਂ ਨਾਲ ਰੁੱਸਿਆ ਹੋਇਆ ਸੀ ਤੇ ਇਸੇ ਕਾਰਨ ਉਨ੍ਹਾਂ ਨੂੰ ਹਾਲੀਆ ਆਪਣਾ ਚੀਨ ਦੌਰਾ ਅੱਧ-ਵਿਚਾਲੇ ਛੱਡ ਕੇ ਆਉਣਾ ਪਿਆ ਸੀ। ਇਸ ਦਾ ਪੂਰਾ ਡਰ ਹੈ ਕਿ ਚੀਨ ਨੇ ਪਾਕਿਸਤਾਨੀ ਅਨਸਰਾਂ ਜ਼ਰੀਏ ਸ਼ੇਖ ਹਸੀਨਾ ਵਿਰੋਧੀ ਅੰਦੋਲਨ ਨੂੰ ਹਵਾ ਦਿੱਤੀ। ਉਨ੍ਹਾਂ ਦਾ ਸੱਤਾ ਤੋਂ ਬਾਹਰ ਹੋਣਾ ਭਾਰਤ ਲਈ ਚੰਗੀ ਖ਼ਬਰ ਨਹੀਂ ਕਿਉਂਕਿ ਉਹ ਨਵੀਂ ਦਿੱਲੀ ਪ੍ਰਤੀ ਦੋਸਤਾਨਾ ਰੁਖ਼ ਰੱਖਦੇ ਸਨ। ਜੇ ਫ਼ੌਜ ਦੇ ਗਲਬੇ ਵਾਲੀ ਅੰਤਰਿਮ ਸਰਕਾਰ ਚੀਨ ਦੇ ਪ੍ਰਭਾਵ ਵਿਚ ਕੰਮ ਕਰਦੀ ਹੈ ਤਾਂ ਇਹ ਭਾਰਤ ਲਈ ਹੋਰ ਜ਼ਿਆਦਾ ਚਿੰਤਾ ਵਾਲੀ ਗੱਲ ਹੋਵੇਗੀ। ਬੰਗਲਾਦੇਸ਼ 'ਚ ਇਕ ਅਰਸੇ ਤੋਂ ਭਾਰਤ ਵਿਰੋਧੀ ਤਾਕਤਾਂ ਸਰਗਰਮ ਹਨ। ਉਨ੍ਹਾਂ ਦਾ ਭਾਰਤ ਵਿਰੋਧੀ ਚਿਹਰਾ ਰਾਖਵਾਂਕਰਨ ਵਿਰੋਧੀ ਅੰਦੋਲਨ ਦੌਰਾਨ ਵੀ ਦਿਸਿਆ। ਇਹ ਠੀਕ ਨਹੀਂ ਕਿ ਹਿੰਸਕ ਪ੍ਰਦਰਸ਼ਨਕਾਰੀ ਹਾਲੇ ਵੀ ਹਿੰਦੂਆਂ ਤੇ ਭਾਰਤੀ ਅਦਾਰਿਆਂ ਨੂੰ ਨਿਸ਼ਾਨਾ ਬਣਾ ਰਹੇ ਹਨ। ਫਿਲਹਾਲ ਇਸ ਘਟਨਾ 'ਤੇ ਭਾਰਤ ਸਮੇਤ ਪੂਰੀ ਦੁਨੀਆ ਦੀ ਨਜ਼ਰ ਹੈ।

**-ਬਲਬੀਰ ਸਿੰਘ ਐਮ ਏ**

albir Singh M.A.
Editor in Chief & Publisher
e-mail: bsma54@gmail.com
Tel : 510-938-7771

36415 RUSCHIN DR. NEWARK, CA 94560

Sub Office - Bakersfield (CA)
209 Weedpatch HWY, Bakersfield (CA)
Manmit Saggu 661-900-7357
Tanjit Saggu 661-761-8795

Buta Ram joshi Staff Reporter, Fresno 559-803-0055

Sanjeev Garg Kali, Reporter Malwa Area, 96713-53789

RAJ BUDWAL
MEDIA PARTNER / REPRESENTATIVE
8350202@gmail.com 408-835-0202

Web designed www.pardestimes.com
by Aman Bansil 510-589-2245

The Pardes Times and people asociated with it are Not responsible for any claims made by the advertisers and don't endorse any product or services advertised in the Pardes Times. Please consult your attorney before, buying/hiring contracting through the ads published in the news paper. The Pardes Times is in business of selling spaces and claims made by advertisers are not tested/confirmed by an independent source.

# ਡੇਰਿਆਂ ਤੇ ਬਾਬਿਆਂ ਤੋਂ ਸਿੱਖਿਆ ਹੀ ਬਚਾ ਸਕਦੀ ਹੈ



ਗੁਰਬਚਨ ਜਗਤ

ਮੈਂ 1971 ਵਿੱਚ ਪੁਲਿਸ ਸੇਵਾ ਵਿੱਚ ਭਰਤੀ ਹੋ ਕੇ ਐੱਸਐੱਸਪੀ ਕਪੂਰਥਲਾ ਲੱਗਿਆ ਸਾਂ। ਕਿਸੇ ਹਫ਼ਤੇ ਦੇ ਅਖ਼ੀਰਲੇ ਦਿਨੀਂ ਆਪਣੇ ਪਿੰਡ ਗਿਆ ਹੋਇਆ ਸੀ ਅਤੇ ਮੈਨੂੰ ਆਸ ਸੀ ਕਿ ਸਵੇਰੇ ਆਰਾਮ ਨਾਲ ਉੱਠਾਂਗਾ ਤੇ ਫ਼ੁਰਸਤ ਨਾਲ ਦਿਨ ਬਿਤਾਵਾਂਗਾ ਪਰ ਸਾਡੇ ਪੁਰਾਣੇ ਸੀਰੀ ਨੇ ਮੈਨੂੰ ਸੁਵਖਤੇ ਹੀ ਜਗਾ ਦਿੱਤਾ ਤੇ ਦੱਸਿਆ ਕਿ ਲਾਗਲੇ ਪਿੰਡ ਪੁੱਛਾਂ ਦੇਣ ਦਾ ਕੰਮ ਕਰਨ ਵਾਲਾ ਜੀਤੂ ਜੱਟ ਮਿਲਣ ਆਇਆ ਹੈ। ਮੈਨੂੰ ਯਾਦ ਆਇਆ ਕਿ ਜੀਤੂ ਐਵੇਂ ਪੁੱਛਾਂ ਦੇਣ ਵਾਲਾ ਬੰਦਾ ਸੀ ਜੋ ਲੋਕਾਂ ਦੇ ਚੋਰੀ ਹੋਏ ਜਾਂ ਗੁਆਚੇ ਪਸ਼ੂ ਲੱਭਣ ਬਾਬਤ ਪੁੱਛਾਂ ਦਿਆ ਕਰਦਾ ਸੀ। ਘਾਬਰੇ ਹੋਏ ਜੀਤੂ ਨੇ ਮੈਨੂੰ ਦੱਸਿਆ ਕਿ ਉਸ ਦੀ ਹਵੇਲੀ 'ਚੋਂ ਬਲਦਾਂ ਦੀ ਜੋੜੀ ਚੋਰੀ ਹੋ ਗਈ ਹੈ। ਮੈਂ ਉਸ ਨੂੰ ਕਿਹਾ ਕਿ ਉਹ ਪੁਲੀਸ ਕੋਲ ਰਿਪੋਰਟ ਦਰਜ ਕਰਵਾਏ ਪਰ ਉਸ ਨੇ ਝਿਜਕਦੇ ਹੋਏ ਜਵਾਬ ਦਿੱਤਾ ਕਿ ਜੇ ਇਸ ਮਾਮਲੇ ਵਿੱਚ ਉਸ ਨੇ ਪੁਲੀਸ ਦੀ ਮਦਦ ਲਈ ਤਾਂ ਉਸ ਦਾ ਪੁੱਛਾਂ ਦੇਣ ਦਾ ਕਾਰੋਬਾਰ ਚੌਪਟ ਹੋ ਜਾਏਗਾ। ਖ਼ੈਰ, ਉਸ ਦੇ ਬਲਦ ਲੱਭ ਗਏ ਅਤੇ ਇਸ ਦੇ ਨਾਲ ਹੀ ਉਸ ਦੀ 'ਭੱਲ' ਵੀ ਬਣੀ ਰਹਿ ਗਈ। ਆਮ ਧਾਰਨਾ ਇਹੀ ਹੈ ਕਿ ਪੁੱਛਾਂ ਦੇਣ ਦਾ ਇਹ ਕਸਬ ਗ਼ਰੀਬ-ਗੁਰਬੇ ਅਤੇ ਅਨਪੜ੍ਹ ਲੋਕਾਂ ਤੱਕ ਹੀ ਸੀਮਤ ਹੈ ਪਰ ਮੈਂ ਤੁਹਾਡਾ ਇਹ ਭੁਲੇਖਾ ਦੂਰ ਕਰਨਾ ਚਾਹੁੰਦਾ ਹਾਂ। ਪੁਲੀਸ ਦੀ ਨੌਕਰੀ ਵਿੱਚ ਬਿਤਾਏ ਬਹੁਤ ਸਾਰੇ ਸਾਲਾਂ ਦੇ ਬਹੁਤ ਸਾਰੇ ਕਿੱਸੇ ਹਨ ਅਰਧ ਚਮਤਕਾਰੀ, ਅਰਧ ਸਿਆਸੀ, ਅਰਧ ਵਪਾਰੀ ਅਤੇ ਅਰਧ ਰੀਅਲ ਅਸਟੇਟ ਕਾਰੋਬਾਰੀ ਅਤੇ ਸਭ ਤੋਂ ਵਧ ਕੇ ਵੱਡਾ ਪ੍ਰਭਾਵ ਸਿਰਜਣ ਵਾਲੇ ਹੁੰਦੇ ਹਨ। ਗ਼ਰੀਬ ਲੋਕ ਉਨ੍ਹਾਂ ਕੋਲ ਰੋਜ਼ਮੱਰਾ ਗਰਜ਼ਾਂ ਲਈ ਜਾਂਦੇ ਹਨ, ਅਮੀਰ ਹੋਰ ਅਮੀਰ ਹੋਣ ਲਈ, ਸਿਆਸਤਦਾਨ ਵੋਟਾਂ ਹਥਿਆ ਕੇ ਸੱਤਾ ਦੇ ਆਸਣ ਤੱਕ ਪਹੁੰਚਣ ਲਈ ਜਾਂਦੇ ਹਨ। ਯਕੀਨ ਜਾਣਿਓ, ਜਿੰਨਾ ਵੱਡਾ ਕੋਈ ਡੇਰਾ ਹੁੰਦਾ ਹੈ, ਵੋਟਾਂ ਦੇ ਦਿਨਾਂ ਵਿਚ ਉੱਥੇ ਸਿਆਸਤਦਾਨਾਂ ਦੀ ਹਾਜ਼ਰੀ ਵੀ ਓਨੀ ਜ਼ਿਆਦਾ ਹੋਵੇਗੀ। ਇਹ ਨਾ ਸੋਚਣਾ ਕਿ ਮੈਂ ਕੋਈ ਵਧਾ ਚੜ੍ਹਾ ਕੇ ਗੱਲ ਕਰ ਰਿਹਾ ਹਾਂ। ਸੂਬਾਈ ਸੂਹੀਆ ਵਿਭਾਗ ਨੇ ਇਨ੍ਹਾਂ ਡੇਰਿਆਂ ਦੀ ਕੁੱਲ ਸੰਖਿਆ, ਉਨ੍ਹਾਂ ਦੇ ਸੰਭਾਵੀ ਸ਼ਰਧਾਲੂਆਂ ਅਤੇ ਵਿੱਤੀ ਹਿੱਸੇਦਾਰੀ ਦੇ ਵੇਰਵੇ ਇਕੱਤਰ ਕੀਤੇ ਸਨ। ਉਨ੍ਹਾਂ ਨੂੰ ਵਰਚਾਉਣ ਜਾਂ ਧਮਕਾਉਣ ਲਈ ਇਨ੍ਹਾਂ ਜਾਣਕਾਰੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਡੇਰਿਆਂ ਨੂੰ ਸੁਰੱਖਿਆ ਮੁਹੱਈਆ ਕਰਵਾਈ ਜਾਂਦੀ ਹੈ ਅਤੇ ਇਸ ਪੈਮਾਨੇ 'ਤੇ ਕਿਸੇ ਬਾਬੇ ਦਾ ਵਜ਼ਨ ਵਧਦਾ ਘਟਦਾ ਰਹਿੰਦਾ ਹੈ। ਹੁਣ ਇਹ ਬਾਬੇ ਆਪ ਚੋਣਾਂ ਲੜਨ ਲੱਗ ਪਏ ਹਨ ਤੇ ਇੰਝ ਸਿਆਸਤਦਾਨਾਂ ਲਈ ਖ਼ਤਰਾ ਬਣ ਰਹੇ ਹਨ। ਚੇਤੇ ਕਰੋ ਕਿ ਕਿਵੇਂ ਡਿਸਕੋ ਬਾਬੇ ਨੇ ਹਰਿਆਣੇ ਵਿੱਚ ਤਰਥੱਲੀ ਮਚਾਈ ਸੀ। ਉਹ ਆਪਣੀ ਮਰਜ਼ੀ ਨਾਲ ਜੇਲ੍ਹ ਜਾਂ ਫਿਰ ਆਸ਼ਰਮ ਜਾਂਦਾ ਹੈ। ਇਸ ਤੋਂ ਇਲਾਵਾ ਕਈ ਬਾਬਿਆਂ ਖ਼ਿਲਾਫ਼ ਬਲਾਤਕਾਰ ਅਤੇ ਹੱਤਿਆ ਦੇ ਦੋਸ਼



**ਪਾਠਕ ਇਸ ਭੁਲੇਖੇ 'ਚ ਨਾ ਰਹੇ ਕਿ ਇਹ ਸਿਰਫ਼ ਭਾਰਤ ਵਿੱਚ ਹੀ ਵਾਪਰ ਰਿਹਾ ਹੈ। ਦੁਨੀਆ ਦੇ ਇਤਿਹਾਸ ਵਿੱਚ ਅਜਿਹੇ ਕਈ ਮਾਮਲੇ ਹਨ ਜਿੱਥੇ ਇਸ ਤਰ੍ਹਾਂ ਦੇ ਬਾਬਿਆਂ ਨੇ ਆਪਣੇ ਮੰਤਵ ਪੂਰਨ ਲਈ ਅੰਧ-ਵਿਸ਼ਵਾਸ, ਭੈਅ ਤੇ ਗ਼ਰੀਬੀ ਦਾ ਫਾਇਦਾ ਚੁੱਕਿਆ ਹੈ। ਇਨ੍ਹਾਂ ਦੇ ਕਈ ਨਾਂ ਹਨ- ਝਾੜ-ਫੂਕ ਕਰਨ ਵਾਲਿਆਂ ਤੋਂ ਲੈ ਕੇ ਮੰਗੋਲ ਸ਼ਾਮਨ (ਜਾਦੂਗਰ), ਭੂਤ-ਚੁੜੇਲਾਂ ਕੱਢਣ ਵਾਲੇ ਤਬੀਬਾਂ ਤੋਂ ਲੈ ਕੇ ਰੈੱਡ ਇੰਡੀਅਨਜ਼, ਇੰਗਲੈਂਡ 'ਚ ਡਰੂਇਡ (ਪੁਰੋਹਿਤ), ਪੁਰਾਤਨ ਯੂਨਾਨ 'ਚ ਜੋਤਸ਼ੀ, ਸਭ ਇਸੇ ਲੜੀ ਦਾ ਹਿੱਸਾ ਹਨ- ਪਰ ਜਿਹੜੀ ਬੁਰਾਈ ਉਨ੍ਹਾਂ ਪੈਦਾ ਕੀਤੀ, ਉਹ ਪੂਰੇ ਇਤਿਹਾਸ 'ਚ ਇਕੋ-ਜਿਹੀ ਹੀ ਰਹੀ।**

ਪਰ ਮੈਂ ਸਿੱਧਾ ਮੁੱਦੇ 'ਤੇ ਆਉਂਦਾ ਹਾਂ। ਇਹ ਅਜਿਹੀ ਕਹਾਣੀ ਹੈ ਕਿ ਕਿਵੇਂ ਸਾਡੇ ਦੇਸ਼ ਦੇ ਤਰ੍ਹਾਂ-ਤਰ੍ਹਾਂ ਦੇ ਪਾਧੇ, ਓਝੇ, ਬਾਬੇ ਛੋਟੇ-ਮੋਟੇ ਜੁਗਾੜ ਭਿੜਾਉਂਦੇ-ਭਿੜਾਉਂਦੇ ਸੱਤਾ ਦੇ ਲੀਵਰਾਂ ਨੂੰ ਕੰਟਰੋਲ ਕਰਨ ਲੱਗ ਜਾਂਦੇ ਹਨ।

ਸਦੀ ਦੇ ਸ਼ੁਰੂ ਵਿੱਚ ਮੈਂ ਦੇਸ਼ ਦੇ ਪ੍ਰਮੁੱਖ ਬਲ ਦੇ ਮੁਖੀ ਵਜੋਂ ਦਿੱਲੀ ਵਿੱਚ ਤਾਇਨਾਤ ਸੀ। ਕੁਝ ਦਿਨਾਂ ਬਾਅਦ ਸੇਵਾਮੁਕਤ ਸੀਨੀਅਰ ਅਫਸਰ ਆਇਆ ਅਤੇ ਮੈਨੂੰ ਹਾਕਮਾਨਾ ਲਹਿਜੇ ਵਿੱਚ ਇੱਕ ਮਸ਼ਹੂਰ ਬਾਬੇ ਕੋਲ ਚੱਲਣ ਲਈ ਕਹਿਣ ਲੱਗਿਆ। ਮੈਂ ਉਨ੍ਹਾਂ ਨੂੰ ਦੱਸਿਆ ਕਿ ਮੈਂ ਉਸ ਬਾਬੇ ਨੂੰ ਜਾਣਦਾ ਹਾਂ ਜਿਸ ਕਰ ਕੇ ਮੈਂ ਉਨ੍ਹਾਂ ਦੇ ਨਾਲ ਨਹੀਂ ਜਾਵਾਂਗਾ। ਕਿਸੇ ਨੇ ਉਸ ਨੂੰ ਤਹਿਸੀਲ ਪੱਧਰ 'ਤੇ ਛੋਟੇ ਮੋਟੇ ਝੂਠ ਬੋਲ ਕੇ ਸਾਧਾਰਨ ਲੋਕਾਂ ਨੂੰ ਭਰਮਾਉਂਦੇ ਹੋਏ ਅਤੇ ਫਿਰ ਜ਼ਿਲ੍ਹਾ ਤੇ ਸੂਬਾਈ ਰਾਜਧਾਨੀ ਤੱਕ 'ਤਰੱਕੀ' ਕਰਦਿਆਂ ਦੇਖਿਆ ਸੀ। ਬਹੁਤੇ ਮੁਕਾਮੀ ਲੋਕ ਉਸ ਬਾਰੇ ਚੰਗੀ ਤਰ੍ਹਾਂ ਜਾਣਦੇ ਸੀ ਅਤੇ ਉਨ੍ਹਾਂ ਉਸ ਦੀ 'ਛੇੜ' ਵੀ ਪਾਈ ਹੋਈ ਸੀ। ਜਦੋਂ ਉਹ ਬਾਬਾ ਦਿੱਲੀ ਆ ਗਿਆ ਤਾਂ ਇਹ ਉਸ ਦਾ ਮਾਸਟਰ ਸਟਰੋਕ ਸੀ ਅਤੇ ਉਸ ਦੀ 'ਪ੍ਰਸਿੱਧੀ' ਫੈਲਣ ਕਰ ਕੇ ਉਸ ਦੇ ਹੱਥ ਸੋਨੇ ਦੀ ਖਾਣ ਲੱਗ ਗਈ ਸੀ। ਮੇਰੀ ਕੋਰੀ ਨਾਂਹ ਤੋਂ ਮੇਰਾ ਸਾਬਕਾ ਬੌਸ ਦੰਗ ਰਹਿ ਗਿਆ ਅਤੇ ਮੈਨੂੰ ਇਹ ਕਹਿ ਕੇ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ਕਿ ਬਾਬੇ ਨੇ ਮੈਨੂੰ ਖ਼ਾਸ ਤੌਰ 'ਤੇ ਯਾਦ ਕੀਤਾ ਸੀ। ਮੈਂ ਆਪਣੀ ਗੱਲ 'ਤੇ ਅੜਿਆ ਰਿਹਾ ਪਰ ਬਾਬੇ ਦੇ ਸਤਿਸੰਗਾਂ ਦਾ ਬਿਰਤਾਂਤ ਦੇਣਾ ਚਾਹੁੰਦਾ ਹਾਂ। ਸਾਡੀਆਂ ਏਜੰਸੀਆਂ ਇਨ੍ਹਾਂ ਬਾਬਤ ਬਾਖ਼ਬਰ ਕਰਦੀਆਂ ਰਹਿੰਦੀਆਂ ਹਨ। ਇਨ੍ਹਾਂ ਦੇ ਸਤਿਸੰਗਾਂ ਵਿਚ ਭਾਰਤ ਸਰਕਾਰ ਦੇ ਸੈਕਟਰੀਆਂ ਤੋਂ ਲੈ ਕੇ ਉਨ੍ਹਾਂ ਦੀਆਂ ਪਤਨੀਆਂ, ਕੇਂਦਰੀ ਮੰਤਰੀ ਅਤੇ ਹੋਰ ਆਹਲਾ ਦਰਜਾ ਅਫਸਰ 'ਹਾਜ਼ਰੀ' ਭਰਦੇ ਹਨ। ਭਲਾ, ਉਹ ਉੱਥੇ ਕੀ ਕਰਦੇ ਹੋਣਗੇ? ਇਨ੍ਹਾਂ 'ਚੋਂ ਕੁਝ ਨੱਕਚੜ੍ਹੀਆਂ 'ਮੇਮਸਾਬ੍ਹਣਾਂ' ਬਾਬੇ ਦੇ ਪੈਰ ਘੁੱਟਦੀਆਂ ਅਤੇ ਕੁਝ ਹੋਰ ਉਸ ਦੇ ਸਿਰ 'ਝੱਸਦੀਆਂ' ਰਹਿੰਦੀਆਂ ਸਨ। ਜਦੋਂ ਕੋਈ ਅੰਤਰ ਧਿਆਨ ਵੇਲੇ ਹੀ ਰਤਾ ਕੁ ਅੱਖਾਂ ਖੋਲ੍ਹ ਕੇ ਦੇਖਦਾ ਹੈ ਤਾਂ ਉਸ ਨੂੰ ਆਪਣੇ ਆਸੇ-ਪਾਸੇ ਚੱਲ ਰਹੇ ਵਰਤਾਰੇ ਦਾ ਚਾਨਣ ਹੋ ਜਾਂਦਾ ਹੈ।

ਇਹ ਤਾਂਤਰਿਕ/ਬਾਬੇ ਰਾਸ਼ਟਰੀ ਪੱਧਰ 'ਤੇ ਆਰਥਿਕ ਤੇ ਸਿਆਸੀ ਨੀਤੀ ਨਿਰਮਾਣ 'ਤੇ ਪ੍ਰਭਾਵ ਪਾਉਂਦੇ ਹਨ। ਦਿੱਲੀ ਦੇ ਇਸ ਉਸਤਾਦ ਨਾਲੋਂ ਉਚੇਰੇ ਪੱਧਰ ਦੇ ਵੀ ਕੁਝ ਤਾਂਤਰਿਕ ਬਾਬੇ ਕੰਮ ਕਰਦੇ ਸਨ ਜਿਨ੍ਹਾਂ ਦੀਆਂ ਮੁੰਦਰੀਆਂ ਨਾਲ ਜੜੀਆਂ ਉਂਗਲਾਂ 'ਤੇ ਲੋਕ ਨੱਚਦੇ ਸਨ। ਪੁਰਾਣੇ ਸਮਿਆਂ ਵਿੱਚ ਧੀਰੇਂਦਰ ਬ੍ਰਹਮਚਾਰੀ, ਮਹਾਰਿਸ਼ੀ ਮਹੇਸ਼ ਯੋਗੀ ਅਤੇ ਚੰਦਰਾਸਵਾਮੀ ਜਿਹੇ ਕੁਝ ਕੁ ਨਾਂ ਸੁੱਤੇ ਸਿਧ ਦਿਮਾਗ ਵਿੱਚ ਆ ਜਾਂਦੇ ਹਨ ਪਰ ਅੱਜ ਕੱਲ੍ਹ ਇਸ ਧਰਾਤਲ 'ਤੇ ਬਹੁਤ ਰੰਗਾਂ ਦੇ ਡੇਰੇ ਅਤੇ ਬਾਬੇ ਵਿਚਰ ਰਹੇ ਹਨ। ਕੁਝ ਪਿੰਡ ਪੱਧਰ ਦੇ ਬਾਬੇ ਹੁੰਦੇ ਹਨ; ਕਈ ਸ਼ਹਿਰ, ਸੂਬੇ, ਖੇਤਰੀ ਅਤੇ ਰਾਸ਼ਟਰੀ ਪੱਧਰ ਦੇ ਬਾਬੇ ਵੀ ਹੁੰਦੇ ਹਨ। ਇਨ੍ਹਾਂ 'ਚੋਂ ਜ਼ਿਆਦਾਤਰ ਆਇਦ ਹੋਏ ਹਨ ਜਿਨ੍ਹਾਂ ਲਈ ਜੇਲ੍ਹ ਹੀ ਆਸ਼ਰਮ ਬਣ ਗਈ ਹੈ।

ਪਾਠਕ ਇਸ ਭੁਲੇਖੇ 'ਚ ਨਾ ਰਹੇ ਕਿ ਇਹ ਸਿਰਫ਼ ਭਾਰਤ ਵਿੱਚ ਹੀ ਵਾਪਰ ਰਿਹਾ ਹੈ। ਦੁਨੀਆ ਦੇ ਇਤਿਹਾਸ ਵਿੱਚ ਅਜਿਹੇ ਕਈ ਮਾਮਲੇ ਹਨ ਜਿੱਥੇ ਇਸ ਤਰ੍ਹਾਂ ਦੇ ਬਾਬਿਆਂ ਨੇ ਆਪਣੇ ਮੰਤਵ ਪੂਰਨ ਲਈ ਅੰਧ-ਵਿਸ਼ਵਾਸ, ਭੈਅ ਤੇ ਗ਼ਰੀਬੀ ਦਾ ਫਾਇਦਾ ਚੁੱਕਿਆ ਹੈ। ਇਨ੍ਹਾਂ ਦੇ ਕਈ ਨਾਂ ਹਨ- ਝਾੜ-ਫੂਕ ਕਰਨ ਵਾਲਿਆਂ ਤੋਂ ਲੈ ਕੇ ਮੰਗੋਲ ਸ਼ਾਮਨ (ਜਾਦੂਗਰ), ਭੂਤ-ਚੁੜੇਲਾਂ ਕੱਢਣ ਵਾਲੇ ਤਬੀਬਾਂ ਤੋਂ ਲੈ ਕੇ ਰੈੱਡ ਇੰਡੀਅਨਜ਼, ਇੰਗਲੈਂਡ 'ਚ ਡਰੂਇਡ (ਪੁਰੋਹਿਤ), ਪੁਰਾਤਨ ਯੂਨਾਨ 'ਚ ਜੋਤਸ਼ੀ, ਸਭ ਇਸੇ ਲੜੀ ਦਾ ਹਿੱਸਾ ਹਨ- ਪਰ ਜਿਹੜੀ ਬੁਰਾਈ ਉਨ੍ਹਾਂ ਪੈਦਾ ਕੀਤੀ, ਉਹ ਪੂਰੇ ਇਤਿਹਾਸ 'ਚ ਇਕੋ-ਜਿਹੀ ਹੀ ਰਹੀ। ਰੂਸ ਵਿੱਚ ਰਾਸਪੂਤਿਨ (ਇਕ ਕਿਸਮ ਦਾ ਤਾਂਤਰਿਕ) ਸ਼ਾਸਕਾਂ ਦੀ ਸੱਤਾ ਨੂੰ ਮਾੜੇ ਸਾਏ ਤੋਂ ਬਚਾਉਂਦਾ ਹੈ। ਜਦੋਂ ਕੋਈ 'ਰਾਸਪੂਤਿਨ' ਜਾਂ ਸਾਧ ਚੋਟੀ 'ਤੇ ਪਹੁੰਚ ਜਾਂਦਾ ਹੈ ਤਾਂ ਉਸ ਜਿਹੇ ਕਈ ਹੋਰ ਬੂਬਨੇ ਖੁੰਭਾਂ ਵਾਂਗ ਵਧਣੇ ਸ਼ੁਰੂ ਹੋ ਜਾਂਦੇ ਹਨ।

ਵੀਹਵੀਂ ਸਦੀ ਦੀ ਸ਼ੁਰੂਆਤ ਵਿੱਚ ਸਿੱਖਾਂ ਨੂੰ ਆਪਣੇ ਧਾਰਮਿਕ ਸਥਾਨ ਮਹੰਤਾਂ ਤੋਂ ਆਜ਼ਾਦ ਕਰਾਉਣ ਲਈ ਪੂਰੀ ਮੁਹਿੰਮ ਵਿੱਢਣੀ ਪਈ ਸੀ ਜਿਨ੍ਹਾਂ ਬਰਤਾਨਵੀ ਸਾਮਰਾਜ ਦੀ ਸ਼ਹਿ 'ਤੇ ਇਤਿਹਾਸਕ ਗੁਰਦੁਆਰਿਆਂ ਨੂੰ ਉਨ੍ਹਾਂ ਦੇ ਇਤਿਹਾਸਕ ਤੇ ਧਾਰਮਿਕ ਮਹੱਤਵ ਤੋਂ ਵਾਂਝੇ ਕਰ ਕੇ ਆਪਣੀ ਨਿੱਜੀ ਜਾਗੀਰ ਬਣਾ ਲਿਆ ਸੀ ਤੇ ਇਹ ਮਹਾਂ ਖੇਡ ਇਸੇ ਤਰ੍ਹਾਂ ਜਾਰੀ ਹੈ-ਪਾਖੰਡੀਆਂ, ਬਾਬਿਆਂ ਨੂੰ ਸਿਆਸਤਦਾਨ ਆਮ ਲੋਕਾਂ ਅੱਗੇ ਖੜ੍ਹੇ ਕਰਦੇ ਹਨ। ਵਿਗਿਆਨਕ ਸੋਚ ਜਾਂ ਮਿਜ਼ਾਜ ਵਾਲੇ ਘੱਟਗਿਣਤੀ ਹਨ ਤੇ ਨਿਰਾਸ਼ ਹਨ। ਇਨ੍ਹਾਂ ਬਾਬਿਆਂ ਦੀ ਮਾਰ ਅਜਿਹੀ ਹੈ ਕਿ ਗਰੀਬ ਲੋਕਾਂ ਨੂੰ ਤਾਂ ਇਨ੍ਹਾਂ ਨੇ ਝਾਕ ਤੇ ਅਗਿਆਨਤਾ ਦੇ ਸ਼ਿਕੰਜੇ ਵਿਚ ਬੁਰੀ ਤਰ੍ਹਾਂ ਜਕੜਿਆ ਹੋਇਆ ਹੈ। ਇਸ ਮੁਸ਼ਕਿਲ ਸਣੇ ਸਾਡੀਆਂ ਸਾਰੀਆਂ ਸਮੱਸਿਆਵਾਂ ਦਾ ਇਕੋ-ਇਕ ਹੱਲ ਲੋਕਾਂ ਨੂੰ ਜਿੱਥੋਂ ਤੱਕ ਸੰਭਵ ਹੋ ਸਕੇ, ਉੱਚ ਮਿਆਰੀ ਸਿੱਖਿਆ ਦੇਣਾ ਹੈ। ਸਿੱਖਿਆ ਸਾਰੇ ਜਾਲੇ ਸਾਫ਼ ਕਰੇਗੀ ਤੇ ਵਿਗਿਆਨਕ ਸੋਚ-ਸਮਝ ਪੈਦਾ ਕਰੇਗੀ। ਇਸ ਸਭ ਤੋਂ ਉਤੇ ਇਹ ਸਾਨੂੰ ਤਰਕਸੰਗਤ ਉੱਤਰ ਤੱਕ ਪਹੁੰਚਣ ਲਈ ਹਰ ਚੀਜ਼ 'ਤੇ ਹਰ ਕਿਸੇ ਨੂੰ ਸਵਾਲ ਕਰਨਾ ਸਿਖਾਏਗੀ ਤੇ ਇਸੇ ਲਈ ਹੀ ਇਹ ਬਾਬੇ ਅੰਧ ਵਿਸ਼ਵਾਸ ਮੰਗਦੇ ਹਨ ਤੇ ਰਾਜਨੇਤਾ ਲੋਕਾਂ ਨੂੰ ਅਗਿਆਨੀ ਰੱਖਣ 'ਚ ਹੀ ਭਲਾ ਸਮਝਦੇ ਹਨ – ਘੋਖ ਪਰਖ ਕਰਨ ਦਾ ਮਿਜ਼ਾਜ ਨਾ ਤਾਂ ਉਹ ਚਾਹੁੰਦੇ ਹਨ ਤੇ ਨਾ ਹੀ ਇਸ ਨੂੰ ਉਤਸ਼ਾਹਿਤ ਕਰਦੇ ਹਨ। ਅਖੀਰ 'ਚ, ਮੈਂ ਰਬਿੰਦਰਨਾਥ ਟੈਗੋਰ ਅਤੇ ਉਨ੍ਹਾਂ ਦੇ ਸਦੀਵੀ ਵਿਵੇਕ ਵੱਲ ਹੀ ਮੁੜਦਾ ਹਾਂ: "ਜਿੱਥੇ ਮਨ ਭੈਅ ਤੋਂ ਪਰ੍ਹੇ ਹੈ... ਗਿਆਨ ਬੰਧਨਾਂ ਤੋਂ ਮੁਕਤ ਹੈ... ਉਸੇ ਅਜ਼ਾਦੀ ਦੇ ਸਵਰਗ 'ਚ, ਮੇਰੇ ਪਿਤਾ, ਮੇਰੇ ਦੇਸ਼ ਨੂੰ ਜਗਾਓ।"

## 'ਪਰਦੇਸ ਟਾਇਮਜ਼' ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

| | | |
|---|---|---|
| (1) ਕਰਮਵੀਰ ਸਿੰਘ ਬੈਂਸ, ਯੂਬਾ ਸਿਟੀ | (7) ਪਰਮਪਾਲ ਸਿੰਘ | (13) ਸੁਰਿੰਦਰ ਸਿੰਘ ਧਨੋਆ |
| (2) ਅਵਤਾਰ ਸਿੰਘ ਸਹੋਤਾ | (8) ਸ. ਮਹਿੰਗਾ ਸਿੰਘ ਸਰਪੰਚ | (14) ਕਸ਼ਮੀਰ ਸਿੰਘ ਧੁੱਗਾ |
| (3) ਗੁਰਨਾਮ ਸਿੰਘ ਪੰਮਾ | (9) ਕੁਲਦੀਪ ਸਿੰਘ ਅਟਵਾਲ | (15) ਬਲਦੇਵ ਸਿੰਘ ਮਾਨ |
| (4) ਜਸਵੀਰ ਸਿੰਘ ਕੁਲਾਰ | (10) ਸੁਰਜੀਤ ਸਿੰਘ ਅਟਵਾਲ | (16) ਰਾਜ ਬਡਵਾਲ |
| (5) ਗੁਰਚਰਨ ਸਿੰਘ ਮਾਨ | (11) ਸੰਤੋਖ ਸਿੰਘ ਜੱਜ | (17) ਰਣਬੀਰ ਸਿੰਘ |
| (6) ਭੁਪਿੰਦਰ ਸਿੰਘ ਪਦਮ | (12) ਡਾ. ਹਰਮੇਸ਼ ਕੁਮਾਰ | (18) ਮਨਦੀਪ ਸਿੰਘ ਥਿਆੜਾ |

# ਇਤਿਹਾਸਕ-ਧਾਰਮਿਕ ਨਾਟਕ 'ਜ਼ਫਰਨਾਮ੍ਹਾ' ਦੀ ਕੈਨੇਡਾ ਦੇ ਦੋ ਸ਼ਹਿਰਾਂ ਵਿਚ ਸਫਲ ਪੇਸ਼ਕਾਰੀ












ਡਾ. ਪੂਜਾ ਲੇਖੀ ਅਤੇ ਉਹਨਾਂ ਦੇ ਭਰਾ

ਸ੍ਰੀ ਦੇਵ ਰਾਏ ਅਤੇ ਉਹਨਾਂ ਦੀ ਸੁਪਤਨੀ



ਬਲਬੀਰ ਸਿੰਘ ਐਮ. ਏ. ਨੂੰ ਲਾਈਫਟਾਈਮ ਅਚੀਵਮੈਂਟ ਐਵਾਰਡ ਦਿੰਦੇ ਹੋਏ ਕਮਲ ਜੀ (ਰਾਗਾ ਰੈਸਟੋਰੈਂਟ) ਅਤੇ ਹੋਰ ਸੱਜਣ।

ਵੈਨਕੂਵਰ- 'ਸਰਕਾਰ ਪ੍ਰੋਡਕਸ਼ਨ' ਦੇ ਸਹਿਯੋਗ ਨਾਲ 'ਪੰਜਾਬ ਲੋਕ ਰੰਗ' ਦੀ ਟੀਮ ਵੱਲੋਂ ਸਰੀ ਸਥਿਤ ਬੈਲ ਸੈਂਟਰ ਦੇ ਹਾਲ 'ਚ ਪੇਸ਼ ਕੀਤਾ ਗਿਆ ਇਤਿਹਾਸਕ ਤੇ ਧਾਰਮਿਕ ਨਾਟਕ 'ਜ਼ਫਰਨਾਮ੍ਹਾ' ਵੱਡੀ ਗਿਣਤੀ 'ਚ ਪੁੱਜੇ ਦਰਸ਼ਕਾਂ ਦੇ ਮਨਾਂ 'ਤੇ ਅਮਿੱਟ ਛਾਪ ਛੱਡ ਗਿਆ। ਉਘੇ ਨਾਟਕਕਾਰ ਅਤੇ ਲੇਖਕ ਸੁਰਿੰਦਰ ਸਿੰਘ ਧਨੋਆ ਵੱਲੋਂ ਲਿਖੇ ਅਤੇ ਨਿਰਦੇਸ਼ਿਤ ਕੀਤੇ ਇਸ ਧਾਰਮਿਕ ਨਾਟਕ 'ਚ ਦਸਵੀਂ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਉਸ ਵੇਲੇ ਦੇ ਹਿੰਦੋਸਤਾਨੀ ਜ਼ਾਲਮ ਬਾਦਸ਼ਾਹ ਔਰੰਗਜੇਬ ਨੂੰ ਭੇਜੇ ਫਤਿਹ ਦੇ ਪੱਤਰ 'ਜ਼ਫਰਨਾਮਾ' ਨਾਲ ਸਬੰਧਤ ਇਤਿਹਾਸ 'ਤੇ ਆਧਾਰਿਤ ਵੱਖ-ਵੱਖ ਦਿਸ਼ਾਂ ਨੂੰ ਨਾਟਕ ਵਿਚਲੇ ਪਾਤਰਾਂ ਵੱਲੋਂ ਬੜੀ ਸੂਝ-ਬੂਝ ਅਤੇ ਮਿਹਨਤ ਨਾਲ ਪੇਸ਼ ਕੀਤਾ ਗਿਆ। ਨਾਟਕ ਵਿਚਲੇ ਕੁਝ ਜੋਸ਼ੀਲੇ ਦ੍ਰਿਸ਼ਾਂ ਤੋਂ ਪ੍ਰਭਾਵਿਤ ਹੋਏ ਵੱਡੀ ਗਿਣਤੀ 'ਚ ਮੌਜੂਦ ਦਰਸ਼ਕਾਂ ਵੱਲੋਂ ਜੋਸ਼ 'ਚ ਆ ਕੇ 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਸਮੁੱਚਾ ਹਾਲ ਕਈ ਵਾਰ ਗੂੰਜਾ ਦਿੱਤਾ।

ਇਸ ਮੌਕੇ 'ਤੇ ਗੱਲਬਾਤ ਕਰਦਿਆਂ ਨਾਟਕ ਦੇ ਲੇਖਕ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਇਸ ਤੋਂ ਪਹਿਲਾਂ 'ਜ਼ਫਰਨਾਮ੍ਹਾ' ਨਾਟਕ ਦੀ ਸਫਲ ਪੇਸ਼ਕਾਰੀ ਅਮਰੀਕਾ ਦੇ ਸ਼ਹਿਰਾਂ 'ਚ 17 ਵਾਰ ਖੇਡਿਆ ਗਿਆ, ਜਿਸ ਵਿਚ ਸੈਕਰਾਮੈਂਟੋ, ਫੇਅਰਫੀਲਡ, ਐਲਸਬਰਾਂਟੇ, ਟਰਲਕ, ਫਰਿਜ਼ਨੋ, ਬੇਕਰਸਫੀਡ, ਵਾਈਸੀਲੀਆ, ਸੈਨਹੋਜ਼ੇ, ਯੂਨੀਅਨ ਸਿਟੀ, ਲੋਡਾਈ ਤੇ ਗਾਰਲੈਂਡ (ਡਾਲਸ) ਤੇ ਹੋਰ ਕਈ ਸ਼ਹਿਰਾਂ 'ਚ ਖੇਡਿਆ ਗਿਆ। ਇਸਦੇ ਨਾਲ ਨਾਲ ਕੈਨੇਡਾ ਦੇ ਸਰੀ ਦੇ ਨਾਲ ਲੱਗਦੇ ਸ਼ਹਿਰ ਐਬਰਡਫੋਰਡ ਵਿਚ ਵੀ ਇਹ ਨਾਟਕ ਖੇਡਿਆ, ਭਾਵੇਂ ਵੇਖਣ ਦੀ ਗਿਣਤੀ ਘੱਟ ਰਹੀ ਪਰ ਜ਼ਫਰਨਾਮ੍ਹਾ ਦੀ ਟੀਮ ਨੇ ਆਪਣੇ ਇਸ ਨਾਟਕ ਨੂੰ ਪਹਿਲੇ ਸ਼ੋਆਂ ਤੋਂ ਵੱਧ ਸਲੀਕੇ ਨਾਲ ਤੇ ਕਿਰਦਾਰਾਂ 'ਚ ਖੁਭ ਕੇ ਖੇਡਿਆ। ਇਉਂ ਲੱਗ ਰਿਹਾ ਸੀ ਕਿ ਇਹ ਸਾਰੇ ਪਾਤਰ 16ਵੀਂ ਸਦੀ 'ਚ ਹੋ ਰਹੇ ਇਸ ਬਿਰਤਾਂਤ ਦੀ ਅਸਲੀ ਪਾਤਰ ਹੋਣ।

ਸੁਰਿੰਦਰ ਧਨੋਆ ਜਦੋਂ ਔਰੰਗਜ਼ੇਬ ਦੀ ਵੇਸ਼ਭੂਸ਼ਾ 'ਚ ਸਾਹਮਣੇ ਆਏ, ਓਹਨਾਂ ਦਾ ਅੰਦਾਜ਼ ਤੇ ਤੁਰਨ ਦਾ ਤਰੀਕਾ ਇਵੇਂ ਸੀ ਜਿਵੇਂ ਉਸ ਵੇਲੇ ਦੇ ਅਸਲੀ ਔਰੰਗਜ਼ੇਬ ਦੀ ਪਿੱਠ ਜਿਵੇਂ ਝੁਕੀ ਹੋਈ ਹੁੰਦੀ ਸੀ, ਬੁਢਾਪੇ 'ਚ, ਉਵੇਂ ਹੀ ਪੇਸ਼ਕਾਰੀ ਹੋ ਰਹੀ ਸੀ।

ਨਾਟਕ ਦਾ ਇਕ-ਇਕ ਸੀਨ ਇਵੇਂ ਲੱਗਦਾ ਸੀ ਜਿਵੇਂ ਉਸ ਜ਼ਮਾਨੇ ਨੇ ਦਰਸ਼ਕਾਂ ਸਾਹਵੇਂ ਲਿਆ ਕੇ ਖੜ੍ਹਾ ਕਰ ਦਿੱਤਾ ਹੋਵੇ। 8-9 ਮਹੀਨੇ ਦੀ ਮਿਹਨਤ ਤੋਂ ਬਾਅਦ ਗੱਲ ਕੀ ਇਕ-ਇਕ ਕਲਾਕਾਰ ਆਪਣੇ ਰੋਲ ਨੰਬਰ ਇਕ ਸੀ, ਚਾਹੇ ਉਹ ਪਰਮਪਾਲ ਸਿੰਘ ਹੋਵੇ, ਅਨੂਪ ਚੀਮਾ ਹੋਵੇ, ਮੁਕੇਸ਼ ਜੀ, ਲੂੰਬਾ ਜੀ, ਕਰਮਵੀਰ ਸਿੰਘ ਹੋਵੇ ਜਾਂ ਸੋਨੂ ਰਾਣਾ ਹੋਵੇ। ਇਕ-ਇਕ ਨੂੰ ਵੇਖ ਕੇ ਇਵੇਂ ਲੱਗਦਾ ਸੀ ਜਿਵੇਂ ਜ਼ਮੀਨ ਤੇ ਓਹੀ ਸਾਰੀਆਂ ਰੂਹਾਂ ਫਿਰ ਤੋਂ ਆਪਣੇ ਕਿਰਦਾਰ ਨਿਭਾਅ ਰਹੀਆਂ ਹੋਣ।

ਸੇਵਾ ਸਰਾਂ, ਦਰਸ਼ਨ ਔਜਲਾ ਵੀ ਕਿਸੇ ਤੋਂ ਘੱਟ ਨਹੀਂ ਸਨ। ਦੂਜੇ ਪਾਸੇ ਜਸਵਿੰਦਰ ਧਨੋਆ ਵੀ ਆਪਣੇ ਹਰ ਸੀਨ ਤੇ ਭਾਰੀ ਨਜ਼ਰ ਆ ਰਹੀ ਸੀ।

ਬੀਬੀ ਸੁਰਿੰਦਰ ਨੇ ਰੋਲ ਨੂੰ ਵੀ ਬਾਖੂਬੀ ਨਿਭਾਇਆ। ਬੀਬ ਚੌਧਰੀ ਰਮਨੀਤ ਨੇ ਵੀ ਆਪਣੀ ਉੱਚੀ ਆਵਾਜ਼ ਵਿਚ ਲੋਕਾਂ ਨੂੰ ਇਕ ਵਾਰ ਯਾਦ ਕਰਾ ਦਿੱਤਾ ਕਿ ਕਿਰਦਾਰ ਨਿਭਾਉਣ ਵਿਚ ਉਹ ਵੀ ਮੁਹਾਰਤ ਰੱਖਦੀ ਹੈ।

ਮੁਹਾਰ ਸਾਹਿਬ ਕੋਲ ਭਾਵੇਂ ਘੱਟ ਡਾਇਲਾਗ ਸਨ ਪਰ ਉਹਨਾਂ ਦੀ ਦਿੱਖ ਵੀ ਹੂ-ਬ-ਹੂ ਇਕ ਰੋਅਬਦਾਰ ਸਿਪਾਹੀ ਵਾਲੀ ਸੀ ਜੋ ਖਾਲਸੇ ਦੀ ਫੌਜ ਦਾ ਇਕ ਚੰਗਾ ਸਿਪਾਹੀ ਹੈ।

ਜਹਾਂ ਆਰਾ ਦੇ ਰੋਲ 'ਚ ਦਿਲਪ੍ਰੀਤ ਵੀ ਤੇ ਇਕ ਮਾਂ ਦੇ ਰੋਲ 'ਚ ਵੀ ਲੜਕੀ ਦੀ ਅਦਾਕਾਰੀ ਨੇ ਪੈੜਾਂ ਛੱਡੀਆ। ਲੋਕਾਂ ਦੇ ਦਿਲਾਂ 'ਚ ਹੁਣ ਇਹ ਕਿਰਦਾਰ ਹਮੇਸ਼ਾ ਯਾਦ ਰਹਿਣਗੇ ਤੇ ਅਗਲੇ ਨਾਟਕ ਬੰਦਾ ਸਿੰਘ ਬਹਾਦਰ ਦੀ ਉਡੀਕ ਕਰਨਗੇ।

ਸੁਰਿੰਦਰ ਧਨੋਆ ਦੀ ਪੇਸ਼ਕਾਰੀ ਲਈ ਸਾਰੇ ਹੀ ਦਿਲ ਦੀਆਂ ਗਹਿਰਾਈਆਂ ਤੋਂ ਮੁਬਾਰਕ ਦਿੰਦਾ ਹਾਂ। ਸੋਨੂੰ ਰਾਣਾ ਦੇ ਚੰਗੇ ਇੰਤਜ਼ਾਮ ਲਈ, ਨਾਟਕ ਵਿਚ ਖੁਸ਼ੀ ਤੇ ਮਿਹਨਤ ਦਾ ਰੰਗ ਲਿਆਉਣ ਲਈ ਮੁਬਾਰਕਬਾਦ। ਹੋਰ ਵਧੇਰੇ ਚੰਗੇਰੇ ਲਈ ਉਸ ਮਾਲਕ ਅੱਗੇ ਤੰਦਰੁਸਤੀ ਤੇ ਹਮੇਸ਼ਾ ਕਾਮਯਾਬੀ ਲਈ ਅਰਦਾਸ ਕਰਦੇ ਹਾਂ।

ਉਹਨਾਂ ਹੋਰ ਦੱਸਿਆ ਕਿ 'ਜ਼ਫਰਨਾਮ੍ਹਾ' ਨਾਟਕ ਨੂੰ ਦਰਸ਼ਕਾਂ ਦੇ ਮਿਲ ਰਹੇ ਹੁੰਗਾਰੇ ਮਗਰੋਂ ਪੰਜਾਬ ਦੇ ਕੁਝ ਚੋਣਵੇਂ ਸ਼ਹਿਰਾਂ 'ਚ ਵੀ ਇਸਦੀ ਪੇਸ਼ਕਾਰੀ ਕਰਨ ਦਾ ਫੈਸਲਾ ਕੀਤਾ ਗਿਆ ਹੈ, ਜਿਸ ਤਹਿਤ 5 ਤੋਂ 22 ਦਸੰਬਰ ਤੱਕ 'ਜ਼ਫਰਨਾਮਾ' ਨਾਟਕ ਸ੍ਰੀ ਆਨੰਦਪੁਰ ਸਾਹਿਬ, ਪਟਿਆਲਾ, ਲੁਧਿਆਣਾ, ਜਲੰਧਰ, ਬਠਿੰਡਾ, ਹੁਸ਼ਿਆਰਪੁਰ, ਅਬੋਹਰ, ਸਰਹਿੰਦ, ਅੰਮ੍ਰਿਤਸਰ ਅਤੇ ਚੰਡੀਗੜ੍ਹ 'ਚ ਪੇਸ਼ ਕੀਤਾ ਜਾਵੇਗਾ।

ਅਖੀਰ 'ਚ ਨਾਟਕਕਾਰ ਸੁਰਿੰਦਰ ਸਿੰਘ ਧਨੋਆ ਨੇ ਦੇਸ਼-ਵਿਦੇਸ਼ 'ਚ ਵੱਸਦੇ ਪੰਜਾਬੀ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹਨਾਂ ਨੂੰ ਆਪਣੇ ਸਿੱਖ ਇਤਿਹਾਸ ਅਤੇ ਪੰਜਾਬੀ ਵਿਰਸੇ ਤੋਂ ਦੂਰ ਹੋ ਰਹੀ ਨਵੀਂ ਪੀੜ੍ਹੀ ਨੂੰ ਆਪਣੇ ਗੌਰਵਮਈ ਇਤਿਹਾਸ ਨਾਲ ਜੋੜੀ ਰੱਖਣ ਲਈ ਪਰਿਵਾਰਕ ਪੱਧਰ 'ਤੇ ਲੋੜੀਂਦਾ ਯੋਗਦਾਨ ਪਾਉਣਾ ਚਾਹੀਦਾ ਹੈ।

**- ਬਲਬੀਰ ਸਿੰਘ ਐਮ. ਏ.**
**510-938-7771**

**Balbir Singh M.A.**

**A Youtube Show**

ਇਹ ਚੈਨਲ ਪੰਜਾਬੀ ਮਾਂ-ਬੋਲੀ 'ਚ ਯੂ-ਟਿਊਬ ਸ਼ੋਅ ਲੈ ਕੇ ਆਉਂਦਾ ਹੈ। ਵੇਖਣ ਲਈ ਸਾਨੂੰ ਸਬਸਕ੍ਰਾਈਬ ਕਰੋ।


# 11 ਸਾਲ ਨੇਪਾਲ ਰਹੀ ਰਾਣੀ ਜਿੰਦਾਂ

**ਹਰਜੋਤ ਸਿੰਘ ਸਿੱਧੂ**

ਸਾਲ 2022 ਵਿਚ ਮੈਂ ਨੇਪਾਲ ਵਿਚ ਸੀ। ਮੈਨੂੰ ਕਾਠਮੰਡੂ ਵਿਚ ਸਭ ਤੋਂ ਪੁਰਾਣੇ ਅਤੇ ਪਵਿੱਤਰ ਮੰਦਰ ਪਸ਼ੂਪਤੀਨਾਥ ਵਿਚ ਮੱਥਾ ਟੇਕਣ ਦਾ ਮੌਕਾ ਮਿਲਿਆ। ਨੇਪਾਲ ਨੂੰ ਮਾਊਂਟ ਐਵਰੈਸਟ, ਕੰਚਨਜੰਗਾ ਅਤੇ ਹੋਰ ਪਰਬਤਾਂ ਸਮੇਤ ਦੁਨੀਆ ਦੀਆਂ ਅੱਠ ਸਭ ਤੋਂ ਉੱਚੀਆਂ ਪਹਾੜੀ ਚੋਟੀਆਂ ਦਾ ਘਰ ਹੋਣ ਲਈ 'ਵਿਸ਼ਵ ਦੀ ਛੱਤ' ਵਜੋਂ ਜਾਣਿਆ ਜਾਂਦਾ ਹੈ। ਨੇਪਾਲ ਇਕ ਐਸਾ ਦੇਸ਼ ਹੈ ਜੋ ਸੁਤੰਤਰਤਾ ਦਿਵਸ ਨਹੀਂ ਮਨਾਉਂਦਾ ਕਿਉਂਕਿ ਉਹ ਕਦੇ ਵੀ ਕਿਸੇ ਦੇਸ਼ ਦੇ ਕਬਜ਼ੇ ਹੇਠ ਨਹੀਂ ਰਿਹਾ। ਨੇਪਾਲ ਦੀ ਰਾਜਧਾਨੀ ਕਾਠਮੰਡੂ ਵਿਸ਼ਵ 'ਚ ਮੰਨਿਆ-ਪ੍ਰਮੰਨਿਆ ਸ਼ਹਿਰ ਹੈ। ਨੇਪਾਲ ਵਿਚ ਮੇਰੀ ਯਾਤਰਾ ਦੌਰਾਨ ਮੈਂ ਸੋਚ ਰਿਹਾ ਸੀ ਕਿ ਕਿਸੇ ਵਕਤ ਪੰਜਾਬ ਦਾ ਮਹਾਰਾਜਾ ਅਤੇ ਨੇਪਾਲ ਦਾ ਰਾਜਾ ਦੋਸਤ ਸਨ। ਉਹ ਵੀ ਸਮਾਂ ਸੀ ਜਦ ਕਾਠਮੰਡੂ ਪਹੁੰਚਣ ਲਈ ਇਕ ਮਾਈ ਨੇ ਲੰਬਾ ਸਫ਼ਰ ਕੀਤਾ ਸੀ। ਉਹ ਵੀ ਸਮਾਂ ਸੀ ਜਦ ਇਕ ਰਾਣੀ ਨੂੰ ਭਿਖਾਰੀ ਬਣ ਲੁਕ-ਛਿਪ ਕੇ ਆਪਣਾ ਦੇਸ਼ ਛੱਡ ਕੇ ਕਾਠਮੰਡੂ ਆਉਣਾ ਪਿਆ ਸੀ। ਅੰਗਰੇਜ਼ਾਂ ਵੱਲੋਂ ਰਾਜ-ਭਾਗ ਖੋਹਣ ਤੋਂ ਬਾਅਦ ਮਾਈ ਨੂੰ ਚੁਨਾਰ ਦੇ ਕਿਲ੍ਹੇ, ਬਨਾਰਸ ਵਿਚ ਕੈਦ ਕਰ ਦਿੱਤਾ ਗਿਆ। ਪਰ ਕੁਝ ਸਮੇਂ ਬਾਅਦ ਮਾਈ ਚੁਨਾਰ ਕੈਦ ਤੋਂ ਬਚ ਨਿਕਲੀ ਅਤੇ ਬਚਦੇ-ਬਚਾਉਂਦੇ ਪਟਨਾ ਪਹੁੰਚ ਗਈ।



ਅੰਗਰੇਜ਼ ਉਸ ਦਾ ਟਿਕਾਣਾ ਜਾਣਨ ਲਈ ਪਿੱਛੇ ਸਨ। ਪਟਨਾ ਵਿਖੇ ਮਾਈ ਆਪਣੇ ਸਹਾਇਕ ਅਵਤਾਰ ਨੂੰ ਮਿਲਦੀ ਹੈ। ਆਪਣਾ ਭੇਸ ਬਦਲਣ ਲਈ ਤਪੱਸਵੀ ਵਰਗੀ ਦਿਖਣ ਲਈ ਭਗਵੇਂ ਰੰਗ ਦੀ ਸਾੜ੍ਹੀ ਪਾਉਂਦੀ ਜੋ ਉਸ ਲਈ ਅਵਤਾਰ ਲਿਆਇਆ ਸੀ। ਸਾਧੂਆਂ ਵਾਂਗ ਦਿਸਣ ਲਈ ਮਾਈ ਆਪਣੇ ਵਾਲਾਂ ਵਿਚ ਨਦੀ ਦੀ ਗਾਰ ਮਲਦੀ ਹੈ। ਉਸ ਰਾਤ ਉਹ ਪਟਨਾ ਦੇ ਇਕ ਗੁਰਦੁਆਰੇ ਵਿਚ ਠਹਿਰਦੀ ਹੈ ਜਿੱਥੇ ਗ਼ਰੀਬਾਂ ਨੂੰ ਮੁਫ਼ਤ ਰਿਹਾਇਸ਼ ਮਿਲਦੀ ਹੈ ਅਤੇ ਭੋਜਨ ਛਕਾਇਆ ਜਾਂਦਾ ਹੈ। ਮਾਈ ਲਈ ਪਟਨਾ ਵਿਚ ਰਹਿਣਾ ਖ਼ਤਰਨਾਕ ਸੀ।

ਇਸ ਲਈ ਉਹ ਨੇਪਾਲ ਜਾ ਕੇ ਉਸ ਦੀ ਮਦਦ ਲੈਣ ਦੀ ਯੋਜਨਾ ਬਣਾਉਂਦੀ ਹੈ। ਮਾਈ ਦਾ ਸਹਾਇਕ ਅਵਤਾਰ ਘੋੜਿਆਂ ਤੇ ਹੋਰ ਜ਼ਰੂਰੀ ਸਾਮਾਨ ਦਾ ਇੰਤਜ਼ਾਮ ਕਰਨ ਅਗਲੇ ਦਿਨ ਚਲਾ ਜਾਂਦਾ ਹੈ ਪਰ ਵਾਪਸ ਨਹੀਂ ਆਉਂਦਾ। ਮਾਈ ਨੇ ਅਵਤਾਰ ਲਈ 3 ਦਿਨ ਹੋਰ ਇੰਤਜ਼ਾਰ ਕੀਤਾ ਪਰ ਉਹ ਕਦੇ ਵਾਪਸ ਨਹੀਂ ਆਇਆ। ਆਸ-ਪਾਸ ਦੇ ਲੋਕ ਉਸ ਨੂੰ ਦੱਸਦੇ ਹਨ ਕਿ ਫਿਰੰਗੀ ਸੜਕਾਂ 'ਤੇ ਬਾਗ਼ੀਆਂ ਦੀ ਭਾਲ ਕਰ ਰਹੇ ਹਨ। ਉਸ ਸਾਰੀ ਰਾਤ ਉਹ ਗੁਰਦੁਆਰੇ ਵਿਚ ਅਰਦਾਸ ਕਰਦੀ ਹੈ। ਸਵੇਰ ਵੇਲੇ ਉਹ ਆਪਣੇ ਹੰਝੂ ਪੂੰਝਦੀ ਹੈ ਅਤੇ ਆਪਣੀ ਯਾਤਰਾ ਸ਼ੁਰੂ ਕਰਦੀ ਹੈ।

ਉਸ ਕੋਲ ਕੁਝ ਰੁਪਈਏ ਸਨ। ਜਾਣ ਤੋਂ ਪਹਿਲਾਂ ਉਸ ਨੇ ਗੁਰਦੁਆਰੇ ਦੇ ਗ੍ਰੰਥੀ ਨੂੰ ਦੱਸਿਆ ਕਿ ਉਹ ਨੇਪਾਲ ਵਿਚ ਪਸ਼ੂਪਤੀਨਾਥ ਸ਼ਿਵ ਦੇ ਪ੍ਰਸਿੱਧ ਮੰਦਰ ਦੀ ਯਾਤਰਾ 'ਤੇ ਜਾਣਾ ਚਾਹੁੰਦੀ ਹੈ। ਗ੍ਰੰਥੀ ਉਸ ਨੂੰ ਰਸਤੇ ਦਾ ਦਿਸ਼ਾ-ਨਿਰਦੇਸ਼ ਦਿੰਦਾ ਹੈ। ਇਕ ਪੁਰਾਣਾ ਕੰਬਲ, ਕੁਝ ਰੋਟੀਆਂ ਅਤੇ ਕੁਝ ਪੈਸੇ ਦਿੰਦਾ ਹੈ। ਉਹ ਸ਼ਰਧਾਲੂਆਂ ਦੇ ਸਮੂਹ ਨੂੰ ਲੱਭਣ ਦੀ ਉਮੀਦ ਨਾਲ ਸ਼ਹਿਰ ਤੋਂ ਬਾਹਰ ਦਾ ਰਸਤਾ ਲੈ ਕੇ ਇਕੱਲੀ ਚੱਲ ਪੈਂਦੀ ਹੈ। ਪਰ ਉਸ ਨੂੰ ਰਸਤੇ ਵਿਚ ਕੋਈ ਨਹੀਂ ਮਿਲਦਾ। ਮਾਈ ਥੱਕੀ-ਹਾਰੀ ਆਪਣੇ ਟਿਕਾਣੇ ਵੱਲ ਤੁਰੀ ਜਾਂਦੀ ਹੈ। ਆਖ਼ਰ ਉਸ ਦੀ ਜੁੱਤੀ ਟੁੱਟ ਜਾਂਦੀ ਹੈ। ਉਸ ਦੇ ਪੈਰਾਂ ਵਿੱਚੋਂ ਖ਼ੂਨ ਵਗਣ ਲੱਗਦਾ ਹੈ ਅਤੇ ਛਾਲੇ ਪੈ ਜਾਂਦੇ ਹਨ। ਜਦੋਂ ਦਰਦ ਬਹੁਤ ਵਧ ਜਾਂਦਾ ਹੈ ਤਾਂ ਉਹ ਰੁਕ ਜਾਂਦੀ ਹੈ।

ਰਸਤੇ ਵਿਚ ਉਹ ਥੋੜ੍ਹਾ ਜਿਹਾ ਦੁੱਧ ਅਤੇ ਥੋੜ੍ਹੀਆਂ ਰੋਟੀਆਂ ਖ਼ਰੀਦਦੀ ਹੈ। ਜਦੋਂ ਉਸ ਕੋਲ ਪੈਸੇ ਖ਼ਤਮ ਹੋ ਜਾਂਦੇ ਹਨ ਤਾਂ ਉਹ ਭੀਖ ਮੰਗਣ ਲੱਗ ਜਾਂਦੀ ਹੈ। ਅਕਸਰ ਰਸਤਾ ਜੰਗਲਾਂ ਵਿੱਚੋਂ ਲੰਘਦਾ ਹੈ ਜਿੱਥੇ ਉਸ ਨੂੰ ਜੰਗਲੀ ਜਾਨਵਰਾਂ ਤੋਂ ਚੌਕਸ ਰਹਿਣਾ ਪੈਂਦਾ। ਉਹ ਆਪਣੀ ਰੱਖਿਆ ਲਈ ਪੱਥਰ ਇਕੱਠੇ ਕਰ ਕੇ ਨਾਲ ਰੱਖਦੀ। ਰਾਤ ਨੂੰ ਉਹ ਆਪਣੇ-ਆਪ ਨੂੰ ਇਕ ਫਟੇ ਹੋਏ ਕੰਬਲ ਵਿਚ ਲਪੇਟਦੀ ਅਤੇ ਦਰੱਖਤਾਂ ਦੇ ਹੇਠਾਂ ਜਾਂ ਗੁਫਾਵਾਂ ਵਿਚ ਸੌਂਦੀ। ਉਸ ਨੂੰ ਇਹ ਸਭ ਕੁਝ ਜਿਵੇਂ ਇਕ ਸੁਪਨਾ ਲੱਗ ਰਿਹਾ ਸੀ। ਜਦੋਂ ਮਾਈ ਦੀ ਅੱਖ ਖੁੱਲ੍ਹਦੀ ਤਾਂ ਕੰਬਲ ਬਰਫ਼ ਦੀ ਪਰਤ ਨਾਲ ਢੱਕਿਆ ਹੁੰਦਾ। ਪੈਂਡਾ ਲੰਬਾ ਸੀ। ਰਸਤੇ ਵਿਚ ਉਸ ਦਾ ਭੋਜਨ ਖ਼ਤਮ ਹੋ ਜਾਂਦਾ। ਮਾਈ ਨੂੰ ਲੱਗਦਾ ਹੈ, "ਮੈਂ ਜਲਦੀ ਹੀ ਮੌਤ ਦੇ ਮੂੰਹ ਵਿਚ ਜਾਵਾਂਗੀ।" ਮਾਈ ਇਕ ਚੱਟਾਨ ਦੇ ਹੇਠਾਂ ਥੱਕੀ ਹੋਈ ਪਈ ਸੀ। ਸ਼ਰਧਾਲੂਆਂ ਦਾ ਇਕ ਸਮੂਹ ਉਸ ਦੇ ਕੋਲ ਆਉਂਦਾ ਹੈ। ਉਹ ਵੀ ਪਸ਼ੂਪਤੀਨਾਥ ਮੰਦਰ ਜਾ ਰਹੇ ਸਨ। ਉਹ ਮਾਈ ਨੂੰ ਲੋੜਵੰਦ ਸਮਝ ਕੇ ਭੋਜਨ ਖੁਆਉਂਦੇ ਅਤੇ ਹਮਦਰਦੀ ਕਰਦੇ। ਆਪਣੇ ਭੇਸ ਨੂੰ ਛੁਪਾਉਣ ਲਈ ਮਾਈ ਉਨ੍ਹਾਂ ਨੂੰ ਦੱਸਦੀ ਹੈ ਕਿ ਮੇਰੇ ਪੁੱਤਰ ਦੀ ਮੌਤ ਨੇ ਮੈਨੂੰ ਸੰਨਿਆਸੀ ਬਣਾ ਦਿੱਤਾ ਹੈ। ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਦੇ ਹੋਏ ਇਕ ਮਹੀਨੇ ਬਾਅਦ ਮਾਈ ਕਾਠਮੰਡੂ ਪਹੁੰਚੀ। ਉਹ ਪੁੱਛ-ਪੁਛਾ ਕੇ ਰਾਣਾ ਜੰਗ ਬਹਾਦਰ ਦੇ ਮਹਿਲ ਦੇ ਸਾਹਮਣੇ ਪਹੁੰਚ ਗਈ। ਜਦੋਂ ਰਾਣਾ ਜੰਗ ਬਹਾਦਰ ਦਰਬਾਰ ਨੂੰ ਜਾ ਰਿਹਾ ਸੀ ਤਾਂ ਉਹ ਆਪਣਾ ਰੱਥ ਰੋਕਦਾ ਹੈ ਅਤੇ ਮਾਈ ਨੂੰ ਭਿਖਾਰਨ ਸਮਝ ਕੇ ਕੁਝ ਸਿੱਕੇ ਭੇਟ ਕਰਦਾ ਹੈ। ਮਾਈ ਸਿੱਕੇ ਲੈਣ ਤੋਂ ਇਨਕਾਰ ਕਰ ਦਿੰਦੀ ਹੈ। ਇਹ ਜੰਗ ਬਹਾਦਰ ਨੂੰ ਚੰਗਾ ਨਹੀਂ ਲੱਗਦਾ ਅਤੇ ਗੁੱਸੇ ਵਿਚ ਉਸ ਨੇ ਮਾਈ ਨੂੰ ਪੁੱਛਿਆ, "ਤੁਸੀਂ ਕੌਣ ਹੋ?" ਉਹ ਜਵਾਬ ਦਿੰਦੀ ਹੈ, "ਮੈਂ ਮਹਾਰਾਜਾ ਰਣਜੀਤ ਸਿੰਘ ਦੀ ਵਿਧਵਾ ਰਾਣੀ ਜਿੰਦਾਂ ਹਾਂ ਜੋ ਕਦੇ ਤੁਹਾਡੇ ਰਾਜ ਦੇ ਮਿੱਤਰ ਸਨ।" ਜੰਗ ਬਹਾਦਰ ਉਸ ਵੱਲ ਹੈਰਾਨੀ ਨਾਲ ਝਾਕਦਾ ਹੈ। ਸ਼ਾਇਦ ਉਹ ਉਸ ਦੇ ਚਿਹਰੇ 'ਤੇ ਸੱਚਾਈ ਨੂੰ ਸਮਝਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਹ ਮਾਈ ਨੂੰ ਪੁੱਛਦਾ ਹੈ ਕਿ ਉਹ ਨੇਪਾਲ ਕਿਵੇਂ ਪਹੁੰਚੀ? ਜਦੋਂ ਉਹ ਆਪਣੇ ਜੇਲ੍ਹ 'ਚੋਂ ਬਚ ਕੇ ਨਿਕਲਣ ਅਤੇ ਔਕੜਾਂ ਭਰੀ ਯਾਤਰਾ ਦਾ ਵਰਣਨ ਕਰਦੀ ਹੈ ਤਾਂ ਜੰਗ ਬਹਾਦਰ ਆਪਣੇ ਰੱਥ ਤੋਂ ਹੇਠਾਂ ਉਤਰ ਜਾਂਦਾ ਹੈ ਅਤੇ ਝੁਕਦਾ ਹੋਇਆ ਕਹਿੰਦਾ ਹੈ, "ਤੁਸੀਂ ਇਕ ਬਹਾਦਰ ਔਰਤ ਹੋ ਮਾਈ ਜਿੰਦਾਂ।

ਅਸੀਂ ਸਰਕਾਰ (ਸਰਕਾਰ-ਏ-ਖ਼ਾਲਸਾ) ਵੱਲੋਂ ਅਤੀਤ ਵਿਚ ਦਿੱਤੀ ਮਦਦ ਲਈ ਉਸ ਨੂੰ ਅੱਜ ਵੀ ਨਿੱਘ ਅਤੇ ਧੰਨਵਾਦ ਨਾਲ ਯਾਦ ਕਰਦੇ ਹਾਂ। ਭਾਵੇਂ ਅਸੀਂ ਪੰਜਾਬ ਤੋਂ ਬਹੁਤ ਦੂਰ ਹਾਂ ਪਰ ਅੰਗਰੇਜ਼ਾਂ ਵੱਲੋਂ ਤੁਹਾਡੇ ਰਾਜ ਨੂੰ ਖੋਹਣ ਅਤੇ ਤੁਹਾਡੇ ਪੁੱਤਰ ਦਾ ਬੁਰਾ ਹਾਲ ਕਰਨ ਬਾਰੇ ਬਹੁਤ ਸੁਣਿਆ ਹੈ। ਨੇਪਾਲ ਵਿਚ ਤੁਹਾਡਾ ਸਵਾਗਤ ਹੈ।" ਰਾਣੀ ਜਿੰਦਾਂ 11 ਸਾਲ ਨੇਪਾਲ ਵਿਚ ਰਹੀ ਅਤੇ ਜਦ ਉਸ ਨੂੰ ਦਿਸਣਾ ਘਟ ਗਿਆ ਤਾਂ ਇਕ ਦਹਾਕੇ ਬਾਅਦ ਅੰਗਰੇਜ਼ਾਂ ਨੇ ਉਸ ਨੂੰ ਆਪਣੇ 22 ਸਾਲਾ ਪੁੱਤਰ ਨੂੰ ਕਲਕੱਤਾ ਦੇ ਸਪੈਂਸ ਹੋਟਲ ਵਿਖੇ ਮਿਲਣ ਦੀ ਇਜਾਜ਼ਤ ਦਿੱਤੀ।

ਕਲਕੱਤੇ ਤੋਂ ਰਾਣੀ ਆਪਣੇ ਪੁੱਤਰ ਨਾਲ ਇੰਗਲੈਂਡ ਰਵਾਨਾ ਹੋ ਗਈ। ਇਕ ਅਗਸਤ 1863 ਦੀ ਸਵੇਰ ਨੂੰ ਮਹਾਰਾਣੀ ਜਿੰਦ ਕੌਰ ਦੀ ਅਬਿੰਗਡਨ ਹਾਊਸ, ਕੇਨਸਿੰਗਟਨ ਵਿਚ ਮੌਤ ਹੋ ਗਈ। ਸੰਨ 1885 ਤੋਂ ਪਹਿਲਾਂ ਗ੍ਰੇਟ ਬ੍ਰਿਟੇਨ ਵਿਚ ਸਸਕਾਰ ਗ਼ੈਰ-ਕਾਨੂੰਨੀ ਸੀ। ਦਲੀਪ ਸਿੰਘ ਨੂੰ ਆਪਣੀ ਮਾਂ ਦੀ ਦੇਹ ਨੂੰ ਪੰਜਾਬ ਲਿਜਾਉਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਦੇਹ ਨੂੰ ਕੇਨਸਲ ਗ੍ਰੀਨ ਕਬਰਸਤਾਨ ਵਿਚ ਕੁਝ ਦਿਨਾਂ ਲਈ ਰੱਖਿਆ ਗਿਆ। ਸੰਨ 1864 ਦੀ ਬਸੰਤ ਵਿਚ ਮਹਾਰਾਜੇ ਨੇ ਦੇਹ ਨੂੰ ਭਾਰਤ ਵਿਚ ਬੰਬਈ ਲਿਜਾਣ ਦੀ ਆਗਿਆ ਲਈ ਜਿੱਥੇ ਉਨ੍ਹਾਂ ਨੇ ਆਪਣੀ ਮਾਂ ਦਾ ਸਸਕਾਰ ਕੀਤਾ ਅਤੇ ਗੋਦਾਵਰੀ ਨਦੀ ਦੇ ਪੰਚਵਟੀ ਵਾਲੇ ਪਾਸੇ ਦਲੀਪ ਸਿੰਘ ਨੇ ਆਪਣੀ ਮਾਤਾ ਦੀ ਯਾਦ ਵਿਚ ਇਕ ਛੋਟੀ ਸਮਾਧ ਬਣਾਈ ਸੀ। ਜਿੰਦ ਕੌਰ ਦੀ ਇੱਛਾ ਲਾਹੌਰ ਵਿਚ ਸਸਕਾਰ ਦੀ ਸੀ ਜਿਸ ਨੂੰ ਪੂਰਾ ਕਰਨ ਤੋਂ ਬ੍ਰਿਟਿਸ਼ ਅਧਿਕਾਰੀਆਂ ਨੇ ਇਨਕਾਰ ਕਰ ਦਿੱਤਾ ਸੀ।

## Matrimonial ਵਿਆਹ/ਸ਼ਾਦੀ

'ਪਰਦੇਸ ਟਾਇਮਜ਼' ਇਕ ਯੋਗ ਵਰ ਲੱਭਣ ਵਿਚ ਤੁਹਾਡੀ ਬਹੁਤ ਸਹਾਇਤਾ ਕਰ ਸਕਦਾ ਹੈ। ਆਪਣਾ ਇਸ਼ਤਿਹਾਰ ਬੁੱਕ ਕਰਨ ਲਈ ਸੰਪਰਕ ਕਰੋ: **510-938-7771** **shaadi@pardestimes.com**

### ਵਰ ਦੀ ਲੋੜ

ਪਤਲੀ ਸੁੰਦਰ ਸਿੱਖ ਲੜਕੀ, ਜਨਮ ਦਸੰਬਰ 1994, ਕੱਦ 5'-4", ਯੂ.ਐਸ. ਨਾਗਰਿਕ, ਬੇ ਏਰੀਆ ਵਿੱਚ ਤਕਨੀਕੀ ਕੰਪਨੀ ਵਿੱਚ ਆਡਿਟ ਮੈਨੇਜਰ ਵਜੋਂ ਕੰਮ ਕਰ ਰਹੀ ਹੈ। ਮਾਤਾ-ਪਿਤਾ ਅਤੇ ਛੋਟੇ ਭਰਾ ਨਾਲ ਰਹਿ ਰਹੀ, ਲਈ ਯੋਗ ਵਰ ਦੀ ਲੋੜ ਹੈ। ਸੰਪਰਕ 510-634-5363

### ਕੰਨਿਆ ਦੀ ਲੋੜ

ਅਮਰੀਕਨ ਨਾਗਰਿਕ ਸਿੱਖ ਮੁੰਡਾ ਜਨਮ 1984, 5'10" ਤਲਾਕਸ਼ੁਦਾ, ਕੋਈ ਬੱਚਾ ਨਹੀਂ, ਲਈ ਅਮਰੀਕਾ ਵਿਚ ਪੱਕੀ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਸੰਪਰਕ +(510) 200-1772

### ਵਰ ਦੀ ਲੋੜ

Match for; PQM working in USA for beautiful Arora Sikh B.Tech.Girl 5'-2.5" born in Sept.,1986 VegetarianDivorcee( Issueless) Engineer in top MNC California on H1 B Visa(G.C.in process) @Package of 2.5 lack $. Contact; +91 94163 84158 (on WhatsApp only)

### ਲੜਕੀ ਦੀ ਲੋੜ

ਜੱਟ ਸਿੱਖ US, CPA ਕੈਨੇਡੀਅਨ ਸਿਟੀਜ਼ਨ, ਕੱਦ 5 ਫੁੱਟ 7 ਇੰਚ, ਉਮਰ 37 ਸਾਲ ਦੇ ਕੁਆਰੇ ਲੜਕੇ ਲਈ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਨੂੰ ਤਰਜੀਹ ਦਿੱਤੀ ਜਾਵੇਗੀ। ਈਮੇਲ pammi341@outlook.com ਫੋਨ 510-461-6629

# ਹਰਭਜਨ ਸਿੰਘ ਢਿੱਲੋਂ ਸਵਰਗਵਾਸ, ਅੰਤਿਮ ਸਸਕਾਰ 16 ਅਗਸਤ ਨੂੰ



ਇਹ ਖਬਰ ਬੜੇ ਦੁੱਖ ਨਾਲ ਲਿਖੀ ਜਾ ਰਹੀ ਹੈ ਕਿ ਸ. ਹਰਭਜਨ ਸਿੰਘ ਢਿੱਲੋਂ 5 ਅਗਸਤ 2024 ਨੂੰ ਇਸ ਸੰਸਾਰ ਵਿਚ ਨਹੀਂ ਰਹੇ ਹਨ। ਉਹਨਾਂ ਦਾ ਅੰਤਿਮ ਸ. ਹਰਭਜਨ ਸਿੰਘ ਢਿੱਲੋਂ ਦਾ ਅੰਤਿਮ ਸਸਕਾਰ 15 ਅਗਸਤ 2024 ਨੂੰ ਸਵੇਰੇ 10.30 ਵਜੇ ਸਨਸੈਟ ਵਿਊ ਮੌਰਚਰੀ 101 ਕੌਲੂਸਾ ਐਵੇਨਿਊ, ਐਲ. ਸੈਰੇਟੋ, ਕੈਲੇਫੋਰਨੀਆ ਵਿਖੇ ਹੋਵੇਗੀ। ਉਪਰੰਤ ਭੋਗ ਅਤੇ ਅੰਤਿਮ ਅਰਦਾਸ ਐਲਸਬਰਾਂਟੇ ਗੁਰਦੁਆਰਾ ਸਾਹਿਬ 3550 ਹਿਲਕ੍ਰੀਸਟ ਐਵੇਨਿਊ, ਐਲਸਬਰਾਂਟੇ (ਕੈਲੇਫੋਰਨੀਆ) 94803 ਵਿਖੇ ਹੋਵੇਗੀ। ਉਪਰੰਤ ਗੁਰੂ ਕਾ ਲੰਗਰ ਵਰਤਾਇਆ ਜਾਵੇਗਾ। 'ਪਰਦੇਸ ਟਾਇਮਜ਼' ਵੱਲੋਂ ਇਸ ਦੁੱਖ ਦੀ ਘੜੀ 'ਚ ਅਸੀਂ ਪਰਿਵਾਰ ਨਾਲ ਦੁੱਖ ਸਾਂਝਾ ਕਰਦੇ ਹੋਏ ਸ਼ਰਧਾਂਜਲੀ ਭੇਟ ਕਰਦੇ ਹਾਂ।


**TANVIR Tour & Travels FRESNO**

**(559) 803-0055**

Where journey don't cost the world
Cheap Fares For Airline Tickets all around the world
Best Deals to India England, Pakistan, Canada and Europe

Our Services
* Cheap Fares For Airline Tickets all around the world
* Best Deals to India, England, Pakistan, Canada and Europe
* Apply for USA Citizenship
* Indian Passport renewal and Visa
* OCI Card and Renunciation
* Family Petition, Work Permit
* Power of Attorney
* Green card renewal

B.R. Joshi, Prop.

5627 N. Figarden Dr. STE 114 Fresno, CA 93722
email: tanvirtravels@gmail.com, www.tanvirtravels.com

# ਸਿੱਖ ਗੁਰਦੁਆਰਾ ਸੈਨ ਹੋਜ਼ੇ (ਕੈਲੇਫੋਰਨੀਆ)

3626 Gurdwara Ave. San Jose CA 95148, ਗੁਰਦੁਆਰਾ ਸਾਹਿਬ ਦੀ ਵੈਬਸਾਈਟ: www.sanjosegurdwara.org of Facebook "San Jose Gurdwara"

## ਸਿੱਖ ਗੁਰਦੁਆਰਾ ਸੈਨ ਹੋਜ਼ੇ ਵਲੋਂ ਕਾਲਜ/ਯੂਨੀਵਰਸਿਟੀ ਜਾ ਰਹੇ ਸਿੱਖ ਵਿਦਿਆਰਥੀਆਂ ਲਈ ਵਜ਼ੀਫ਼ਿਆਂ ਦਾ ਐਲਾਨ

ਸਿੱਖ ਗੁਰਦੁਆਰਾ ਸੈਨ ਹੋਜ਼ੇ ਪ੍ਰਬੰਧਕ ਕਮੇਟੀ ਨੇ ਹੇਠ ਲਿਖੇ ਖੇਤਰਾਂ ਵਿਚ ਕਾਲਜ/ਯੂਨੀਵਰਸਿਟੀ ਦੀਆਂ ਡਿਗਰੀਆਂ ਹਾਸਲ ਕਰਨ ਵਾਲੇ ਸਿੱਖ ਵਿਦਿਆਰਥੀਆਂ ਲਈ ਵਜ਼ੀਫ਼ਿਆਂ ਦਾ ਐਲਾਨ ਕੀਤਾ ਹੈ–

1. ਅਧਿਆਪਨ ਪ੍ਰਮਾਣ ਪੱਤਰ (Teacihng Credenitals): ਚਾਰ ਸਾਲਾਂ ਦੀ ਕਾਲਜ ਡਿਗਰੀ ਤੋਂ ਬਾਅਦ ਅਧਿਆਪਨ ਪ੍ਰਮਾਣ ਪੱਤਰ ਵਿਚ ਦੋ ਸਾਲਾਂ ਦੀ ਡਿਗਰੀ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਲਈ ਵਜ਼ੀਫ਼ਾ $1000 ਪ੍ਰਤੀ ਮਹੀਨਾ ਹੈ।
2. ਪੱਤਰਕਾਰੀ: ਪੱਤਰਕਾਰੀ/ਪ੍ਰਸਾਰਣ ਪੱਤਰਕਾਰੀ ਵਿਚ ਦੋ ਸਾਲਾਂ ਦੇ ਮਾਸਟਰ ਕੋਰਸ ਲਈ $1000 ਪ੍ਰਤੀ ਮਹੀਨਾ ਅਤੇ ਇਨ੍ਹਾਂ ਵਿਸ਼ਿਆਂ ਵਿਚ ਚਾਰ ਸਾਲ ਦੀ ਡਿਗਰੀ ਲਈ $500 ਪ੍ਰਤੀ ਮਹੀਨਾ ਵਜ਼ੀਫ਼ਾ ਹੋਵੇਗਾ।
3. ਚਾਰ ਸਾਲਾ ਕਾਲਜ ਡਿਗਰੀ: ਮੈਡੀਕਲ, ਇੰਜੀਨੀਅਰਿੰਗ, ਨੈਚੁਰਲ ਅਤੇ ਸਮਾਜਿਕ ਵਿਗਿਆਨ; ਅਤੇ ਨਰਸਿੰਗ ਵਿਚ ਚਾਰ ਸਾਲ ਦੀ ਬੈਚੁਲਰ ਡਿਗਰੀ ਲਈ ਵਜ਼ੀਫ਼ਾ $500 ਪ੍ਰਤੀ ਮਹੀਨਾ ਹੋਵੇਗਾ।
4. ਵਿੱਤੀ ਤੰਗੀ ਨਾਲ ਜੂਝ ਰਹੇ ਪਰਿਵਾਰਾਂ ਦੇ ਬੱਚਿਆਂ ਲਈ, ਵੋਕੇਸ਼ਨਲ ਕੋਰਸਾਂ ਵਾਸਤੇ ਵਜ਼ੀਫ਼ੇ ਉਪਲੱਬਧ ਹਨ ਜਿਨ੍ਹਾਂ ਲਈ ਘੱਟੋ–ਘੱਟ ਇੱਕ ਸਾਲ ਦੀ ਹਾਈ ਸਕੂਲ ਤੋਂ ਬਾਅਦ ਸਿਖਲਾਈ ਹੋਣੀ ਜ਼ਰੂਰੀ ਹੈ। ਇਹ ਵਜ਼ੀਫ਼ੇ $500 ਪ੍ਰਤੀ ਮਹੀਨਾ ਹੋਣਗੇ।

ਇਹ ਵਜ਼ੀਫ਼ੇ ਸਿੱਖ ਗੁਰਦੁਆਰਾ ਸੈਨ ਹੋਜ਼ੇ ਉਪ–ਨਿਯਮਾਂ (bylaws) ਵਿਚ ਪਰਿਭਾਸ਼ਿਤ ਕੀਤੇ ਅਨੁਸਾਰ ਸੈਨ ਹੋਜ਼ੇ ਖੇਤਰਾਂ ਵਿਚ (ਸਾਂਟਾ ਕਲਾਰਾ, ਸਾਂਟਾ ਕਰੂਜ਼, ਮੋਂਟਰੇ, ਸੈਨ ਮਾਟਿਓ, ਕੌਂਟਰਾ ਕੋਸਟਾ ਅਤੇ ਸੈਨ ਬੇਨੀਟੋ ਦੀਆਂ ਕਾਉਂਟੀਆਂ) ਪ੍ਰਾਇਮਰੀ ਨਿਵਾਸ ਵਾਲੇ ਸਿੱਖ ਵਿਦਿਆਰਥੀਆਂ ਤੱਕ ਸੀਮਿਤ ਹਨ।

ਕੁੱਲ ਵਜ਼ੀਫ਼ਿਆਂ ਦੀ ਗਿਣਤੀ ਛੇ ਤਕ ਹੈ, ਜਿਨ੍ਹਾਂ ਵਿਚੋਂ ਦੋ ਵਜ਼ੀਫ਼ੇ ਅਧਿਆਪਨ ਪ੍ਰਮਾਣ ਪੱਤਰ ਅਤੇ ਪੱਤਰਕਾਰੀ ਲਈ ਰਾਖਵੇਂ ਹਨ। ਬਾਕੀ ਚਾਰ ਵਜ਼ੀਫ਼ਿਆਂ ਵਿਚੋਂ, ਦੋ ਵਿਦਿਆਰਥੀਆਂ ਨੂੰ ਅਕਾਦਮਿਕ ਯੋਗਤਾ ਦੇ ਆਧਾਰ ‘ਤੇ 4–ਸਾਲ ਦੀ ਕਾਲਜ ਡਿਗਰੀ ਲਈ ਉੱਚਕੋਟੀ ਦੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਵਿਚ ਜਾਣ ਵਾਲੇ ਵਿਦਿਆਰਥੀਆਂ ਨੂੰ ਦਿੱਤੇ ਜਾਣਗੇ। ਬਾਕੀ ਦੋ ਅਕਾਦਮਿਕ ਯੋਗਤਾ ਅਤੇ ਵਿੱਤੀ ਲੋੜਾਂ ਦੋਵਾਂ ਦੇ ਆਧਾਰ ‘ਤੇ 4–ਸਾਲ ਦੀ ਕਾਲਜ ਡਿਗਰੀ ਲਈ ਜਾ ਰਹੇ ਵਿਦਿਆਰਥੀਆਂ ਲਈ ਹੋਣਗੇ। ਵਿੱਤੀ ਲੋੜਾਂ ਦੀ ਸ਼੍ਰੇਣੀ ਵਿਚ ਵਜ਼ੀਫ਼ੇ ਕੇਸ–ਦਰ– ਕੇਸ ਦੇ ਆਧਾਰ ‘ਤੇ ਨਿਰਧਾਰਤ ਕੀਤੇ ਜਾਣਗੇ।

ਅਰਜ਼ੀਆਂ ਦੇਣ ਦੀ ਆਖਰੀ ਮਿਤੀ 31 ਅਗਸਤ, 2024 ਹੈ।

**ਸੰਗਤ ਜੀ– ਇਸ ਨੇਕ ਕੰਮ ਲਈ, ਤੁਸੀਂ ਕਿਸੇ ਵੀ ਵਿਅਕਤੀ ਦੀ ਤਰਫੋਂ ਇਕ ਜਾਂ ਵੱਧ ਵਿਦਿਆਰਥੀ ਲਈ ਸਕਾਲਰਸ਼ਿਪ ਸਪਾਂਸਰ ਕਰ ਸਕਦੇ ਹੋ।**
**ਵਧੇਰੇ ਜਾਣਕਾਰੀ ਲਈ ਪ੍ਰਬੰਧਕ ਕਮੇਟੀ ਸਿੱਖ ਗੁਰਦੁਆਰਾ ਸੈਨ ਹੋਜ਼ੇ ਨਾਲ ਸੰਪਰਕ ਕਰੋ ਜੀ।**

## ਸ. ਅਵਤਾਰ ਸਿੰਘ ਧਾਮੀ ਅਚਾਨਕ ਸਵਰਗਵਾਸ

ਹੇਵਰਡ– ਬਹੁਤ ਹੀ ਦੁੱਖ ਨਾਲ ਇਹ ਖਬਰ ਸਾਂਝੀ ਕੀਤੀ ਜਾ ਰਹੀ ਹੈ ਕਿ ਪੰਜਾਬੀ ਭਾਈਚਾਰੇ ’ਚ ਬਹੁਤ ਹੀ ਜਾਣੇ–ਪਹਿਚਾਣੇ ਤੇ ਗੁਰੂ ਘਰ ਫਰੀਮਾਂਟ ਦੇ ਇਕ ਸਮੇਂ ’ਚ ਰਹਿ ਚੁੱਕੇ ਮੁੱਖ ਸੇਵਾਦਾਰ ਇਸ ਦੁਨੀਆਂ ਤੋਂ ਵਿਦਾ ਹੋ ਗਏ।



ਵਾਹਿਗੁਰੂ ਜੀ ਵੱਲੋਂ ਦਿੱਤੇ ਸਵਾਸਾਂ ਦੀ ਪੂੰਜੀ ਪੂਰੀ ਹੋਣ ਉਪਰੰਤ ਉਹ ਸਵਰਗਵਾਸ ਹੋ ਗਏ।

ਪਿਛਲੇ ਐਤਵਾਰ ਦੀ ਰਾਤ ਸੋਮਵਾਰ ਦੇ ਤੜਕੇ 1.30 ਵਜੇ ਸਵੇਰੇ ਤੜਕੇ, ਯੂਬਾ ਸਿਟੀ ਤੋਂ ਆਪਣੇ ਟਰੱਕ ਵਿਚ ਆ ਰਹੇ ਸਨ, ਜਦੋਂ ਉਹਨਾਂ ਨੇ 880 ਹਾਈਵੇਅ ਸਾਊਥ ਤੋਂ 92 ਹਾਈਵੇਅ ਲਈ ਤੇ ਪਹਿਲੇ ਹੀ ਬਾਹਰ ਜਾਣ ਵਾਲੀ ਸੜਕ ਨੂੰ ਲੈਣ ਲੱਗਿਆ, ਜਿਸ ਨੂੰ ਹਿਸਪੈਰੀਅਨ ਕਹਿੰਦੇ ਹਨ, ਉਥੇ ਸੱਜੀ ਸੜਕ ’ਤੇ ਜਾਂਦੇ–ਜਾਂਦੇ ਕਿਸੇ ਕਾਰਨ ਟਰੱਕ ਸਿੱਧਾ ਜਾ ਕੇ ਦਰੱਖਤ ਵਿਚ ਵੱਜਾ ਤੇ ਉਸ ਵਿਚ ਇੱਕਦਮ ਅੱਗ ਲੱਗ ਗਈ ਤੇ ਉਸ ਅੱਗ ’ਚ ਹੀ ਧਾਮੀ ਸਾਹਿਬ ਦੀ ਮੌਤ ਹੋ ਗਈ। ਅਵਤਾਰ ਸਿੰਘ ਧਾਮੀ ਜੀ ਦਾ ਸਸਕਾਰ ਦਿਨ ਸ਼ਨਿਚਰਵਾਰ ਅਗਸਤ 3, 2024 ਨੂੰ ਕਰ ਦਿੱਤਾ ਗਿਆ ਤੇ ਅੰਤਿਮ ਅਰਦਾਸ ਗੁਰੂ ਘਰ ਫਰੀਮਾਂਟ ਵਿਖੇ ਸਹਿਜ ਪਾਠ ਦੇ ਭੋਗ ਤੋਂ ਬਾਅਦ ਕਰ ਦਿੱਤੀ ਗਈ। ਉਹ ਆਪਣੇ ਪਿੱਛੇ ਸੁਪਤਨੀ ਬੀਬੀ ਦਵਿੰਦਰ ਕੌਰ ਤੇ ਚਾਰ ਬੱਚੇ ਛੱਡ ਗਏ ਹਨ।

ਸਸਕਾਰ ਮੌਕੇ ਉਹਨਾਂ ਦੀਆਂ ਬੇਟੀਆਂ ਤੇ ਸਪੁੱਤਰ ਨੇ ਧਾਮੀ ਸਾਹਿਬ ਨਾਲ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ।

ਧਾਮੀ ਸਾਹਿਬ ਬਹੁਤ ਹੀ ਧਾਰਮਿਕ ਬਿਰਤੀ ਵਾਲੇ ਇਨਸਾਨ ਸਨ। ਉਹਨਾਂ ਨੂੰ ਇਹ ਗੁੜ੍ਹਤੀ ਉਹਨਾਂ ਦੇ ਮਾਤਾ–ਪਿਤਾ ਕੋਲੋਂ ਮਿਲੀ ਸੀ।

1996 ਦੇ ਕਰੀਬ ਉਹ ਗੁਰੂ ਘਰ ਦੇ ਪ੍ਰਧਾਨ ਵੀ ਰਹੇ ਪਰ ਵਿਰੋਧੀਆਂ ਨੇ ਜਦੋਂ ਇਹਨਾਂ ਨੂੰ ਕੁਝ ਕਿਹਾ ਕਿ ਤੁਸੀਂ ਪ੍ਰਧਾਨਗੀ ਛੱਡ ਦਿਓ, ਉਹ ਲੰਗਰ ਛਕਣ ਲੱਗੇ ਸਨ ਤੇ ਅਚਾਨਕ ਉਹ ਗੁਰੂ ਘਰ ਦੀਆਂ ਚਾਬੀਆਂ ਸਟੇਜ ਤੇ ਵਾਪਸ ਦੇ ਕੇ ਫਿਰ ਲੰਗਰ ਦੀ ਕਤਾਰ ਵਿਚ ਖੜ੍ਹ ਗਏ।

ਇਸ ਤੋਂ ਪਤਾ ਲੱਗਦਾ ਹੈ ਕਿ ਉਹ ਕਿੰਨੇ ਧਾਰਮਿਕ ਸਨ ਤੇ ਬਾਕੀ ਲੋਕਾਂ ਵਾਂਗ ਨਹੀਂ ਸਨ ਜੋ ਗੁਰੂ ਘਰਾਂ ਦੀਆਂ ਪ੍ਰਧਾਨਗੀਆਂ ਨੂੰ ਚਿੰਬੜੇ ਹੋਏ ਹਨ ਤੇ ਛੱਡਣ ਦਾ ਨਾਂ ਨਹੀਂ ਲੈਂਦੇ।

ਇਹ ਤਾਂ ਸੇਵਾ ਹੈ ਸੇਵਾਦਾਰ ਬਣ ਕੇ ਕਰਨੀ ਚਾਹੀਦੀ ਹੈ ਨਾ ਕਿ ਗੁਰੂ ਤੋਂ ਬੇਮੁਖ ਹੋ ਕੇ ਪ੍ਰਧਾਨਗੀ ਕਰਨੀ ਚਾਹੀਦੀ ਹੈ।

ਧਾਮੀ ਸਾਹਿਬ ਨੇ ਪੰਜਾਬੀ ਬੋਲੀ ਦੀ ਟਾਈਪ ਕਰਨ ਲਈ ਡਾ. ਥਿੰਦ ਸਾਹਿਬ ਦੇ ਨਾਲ ਮਿਲ ਕੇ ਲੋਕਾਂ ਲਈ ਟਾਈਪ ਕਰਨਾ ਸੌਖਾ ਕੀਤਾ ਤੇ ਹੋਰ ਵੀ ਬਹੁਤ ਧਾਰਮਿਕ ਕਿਤਾਬਾਂ ਛਪਵਾ ਕੇ ਵੰਡਣ ਦਾ ਕੰਮ ਹਮੇਸ਼ਾ ਕਰਦੇ ਰਹਿੰਦੇ ਸਨ।

ਦਲੀਪ ਸਿੰਘ ਸੌਂਦ ਦੀ ਕਿਤਾਬ ਵੀ ਇਕ ਅੰਗਰੇਜ਼ ਦੀ ਲਿਖੀ ਹੋਈ, ਨੂੰ ਵੀ ਛਪਵਾ ਕੇ ਬਹੁਤ ਲੋਕਾਂ ਨੂੰ ਵੰਡਿਆ। ਦਲੀਪ ਸਿੰਘ ਸੌਂਦ 1956 ਵਿਚ ਮੋਡੈਸਟੋ ਸ਼ਹਿਰ (ਕੈਲੇਫੋਰਨੀਆ) ਤੋਂ ਕਾਂਗਰਸਮੈਨ ਬਣੇ ਸਨ ਕਿਉਂਕਿ ਧਾਮੀ ਸਾਹਿਬ ਨੂੰ ਇਹ ਬਹੁਤ ਇੱਜਤ ਵਾਲਾ ਲੱਗਾ ਤਾਂ ਹੀ ਉਹ ਕਿਤਾਬਾਂ ਛਪਵਾ ਕੇ ਵੰਡਦੇ ਰਹਿੰਦੇ ਸਨ।

ਸਸਕਾਰ ਮੌਕੇ ਇੰਨੀ ਗਿਣਤੀ ’ਚ ਪੰਜਾਬੀ ਪਹੁੰਚੇ, ਜਿੰਨੇ ਅਚਾਨਕ ਕਦੀ ਵੀ ਨਹੀਂ ਆਏ। ਇਹ ਧਾਮੀ ਦੀ ਵਿਲੱਖਣ ਸ਼ਖਸੀਅਤ ਕਰਕੇ ਹੀ ਸੀ। ਧਾਮੀ ਸਾਹਿਬ ਆਪਣੇ ਪਿੱਛੇ ਸੁਪਤਨੀ ਦਵਿੰਦਰ ਕੌਰ, ਸਪੁੱਤਰ ਸ. ਸੁਖਜੀਤ ਸਿੰਘ ਧਾਮੀ ਤੇ ਤਿੰਨ ਧੀਆਂ ਛੱਡ ਗਏ, ਜੋ ਸਾਰੀਆਂ ਵਿਆਹੀਆਂ ਹੋਈਆਂ ਹਨ।

’ਪਰਦੇਸ ਟਾਇਮਜ਼’ ਵੱਲੋਂ ਇਸ ਦੁੱਖ ਦੀ ਘੜੀ ’ਚ ਅਸੀਂ ਪਰਿਵਾਰ ਨਾਲ ਦੁੱਖ ਸਾਂਝਾ ਕਰਦੇ ਹੋਏ ਸ਼ਰਧਾਂਜਲੀ ਭੇਂਟ ਕਰਦੇ ਹਾਂ।

ਵਾਹਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ ’ਚ ਨਿਵਾਸ ਬਖਸ਼ੇ।


Kw SILICON CITY
KELLERWILLIAMS.
To buy Home, business or any kind of property
Gurjeet Rai
408-802-5303
GurjeetRai@kw.com
SoldbyGurjeetRai.com
5-STAR RATING
DRE 02149422

Please consult before finalizing your deal or decision
REALTOR OF THE YEAR 2022
AGENT OF THE EXCELLENCE 2022
2221 Oakland Rd, Ste 268
San Jose CA 95131

# ਭਾਰਤ-ਅਮਰੀਕਾ ਸਬੰਧਾਂ ਦੀ ਬਦਲਦੀ ਅਸਲੀਅਤ



ਜੀ ਪਾਰਥਾਸਾਰਥੀ

ਰੂਸ-ਯੂਕਰੇਨ ਟਕਰਾਅ ਬਾਰੇ ਫ਼ੈਸਲੇ ਕਰਨ ਲਈ ਜਿਸ ਵੇਲੇ ਵਾਸ਼ਿੰਗਟਨ ਵਿੱਚ ਨਾਟੋ ਦੀ ਮੀਟਿੰਗ ਚੱਲ ਰਹੀ ਸੀ ਤਾਂ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੇ ਸੱਦੇ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮਾਸਕੋ ਦੇ ਦੌਰੇ 'ਤੇ ਚਲੇ ਗਏ ਜਿਸ ਤੋਂ ਪੱਛਮੀ ਦੇਸ਼ਾਂ ਦੇ ਆਗੂ ਹੈਰਾਨ ਪ੍ਰੇਸ਼ਾਨ ਰਹਿ ਗਏ।

ਮੋਦੀ ਦੇ ਪਿਛਲੇ ਰੂਸ ਦੌਰਿਆਂ ਵਾਂਗ ਇਹ ਦੌਰਾ ਵੀ ਕਈ ਮੁੱਦਿਆਂ ਖ਼ਾਸਕਰ ਊਰਜਾ ਤੇ ਰੱਖਿਆ ਸਹਿਯੋਗ ਦੇ ਮੁੱਦਿਆਂ ਨੂੰ ਮੁਖ਼ਾਤਿਬ ਹੋਣ ਵਿੱਚ ਸਫ਼ਲ ਰਿਹਾ। ਪ੍ਰਧਾਨ ਮੰਤਰੀ ਦਾ ਦੌਰਾ ਅਮਰੀਕੀ ਵਿਦੇਸ਼ ਵਿਭਾਗ ਵੱਲੋਂ ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੀਆਂ ਖ਼ਿਲਾਫ਼ਵਰਜ਼ੀਆਂ ਬਾਰੇ ਰਿਪੋਰਟ ਪ੍ਰਕਾਸ਼ਿਤ ਹੋਣ ਤੋਂ ਕੁਝ ਹਫ਼ਤੇ ਬਾਅਦ ਹੋਇਆ। ਇਸ ਰਿਪੋਰਟ ਵਿੱਚ ਆਖਿਆ ਗਿਆ ਸੀ ਕਿ ਭਾਰਤ ਅਜਿਹਾ ਮੁਲਕ ਹੈ ਜਿੱਥੇ ਮਨੁੱਖੀ ਹੱਕਾਂ ਦੀਆਂ ਖ਼ਿਲਾਫ਼ਵਰਜ਼ੀਆਂ ਅਕਸਰ ਹੁੰਦੀਆਂ ਹਨ। ਇਸ ਵਿੱਚ ਮਨੀਪੁਰ ਵਿੱਚ ਬਲਾਤਕਾਰ, ਹਥਿਆਰਬੰਦ ਟਕਰਾਅ ਤੇ ਹਮਲਿਆਂ ਅਤੇ ਇਸ ਦੇ ਨਾਲ ਹੀ ਘਰਾਂ, ਦੁਕਾਨਾਂ ਅਤੇ ਧਾਰਮਿਕ ਸਥਾਨਾਂ ਦੀ ਤੋੜ ਭੰਨ ਦੀਆਂ ਘਟਨਾਵਾਂ ਦਾ ਕਾਫ਼ੀ ਜ਼ਿਕਰ ਕੀਤਾ ਗਿਆ ਸੀ।



ਅਮਰੀਕੀ ਵਿਦੇਸ਼ ਵਿਭਾਗ ਦੀ ਰਿਪੋਰਟ ਵਿੱਚ ਇਹ ਗੱਲ ਨੋਟ ਕੀਤੀ ਗਈ ਸੀ ਕਿ ਭਾਰਤ ਵਿੱਚ ਕਾਰਕੁਨਾਂ ਅਤੇ ਪੱਤਰਕਾਰਾਂ ਵੱਲੋਂ ਉੱਤਰ ਪੂਰਬੀ ਸੂਬਿਆਂ ਵਿੱਚ ਹਿੰਸਾ ਦੀਆਂ ਰਿਪੋਰਟਾਂ ਮਿਲਦੀਆਂ ਰਹੀਆਂ ਹਨ। ਇਸ ਤਰ੍ਹਾਂ ਦਾ ਵਰਤਾਰਾ ਕਿਸੇ ਵੀ ਲੋਕਰਾਜ ਵਿੱਚ ਵਾਪਰ ਸਕਦਾ ਹੈ ਜਿੱਥੇ ਲੋਕ ਹਥਿਆਰ ਚੁੱਕ ਲੈਂਦੇ ਹਨ। ਭਾਰਤ ਵਿੱਚ ਇਸ ਕਿਸਮ ਦੀਆਂ ਘਟਨਾਵਾਂ ਦੀ ਕਵਰੇਜ ਕੋਈ ਨਵੀਂ ਗੱਲ ਨਹੀਂ ਹੈ। ਮੀਡੀਆ ਸਮੁੱਚੇ ਭਾਰਤ ਅੰਦਰ ਘਟਨਾਵਾਂ ਨੂੰ ਕਵਰ ਕਰਨ ਲਈ ਸੁਤੰਤਰ ਹੈ। ਜਿਵੇਂ ਤਵੱਕੋ ਕੀਤੀ ਜਾ ਰਹੀ ਸੀ, ਮੋਦੀ ਸਰਕਾਰ ਨੇ ਮਨੀਪੁਰ ਵਿੱਚ ਵਧਦੀ ਹਿੰਸਾ ਨੂੰ ਠੱਲ੍ਹ ਪਾਉਣ ਲਈ ਕਰਫਿਊ ਲਾਗੂ ਕਰ ਕੇ ਸੁਰੱਖਿਆ ਦਸਤੇ ਤਾਇਨਾਤ ਕਰ ਦਿੱਤੇ ਸਨ। ਇਸ ਸਬੰਧ ਵਿੱਚ ਸੁਪਰੀਮ ਕੋਰਟ ਨੇ ਦਖ਼ਲ ਦਿੰਦਿਆਂ ਮਨੀਪੁਰ ਵਿੱਚ ਸ਼ਾਂਤੀ ਬਹਾਲ ਕਰਾਉਣ ਲਈ ਕਾਰਗਰ ਕਦਮ ਚੁੱਕਣ ਲਈ ਕਿਹਾ ਸੀ।

ਮਨੀਪੁਰ ਵਿੱਚ ਹਿੰਸਾ ਦੇ ਦੌਰ ਨੂੰ ਕਾਫ਼ੀ ਹੱਦ ਤੱਕ ਠੱਲ੍ਹ ਪੈ ਚੁੱਕੀ ਹੈ। ਵਿਰੋਧੀ ਧਿਰ ਮਨੀਪੁਰ ਸਰਕਾਰ ਦੀਆਂ ਨੀਤੀਆਂ ਦੀ ਨਿਖੇਧੀ ਕਰਦੀ ਰਹੀ ਹੈ। ਅਜਿਹੇ ਮੁੱਦਿਆਂ ਨੂੰ ਦੇਸ਼ ਦੇ ਸੰਵਿਧਾਨ ਦੇ ਚੌਖਟੇ ਤਹਿਤ ਅਤੇ ਵਿਰੋਧੀ ਧਿਰ ਦੀ ਸਰਗਰਮ ਭਾਈਵਾਲੀ ਤੇ ਅਕਸਰ ਸੁਪਰੀਮ ਕੋਰਟ ਦੇ ਦਖ਼ਲ ਨਾਲ ਸੁਲਝਾਇਆ ਜਾਂਦਾ ਹੈ। ਉਂਝ, ਭਾਰਤ ਵਿਚਲੀਆਂ ਘਟਨਾਵਾਂ ਉੱਪਰ ਅਮਰੀਕਾ ਸਰਕਾਰ ਦੀ ਰਿਪੋਰਟ ਇੱਕਪਾਸੜ, ਗ਼ੈਰ-ਹਕੀਕੀ ਅਤੇ ਗ਼ੈਰ-ਕੂਟਨੀਤਕ ਨਜ਼ਰ ਆਉਂਦੀ ਹੈ। ਇਸ ਨੂੰ ਗ਼ਲਤ ਸਲਾਹ ਦਾ ਸਿੱਟਾ ਕਿਹਾ ਜਾ ਸਕਦਾ ਹੈ ਜਿਸ ਨਾਲ ਭਾਰਤ-ਅਮਰੀਕਾ ਸਬੰਧਾਂ ਵਿੱਚ ਨਿਘਾਰ ਦਾ ਦੌਰ ਸ਼ੁਰੂ ਹੋ ਗਿਆ ਹੈ।

ਹੁਣ ਭਾਰਤ ਲਈ ਮੁੱਖ ਸਵਾਲ ਇਹ ਹੈ ਕਿ ਜੇ ਕਮਲਾ ਹੈਰਿਸ ਰਾਸ਼ਟਰਪਤੀ ਦੀ ਚੋਣ ਜਿੱਤ ਜਾਂਦੇ ਹਨ ਤਾਂ ਕੀ ਉਹ ਮੌਜੂਦਾ ਰਾਸ਼ਟਰਪਤੀ ਜੋਅ ਬਾਇਡਨ ਵਾਲੀ ਅਸਪਸ਼ਟ ਅਤੇ ਗ਼ੈਰ-ਦੋਸਤਾਨਾ ਪਹੁੰਚ ਹੀ ਅਪਣਾਉਣਗੇ ਜਾਂ ਰਣਨੀਤਕ ਸਬੰਧਾਂ 'ਤੇ ਧਿਆਨ ਕੇਂਦਰਿਤ ਕਰ ਕੇ ਦੁਵੱਲੇ ਸਬੰਧਾਂ ਨੂੰ ਨਵੀਆਂ ਉਚਾਈਆਂ 'ਤੇ ਲਿਜਾਣਗੇ। ਉਂਝ, ਭਾਰਤ-ਅਮਰੀਕਾ ਸਬੰਧਾਂ ਵਿੱਚ ਨਵੀਂ ਸ਼ੁਰੂਆਤ ਦੀ ਆਸ ਰੱਖਣੀ ਚਾਹੀਦੀ ਹੈ। ਦਿਲਚਸਪ ਗੱਲ ਇਹ ਹੈ ਕਿ 'ਦਿ ਵਾਲ ਸਟਰੀਟ ਜਰਨਲ' ਅਖ਼ਬਾਰ ਨੇ ਇਹ ਗੱਲ ਨੋਟ ਕੀਤੀ ਹੈ: "ਡੈਮੋਕਰੈਟਾਂ ਵਿੱਚ ਨਵਾਂ ਜੋਸ਼ ਦਿਖਾਈ ਦੇ ਰਿਹਾ ਹੈ ਅਤੇ ਉਹ ਕਮਲਾ ਹੈਰਿਸ ਨੂੰ ਰਾਸ਼ਟਰਪਤੀ ਬਣਾਉਣ ਲਈ ਲੱਕ ਬੰਨ੍ਹ ਕੇ ਜੁਟ ਗਏ ਹਨ।" ਨਾਲ ਹੀ ਇਹ ਗੱਲ ਵੀ ਨਜ਼ਰ ਆ ਰਹੀ ਹੈ ਕਿ ਡੈਮੋਕਰੈਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਦੀ ਚੋਣ ਵਿੱਚ ਰਿਪਬਲਿਕਨ ਉਮੀਦਵਾਰ ਡੋਨਲਡ ਟਰੰਪ ਨਾਲ ਲੋਹਾ ਲੈਣ ਦਾ ਹੌਸਲਾ ਵਧ ਰਿਹਾ ਹੈ। ਆਉਣ ਵਾਲੇ ਮਹੀਨਿਆਂ ਵਿੱਚ ਅਮਰੀਕੀ ਪ੍ਰਸ਼ਾਸਨ ਦਾ ਬਹੁਤਾ ਧਿਆਨ ਰੂਸ-ਯੂਕਰੇਨ ਟਕਰਾਅ 'ਤੇ ਕੇਂਦਰਿਤ ਰਹੇਗਾ; ਰਾਸ਼ਟਰਪਤੀ ਬਾਇਡਨ ਦੀ ਅਗਵਾਈ ਹੇਠ ਪੱਛਮੀ ਜਗਤ ਯੂਕਰੇਨ ਸਰਕਾਰ ਦੀ ਮਦਦ ਲਈ ਹੋਰ ਜ਼ਿਆਦਾ ਧਨ, ਹਥਿਆਰ ਤੇ ਅਸਲਾ ਮੁਹੱਈਆ ਕਰਾਉਂਦਾ ਰਹੇਗਾ। ਇੱਕ ਜਰਮਨ ਸੰਸਥਾ ਮੁਤਾਬਿਕ ਅਮਰੀਕਾ ਅਤੇ ਯੂਰੋਪੀਅਨ ਯੂਨੀਅਨ ਨੇ 2022 ਤੋਂ ਲੈ ਕੇ ਯੂਕਰੇਨ ਨੂੰ ਫ਼ੌਜੀ, ਵਿੱਤੀ ਅਤੇ ਮਾਨਵੀ ਇਮਦਾਦ ਦੇ ਰੂਪ ਵਿੱਚ 380 ਅਰਬ ਡਾਲਰ ਤੋਂ ਵੱਧ ਮੁਹੱਈਆ ਕਰਾਉਣ ਦਾ ਅਹਿਦ ਲਿਆ ਸੀ। ਯੂਕਰੇਨ ਯੁੱਧ ਦਾ ਅਸਰ ਸਮੁੱਚੇ ਯੂਰੋਪ ਅੰਦਰ ਮਹਿਸੂਸ ਕੀਤਾ ਜਾ ਰਿਹਾ ਹੈ। ਹੋਰ ਤਾਂ ਹੋਰ ਅਜ਼ਰਬਾਇਜਾਨ ਵੀ ਸੂਡਾਨ ਜ਼ਰੀਏ ਯੁੱਧ ਖੇਤਰ ਵਿੱਚ ਬੰਬ ਮੁਹੱਈਆ ਕਰਵਾ ਰਿਹਾ ਹੈ। ਪਾਕਿਸਤਾਨ ਵੀ ਇਸ ਪੱਖੋਂ ਪਿਛਾਂਹ ਨਹੀਂ ਰਿਹਾ, ਸੁਣਨ 'ਚ ਆਇਆ ਹੈ ਕਿ ਇਸ ਨੇ ਕਾਮੀਕਾਜ਼ੇ ਡਰੋਨ, ਮੈਨ ਪੋਰਟੇਬਲ ਏਅਰ ਡਿਫੈਂਸ ਸਿਸਟਮਜ਼ ਅਤੇ ਧਰਤੀ ਤੋਂ ਹਵਾ ਵਿੱਚ ਮਾਰ ਕਰਨ ਵਾਲੀਆਂ ਮਿਜ਼ਾਇਲਾਂ ਮੁਹੱਈਆ ਕਰਵਾਈਆਂ ਹਨ। ਹੈਰਤ ਹੁੰਦੀ ਹੈ ਕਿ ਇਹ ਟਕਰਾਅ ਹੋਰ ਕਿੰਨਾ ਸਮਾਂ ਚਲਦਾ ਰਹੇਗਾ। ਇਹ ਐਸੀ ਜੰਗ ਹੈ ਜੋ ਚਲਦੀ ਹੀ ਰਹੇਗੀ ਬਸ਼ਰਤੇ ਅਮਰੀਕੀ ਦਖ਼ਲਅੰਦਾਜ਼ੀ ਦਾ ਵਿਰੋਧ ਕਰਨ ਵਾਲੇ ਆਗੂ ਡੋਨਲਡ ਟਰੰਪ ਚੋਣ ਜਿੱਤ ਕੇ ਰਾਸ਼ਟਰਪਤੀ ਨਹੀਂ ਬਣ ਜਾਂਦੇ। ਟਰੰਪ ਨੇ ਇਹ ਗੱਲ ਸਪਸ਼ਟ ਕਰ ਦਿੱਤੀ ਹੈ ਕਿ ਉਹ ਯੂਕਰੇਨ ਵਿੱਚ ਅਮਰੀਕੀ ਕਰਦਾਤਿਆਂ ਦਾ ਪੈਸਾ ਖਰਚਣ ਵਿੱਚ ਦਿਲਚਸਪੀ ਨਹੀਂ ਰੱਖਦੇ। ਜੇ ਹੈਰਿਸ ਕਦੇ ਨਾ ਖ਼ਤਮ ਹੋਣ ਵਾਲੇ ਜਾਪਦੇ ਇਸ ਟਕਰਾਅ ਲਈ ਲਗਾਤਾਰ ਪੈਸਾ ਤੇ ਹਥਿਆਰ ਦੇਣ ਦੀ ਬਾਇਡਨ ਦੀ ਨੀਤੀ 'ਤੇ ਕਾਇਮ ਰਹਿੰਦੇ ਹਨ ਤਾਂ ਭਵਿੱਖ 'ਚ ਗੰਭੀਰ ਚੁਣੌਤੀਆਂ ਖੜ੍ਹੀਆਂ ਹੋਣਗੀਆਂ। ਰੂਸ ਕਬਜ਼ੇ 'ਚ ਲਏ ਕੁਝ ਖੇਤਰਾਂ ਨੂੰ ਛੱਡਣ ਲਈ ਭਾਵੇਂ ਸਹਿਮਤ ਹੋ ਜਾਵੇ ਪਰ ਇਹ ਸਾਗਰ ਤੱਕ ਪਹੁੰਚ 'ਤੇ ਮਜ਼ਬੂਤ ਪਕੜ ਬਰਕਰਾਰ ਰੱਖੇ ਬਿਨਾਂ ਕਿਸੇ ਸਮਝੌਤੇ ਲਈ ਸਹਿਮਤ ਨਹੀਂ ਹੋਵੇਗਾ। ਇਤਿਹਾਸਕ ਪੱਖ ਤੋਂ ਵੀ ਇੱਥੇ ਤੱਕ ਰੂਸ ਦਾ ਪਹਿਲਾਂ ਕਬਜ਼ਾ ਰਿਹਾ ਹੈ। ਯੂਕਰੇਨ ਵਿਚ ਰੂਸ ਦਾ ਫੌਜੀ ਦਖ਼ਲ ਉਦੋਂ ਹੀ ਸ਼ੁਰੂ ਹੋਇਆ ਜਦੋਂ ਇਹ ਸਪਸ਼ਟ ਹੋ ਗਿਆ ਕਿ ਯੂਕਰੇਨੀ ਰਾਸ਼ਟਰ-ਪਤੀ ਜ਼ੇਲੈਂਸਕੀ ਅਮਰੀਕਾ ਨਾਲ ਜਿਹੜੀ ਕਾਰਵਾਈ ਲਈ ਹੱਥ ਮਿਲਾ ਰਿਹਾ ਹੈ, ਉਹ ਰੂਸ ਦੀ ਖੇਤਰੀ ਅਖੰਡਤਾ ਤੇ ਕੌਮੀ ਸੁਰੱਖਿਆ ਲਈ ਖ਼ਤਰਾ ਬਣੇਗੀ।

ਯੂਰੋਪੀਅਨ ਤਾਕਤਾਂ ਦੀ ਲਾਲਸਾ ਤੇ ਹੋੜ 'ਚ ਸ਼ਾਮਿਲ ਹੋਣ ਵਿਚ ਭਾਰਤ ਦੀ ਬਿਲਕੁਲ ਕੋਈ ਦਿਲਚਸਪੀ ਨਹੀਂ ਪਰ ਜਦੋਂ ਕੋਈ ਵਿਦੇਸ਼ੀ ਤਾਕਤ ਇਸ ਦੇ ਖ਼ਿਲਾਫ਼ ਪ੍ਰਾਪੇਗੰਡਾ ਵਿੱਢਣ ਦੀ ਕੋਸ਼ਿਸ਼ ਕਰਦੀ ਹੈ ਤਾਂ ਇਹ ਢਿੱਲ ਨਹੀਂ ਵਰਤ ਸਕਦਾ। ਨਵੀਂ ਦਿੱਲੀ ਆਖ਼ਿਰਕਾਰ ਵਾਸ਼ਿੰਗਟਨ 'ਚ ਅਜਿਹੇ ਹੁਕਮਰਾਨ (ਬਾਇਡਨ) ਨਾਲ ਸਿੱਝ ਰਹੀ ਹੈ ਜੋ ਉਪ ਰਾਸ਼ਟਰਪਤੀ ਹੁੰਦਿਆਂ ਪਾਕਿਸਤਾਨ ਦੇ ਚੋਟੀ ਦੇ ਫ਼ੌਜੀ ਜਰਨੈਲ ਨੂੰ ਮਿਲਣ ਲਈ ਹੀ ਰਾਜਧਾਨੀ ਇਸਲਾਮਾਬਾਦ ਤੋਂ ਰਾਵਲਪਿੰਡੀ ਚਲੇ ਗਏ ਸੀ।

ਇਸ ਦੌਰਾਨ ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਜੁਲਾਈ 2021 ਦੇ ਆਪਣੇ ਭਾਰਤ ਦੌਰੇ ਦੇ ਦਿਨਾਂ ਤੋਂ ਹੀ ਮਨੁੱਖੀ ਅਧਿਕਾਰਾਂ ਬਾਰੇ ਟਿੱਪਣੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਉਨ੍ਹਾਂ ਉਦੋਂ ਕਿਹਾ ਸੀ, "ਦੁਨੀਆ ਵਿੱਚ ਬਹੁਤ ਘੱਟ ਅਜਿਹੇ ਰਿਸ਼ਤੇ ਹੋਣਗੇ ਜੋ ਅਮਰੀਕਾ ਤੇ ਭਾਰਤ ਦੇ ਰਿਸ਼ਤਿਆਂ ਤੋਂ ਵੱਧ ਮਹੱਤਵਪੂਰਨ ਹੋਣਗੇ। ਅਸੀਂ ਦੁਨੀਆ ਦੇ ਦੋ ਮੋਹਰੀ ਲੋਕਤੰਤਰ ਹਾਂ ਤੇ ਸਾਡੀ ਵੰਨ-ਸਵੰਨਤਾ ਸਾਡੀ ਤਾਕਤ ਹੈ... ਸਾਡੇ ਦੋਵਾਂ ਦੇ ਲੋਕਤੰਤਰ ਲਗਾਤਾਰ ਵਿਕਸਤ ਹੋ ਰਹੇ ਹਨ।

ਕਈ ਵਾਰ ਇਹ ਪ੍ਰਕਿਰਿਆ ਕਸ਼ਟਦਾਇਕ ਹੁੰਦੀ ਹੈ। ਕਈ ਵਾਰ ਕੋਝੀ ਹੁੰਦੀ ਹੈ ਪਰ ਲੋਕਤੰਤਰ ਦੀ ਇਹ ਤਾਕਤ ਹੈ ਕਿ ਉਹ ਇਸ ਨਾਲ ਨਿਭਦਾ ਹੈ।" ਇਹ ਸਾਫ਼ ਨਹੀਂ ਹੈ ਕਿ ਜੇ ਬੀਬੀ ਹੈਰਿਸ ਰਾਸ਼ਟਰਪਤੀ ਬਣ ਗਏ ਤਾਂ ਉਹ ਵਿਦੇਸ਼ ਵਿਭਾਗ ਨੂੰ ਕਿਵੇਂ ਚਲਾਉਣਗੇ; ਉਮੀਦ ਹੈ, ਵਾਸ਼ਿੰਗਟਨ 'ਚ ਬੈਠੇ ਲੋਕ ਇਸ ਗੱਲ ਨੂੰ ਸਮਝਣਗੇ ਕਿ ਇੱਕ ਪਾਸੇ ਭਾਰਤ ਨੂੰ ਰਣਨੀਤਕ ਭਾਈਵਾਲ ਦੱਸਣਾ, ਦੂਜੇ ਪਾਸੇ ਕਥਿਤ ਮਨੁੱਖੀ ਹੱਕਾਂ ਦੀ ਉਲੰਘਣਾ ਲਈ ਸਰਕਾਰੀ ਦਸਤਾਵੇਜ਼ਾਂ 'ਚ ਇਸ ਦੀ ਆਲੋਚਨਾ ਕਰਨਾ ਪਰਸਪਰ ਵਿਰੋਧੀ ਹੈ। ਦਿਲਚਸਪ ਤੱਥ ਹੈ ਕਿ ਹੈਰਿਸ ਨੇ ਟਰੰਪ ਨਾਲ ਮੁਕਾਬਲੇ ਦੀ ਚੁਣੌਤੀ ਕਬੂਲ ਲਈ ਹੈ ਜਿਸ (ਟਰੰਪ) ਦਾ ਉਪ ਰਾਸ਼ਟਰਪਤੀ ਉਮੀਦਵਾਰ 39 ਸਾਲਾ ਸੈਨੇਟਰ ਜੇ ਡੀ ਵੈਂਸ ਹੈ; ਤੇ ਉਸ ਦੀ ਪਤਨੀ (ਊਸ਼ਾ ਵੈਂਸ) ਭਾਰਤੀ ਮੂਲ ਦੀ ਹੈ। ਚੋਣ ਪ੍ਰਚਾਰ ਭਖ ਰਿਹਾ ਹੈ ਤੇ ਆਉਣ ਵਾਲਾ ਸਮਾਂ ਦਿਲਚਸਪ ਹੋਵੇਗਾ।

# ਪ੍ਰਵਾਸੀ ਸਿੱਖ ਦਾ ਪ੍ਰਵਾਸੀ ਸਿੱਖਾਂ ਪ੍ਰਤੀ ਸ਼ਿਕਵਾ !



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਗੈਰਾਂ ਨਾ.ਲ ਨਹੀਂ ਸਗੋਂ ਗਿਲੇ ਸ਼ਿਕਵੇ ਹਮੇਸ਼ਾਂ ਆਪਣਿਆਂ ਨਾ.ਲ ਹੀ ਹੁੰਦੇ ਨੇ ਜੀ।ਗੱਲ ਕਰਨ ਜਾ ਰਿਹਾ ਹਾਂ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦੇ ਵਿਦੇਸ਼ੀ ਦੌਰਿਆਂ ਬਾਰੇ। ਜਦੋਂ ਤੋਂ ਪੰਥਕ ਕੇਂਦਰ (ਸ੍ਰੀ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਉੱਤੇ ਬਾਦਲ ਪ੍ਰਵਾਰ (ਪਹਿਲਾਂ ਮਰਹੂਮ ਵੱਡੇ ਬਾਦਲ ਤੇ ਹੁਣ ਸੁਖਬੀਰ ਬਾਦਲ) ਦਾ ਕਬਜਾ ਹੋਇਆ ਹੋਇਆ ਹੈ, ਉਦੋਂ ਦਾ ਹੀ ਸਾਰਾ ਸਿੱਖ ਜਗਤ ਇਸ ਕਬਜੇ ਦੇ ਵਿਰੋਧ ਵਿੱਚ ਤੜਪਦਾ ਤੇ ਕ.ਲਪਦਾ ਆ ਰਿਹਾ ਹੈ। ਉਸੇ ਟੱਬਰ ਵਲੋਂ ਹੀ ਆਪਣੀਆਂ ਸਿਆਸੀ ਗਿਣਤੀਆਂ-ਮਿਣਤੀਆਂ ਜਾਂ ਲੋੜਾਂ ਕਹਿ ਲਉ,ਨੂੰ ਮੁੱਖ ਰੱਖ ਕੇ ਕਈ ਦਹਾਕਿਆਂ ਤੋਂ ਹੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰਾਂ ਦੀ ਅਦਲਾ-ਬਦਲੀ ਕੀਤੀ ਜਾ ਰਹੀ ਹੈ। ਜਿਸ ਨੂੰ ਪੰਥ ਬੇਬਸੀ ਨਾ.ਲ ਦੇਖਦਾ ਆ ਰਿਹਾ ਹੈ।

ਸੰਨ 1999 ਵਿਚ ਜਥੇਦਾਰ ਭਾਈ ਰਣਜੀਤ ਸਿੰਘ ਨੂੰ ਜਬਰੀ ਬਰਖਾਸਤ ਕਰਨ ਤੋਂ ਲੈ ਕੇ ਮੌਜੂਦਾ ਜਥੇਦਾਰ ਭਾਈ ਰਘਬੀਰ ਸਿੰਘ ਤੋਂ ਪਹਿਲੇ ਗਿਆਨੀ ਹਰਪ੍ਰੀਤ ਸਿੰਘ ਤੱਕ ਹਰੇਕ ਜਥੇਦਾਰ ਦੀ ਚੁੱਪ ਚੁਪੀਤੇ ਬਰਖਾਸਤਗੀ ਕਰਨ ਵੇਲੇ ਕਦੇ ਸਿੱਖ ਪੰਥ ਨੂੰ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਕਿ ਜਥੇਦਾਰ ਨੂੰ ਕਿਹੜੇ ਕਾਰਨਾਂ ਕਰਕੇ ਅਹੁਦਾ-ਮੁਕਤ ਕੀਤਾ ਗਿਆ ਹੈ। ਇਸੇ ਤਰਾਂ ਨਵਾਂ ਜਥੇਦਾਰ ਥਾਪਣ ਵੇਲੇ ਕੁੱਝ ਨਹੀਂ ਦੱਸਿਆ ਜਾਂਦਾ ਕਿ ਉਸਨੂੰ ਕਿਹੜੀ ਕਿਹੜੀ ਸਿੱਖ ਜਥੇਬੰਦੀ ਨੇ ਨਿਯੁਕਤ ਕਰਨ ਲਈ ਸਹਿਮਤੀ ਦਿੱਤੀ ਹੈ! ਜਾਂ ਉਸਦੀ ਕਿਸ ਪ੍ਰਕਿਰਿਆ ਰਾਹੀਂ ਚੋਣ ਕੀਤੀ ਗਈ ਹੈ? ਜਾਣੀ ਕਿ ਕੁੱਲ ਮਿ.ਲਾ ਕੇ ਖਾਲਸਾ ਪੰਥ ਦੀ ਇਸ ਸਰਬੋਤਮ ਪਦਵੀ ਲਈ ਇੱਕੋ ਟੱਬਰ ਹੀ 'ਬੁੱਕ.ਲ ਵਿਚ ਗੁੜ ਭੋਰਦਾ' ਆ ਰਿਹਾ ਹੈ!

ਇੱਥੇ ਇਹ ਵੀ ਜੱਗ ਜਾਹਰ ਸੱਚ ਹੈ ਕਿ ਅਜਿਹੀ ਅਦਲਾ-ਬਦਲੀ ਵੇਲੇ ਦੇਸ ਵਿਦੇਸ਼ ਦੇ ਸਿੱਖਾਂ ਵਲੋਂ ਇਸ ਗੁਪਤੋ-ਗੁਪਤੀ ਦੀ ਕਾਰਵਾਈ ਵਿਰੁੱਧ ਤਕੜਾ ਵਿਰੋਧ ਪ੍ਰਗਟਾਇਆ ਜਾਂਦਾ ਹੈ। ਖਾਸ ਕਰਕੇ ਵਿਦੇਸ਼ਾਂ ਦੀਆਂ ਅਜ਼ਾਦ ਫਿਜ਼ਾਵਾਂ ਵਿਚ ਵਸਦੇ ਜਾ-ਗਰੂਕ ਪ੍ਰਵਾਸੀ ਸਿੱਖਾਂ ਵਲੋਂ ਪੰਥਕ ਕੇਂਦਰ ਦੀ ਗੁਲਾਮੀ ਵਿਰੁੱਧ ਡਟ ਕੇ ਅਵਾਜ਼ ਬੁਲੰਦ ਕੀਤੀ ਜਾਂਦੀ ਹੈ! ਪਰ ਉਦੋਂ ਬਹੁਤ ਹੈਰਾਨੀ ਹੁੰਦੀ ਹੈ ਜਦ ਏਹੀ ਪ੍ਰਵਾਸੀ ਸਿੱਖ ਭਰਾ ਬਾਦਲੀ-ਗੁਲਾਮੀ ਵਾ.ਲੀ ਪ੍ਰਕਿਰਿਆ 'ਚੋਂ ਨਿਕ.ਲੇ ਹੋਏ 'ਜਥੇਦਾਰਾਂ' ਨੂੰ ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਆਦਿ ਬਾਹਰਲੇ ਦੇਸਾਂ ਵਿਖੇ ਹੋਣ ਵਾ.ਲੇ ਧਾਰਮਿਕ ਸਮਾਗਮਾਂ ਵਿਚ ਸੱਦ ਸੱਦ ਕੇ 'ਲਫਾਫੇ' ਅਤੇ ਸਿਰੋਪੇ ਭੇਂਟ ਕਰਦੇ ਹਨ!



## ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਬਾਲਾ ਪ੍ਰੀਤਮ ਗੁਰਮਿਤ ਸਮਾਗਮ ਸਾਊਥਾਲ ਵਿੱਚ ਕੀਤੀ ਸ਼ਮੂਲੀਅਤ

ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨਾਲ ਕਾਬਲ ਦੀਆਂ ਸਿੱਖ ਸੰਗਤਾਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਬਾਲਾ ਪ੍ਰੀਤਮ ਗੁਰਮਿਤ ਸਮਾਗਮ ਸਾਊਥਾਲ ਵਿਖੇ ਸ਼ਿਰਕਤ ਕਰਨ ਲਈ ਉਚੇਚੇ ਤੌਰ ਤੇ ਪਹੁੰਚੇ। ਅਫਗਾਨ ਦੀਆਂ ਸਿੱਖ ਸੰਗਤਾਂ ਵੱਲੋਂ ਕਰਵਾਏ ਗਏ ਉਕਤ ਸਮਾਗਮ ਵਿੱਚ ਗੁਰਬਾਣੀ ਵਿਚਾਰਾਂ ਸਾਂਝੀਆਂ ਕੀਤੀਆਂ। ਅਫ਼ਗਾਨਿਸਤਾਨ ਤੋਂ ਆਏ ਅਤੇ ਯੂ ਕੇ ਰਹਿੰਦੇ ਸਿੱਖਾਂ ਦੇ ਇੱਕ ਵਫ਼ਦ ਨਾਲ ਵੀ ਜਥੇਦਾਰ ਗਜਿੰਦਰ ਸਿੰਘ ਖ਼ਾਲਸਾ ਦੀ ਅਗਵਾਈ ਵਿੱਚ ਪੰਥਕ ਵਿਚਾਰਾਂ ਸਾਂਝੀਆਂ

ਸਵਾਲ ਪੈਦਾ ਹੁੰਦਾ ਹੈ ਕਿ ਕੀ ਪ੍ਰਵਾਸੀ ਸਿੱਖ ਅਜਿਹਾ ਕਰਦਿਆਂ ਬਾਦਲੀ ਪ੍ਰਕਿਰਿਆ ਨੂੰ ਮਾਨਤਾ ਨਹੀਂ ਦੇ ਰਹੇ ਹੁੰਦੇ ?

ਇਕ ਪਾਸੇ 'ਹਾਏ ਪੰਥਕ ਕੇਂਦਰ ਗੁਲਾਮ!' ਦੀ ਦਰਦ ਭਰੀ ਪੁਕਾਰ ਪਰ ਨਾ.ਲ ਹੀ ਬਾਦਲਾਂ ਦੁਆਰਾ ਥਾਪਿਆ (ਅਸਲ ਵਿਚ ਥੋਪਿਆ) ਹੋਇਆ ਹਰੇਕ ਜਥੇਦਾਰ ਸਾਡਾ 'ਵਿਸ਼ੇਸ਼ ਮਹਿਮਾਨ' ਬਣਿਆਂ ਹੁੰਦਾ ਐ! ਜਿਸਨੂੰ ਸਮਾਗਮਾਂ ਦੀਆਂ ਖਬਰਾਂ/ਇਸ਼ਤਿਹਾਰਾਂ ਆਦਿ ਵਿਚ ਜਥੇਦਾਰ ਫਲਾਣਾ ਸਿੰਘ ਜੀ 'ਉਚੇਚੇ ਤੌਰ 'ਤੇ ਸ਼ਾਮਲ' ਹੋਇਆ ਲਿਖਿਆ ਹੁੰਦਾ ਹੈ! ਪਤਾ ਨਹੀਂ ਕਿਹੜੇ ਹੀਰੇ ਮੋਤੀਆਂ ਨਾ.ਲ ਸ਼ਿੰਗਾਰੇ ਹੋਏ ਹਾਥੀ ਦੀ ਸਵਾਰੀ ਕਰਕੇ ਉਹ ਵਿਦੇਸ਼ੀ ਇਕੱਠਾਂ ਵਿੱਚ 'ਉਚੇਚਾ' ਸ਼ਾਮਲ ਹੋਇਆ ਹੁੰਦਾ ਐ!! ਕੀ ਅਜਿਹੇ ਦੋਹਰੇ ਕਿਰਦਾਰ ਕਾਰਨ ਅਸੀਂ ਪ੍ਰਵਾਸੀ ਸਿੱਖ ਖੁਦ ਉੱਤੇ 'ਦੋਗਲੇ' ਹੋਣ ਦਾ ਠੱਪਾ ਨਹੀਂ ਲਗਵਾ ਰਹੇ ਹੁੰਦੇ ?

ਮਿਸਾਲ ਵਜੋਂ ਇੰਗਲੈਂਡ (ਡਰਬੀ) ਵਿਚ ਛਪਦੀ ਪੰਥਕ ਮੰਨੀ ਜਾਂਦੀ ਅਖਬਾਰ 'ਪੰਜਾਬ ਟਾਈਮਜ਼' (25th ਜੁਲਾਈ-1 ਅਗਸਤ 2024 ਸਫਾ 10) ਵਿਚ ਇਕ ਫੋਟੋ ਸਮੇਤ ਖਬਰ ਛਪੀ ਹੋਈ ਹੈ ਅਖੇ ਗਿਆਨੀ ਰਘਬੀਰ ਸਿੰਘ ਨੇ ਸਾਊਥਾਲ ਦੇ ਗੁਰਮਤਿ ਸਮਾਗਮ ਵਿਚ ਕੀਤੀ ਸ਼ਮੂਲੀਅਤ! ਇਸ ਖਬਰ ਵਿਚ ਵੀ 'ਉਚੇਚੇ ਤੌਰ ਤੇ ਪਹੁੰਚੇ' ਲਿਖਿਆ ਹੋਇਆ ਹੈ! ਵਾਹ !! ਇਸ ਤੱਥ ਵਿਚ ਕੋਈ ਦੋ ਰਾਵਾਂ ਨਹੀਂ ਕਿ ਪੰਥ ਵਿੱਚ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦੀ ਪਦ-ਪਦਵੀ ਸਰਬੋਤਮ ਹੈ ਪਰ ਜਦੋਂ ਤੱਕ ਪੰਥਕ ਕੇਂਦਰ ਅਜ਼ਾਦ ਨਹੀਂ ਹੋ ਜਾਂਦਾ ਤਦ ਤੱਕ ਵਿਦੇਸ਼ੀ (ਦੇਸ ਵਿਚ ਵੀ)ਧਰਤੀ 'ਤੇ ਆਯੋਜਤ ਕੀਤੇ ਜਾਣ ਵਾ.ਲੇ ਧਾਰਮਿਕ ਸਮਾਗਮਾਂ ਦੇ ਮੁੱਖ ਬੁਲਾਰੇ ਵਾਸਤੇ, ਸਿੱਖੀ ਰਹੁਰੀਤਾਂ ਅਨੁਸਾਰ ਜੀਵਨ ਬਿਤਾ ਰਹੇ ਕਿਸੇ ਸਥਾਨਕ ਕਿਰਤੀ ਸਿੱਖ ਦੀ ਚੋਣ ਕਰ ਲੈਣੀ ਚਾਹੀਦੀ ਹੈ। ਜਾਂ ਫਿਰ ਵਿਦੇਸ਼ ਦੇ ਗੁਰਦੁਆਰਿਆਂ ਵਿਚ ਪੰਜਾਬ ਤੋਂ ਆਏ ਹੋਏ ਰਾਗੀਆਂ, ਕਥਾਵਾਚਕਾਂ ਜਾਂ ਪਾਠੀ ਸਿੰਘਾਂ ਵਿੱਚੋਂ ਹੀ ਕਿਸੇ ਇਕ ਤੋਂ ਇਹ ਸੇਵਾ ਲਈ ਜਾ ਸਕਦੀ ਹੈ।

ਮੱਤ ਕੋਈ ਸਮਝੇ ਕਿ ਇਨ੍ਹਾਂ ਸਤਰਾਂ ਦੇ ਲੇਖਕ ਨੂੰ ਕਿਸੇ ਖਾਸ ਸਿੱਖ ਸਖਸ਼ੀਅਤ ਜਾਂ ਕਿਸੇ ਜਥੇਦਾਰ ਨਾ.ਲ ਕੋਈ ਨਿੱਜੀ ਰੰਜਿਸ਼ ਹੈ! ਅਜਿਹਾ ਬਿਲਕੁਲ ਨਹੀਂ ਹੈ। ਸਿਰਫ ਤੇ ਸਿਰਫ ਪੰਥਕ ਕੇਂਦਰ ਖਾਸ ਕਰ ਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਰੁਤਬੇ ਦੀ ਨਿਰਾਲੀ ਸ਼ਾਨ ਅਤੇ ਪ੍ਰਭਤਾ ਦਾ ਮੁਤਲਾਸ਼ੀ ਹੋਣ ਸਦਕਾ ਇਹ ਵਿਚਾਰ ਪਗਟਾਏ ਹਨ!!

# ਸਵਾਲਾਂ 'ਚ ਘਿਰੀ ਸਭ ਤੋਂ ਮੁਲਕ ਦੀ ਵੱਕਾਰੀ ਪ੍ਰੀਖਿਆ




ਵਿਕਾਸ ਸਾਰਸਵਤ

ਸੰਘ ਲੋਕ ਸੇਵਾ ਆਯੋਗ ਯਾਨੀ ਯੂਪੀਐੱਸਸੀ ਦੁਆਰਾ ਸਿਵਲ ਸੇਵਾ ਪ੍ਰੀਖਿਆ ਵਿਚ ਪੂਜਾ ਖੇਡਕਰ ਦੀ ਉਮੀਦਵਾਰੀ ਸਮਾਪਤ ਕਰ ਕੇ ਇਕ ਵਿਵਾਦਤ ਘਟਨਾਚੱਕਰ ਨੂੰ ਸਮਾਪਤ ਕਰਨ ਦਾ ਯਤਨ ਕੀਤਾ ਗਿਆ ਹੈ। ਮਹਾਰਾਸ਼ਟਰ ਕੇਡਰ ਦੀ ਟਰੇਨੀ ਆਈਏਐੱਸ ਅਧਿਕਾਰੀ ਰਹੀ ਖੇਡਕਰ 'ਤੇ ਕਮਿਸ਼ਨ ਨੇ ਭਵਿੱਖ ਵਿਚ ਆਪਣੀ ਕਿਸੇ ਵੀ ਪ੍ਰੀਖਿਆ ਵਿਚ ਭਾਗੀਦਾਰੀ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਨੌਕਰੀ ਵਿਚ ਕਦਾਚਾਰ ਅਤੇ ਭਰਤੀ ਲਈ ਫ਼ਰਜ਼ੀ ਸਰਟੀਫਿਕੇਟਾਂ ਨਾਲ ਜੁੜੇ ਇਸ ਮਾਮਲੇ ਦੇ ਉਜਾਗਰ ਹੋਣ ਤੋਂ ਬਾਅਦ ਅਜਿਹੇ ਤਮਾਮ ਹੋਰ ਮਾਮਲੇ ਵੀ ਉਜਾਗਰ ਹੋਏ ਹਨ।

2011 ਬੈਚ ਦਾ ਸਾਬਕਾ ਆਈਏਐੱਸ ਅਧਿਕਾਰੀ ਅਭਿਸ਼ੇਕ ਸਿੰਘ ਵੀ ਅਜਿਹੇ ਹੀ ਦੋਸ਼ਾਂ ਵਿਚ ਘਿਰਿਆ ਹੈ। ਉਸ ਨੇ ਬੈਂਚਮਾਰਕ ਅਪੰਗਤਾ ਸ਼੍ਰੇਣੀ-3 ਵਿਚ ਲੋਕੋਮੋਟਰ ਅਪੰਗਤਾ ਦਾ ਦਾਅਵਾ ਕਰ ਕੇ ਨੌਕਰੀ ਹਾਸਲ ਕੀਤੀ ਸੀ ਜਦਕਿ ਉਸ ਦੇ ਨਾਚ ਅਤੇ ਜਿਮ ਵਿਚ ਕਸਰਤ ਕਰਨ ਦੇ ਬਹੁਤ ਸਾਰੇ ਵੀਡੀਓ ਸਾਹਮਣੇ ਆਏ ਹਨ।

ਲੋਕੋਮੋਟਰ ਅਪੰਗਤਾ ਵਿਚ ਠੀਕ ਤਰ੍ਹਾਂ ਚੱਲ ਸਕਣਾ ਵੀ ਸੰਭਵ ਨਹੀਂ ਹੁੰਦਾ। ਉਹ ਨੌਕਰੀ ਛੱਡ ਕੇ ਫਿਲਮਾਂ ਵਿਚ ਕੰਮ ਕਰਨ ਲਈ ਚਲਾ ਗਿਆ ਸੀ ਅਤੇ ਬਾਅਦ ਵਿਚ ਰਾਜਨੀਤੀ ਵਿਚ ਵੀ ਆਪਣੇ ਹੱਥ ਅਜਮਾਉਣਾ ਚਾਹੁੰਦਾ ਸੀ। ਲੋਕ ਸਭਾ ਚੋਣਾਂ ਵਿਚ ਟਿਕਟ ਨਾ ਮਿਲਣ 'ਤੇ ਉਸ ਨੇ ਨੌਕਰੀ ਵਿਚ ਵਾਪਸੀ ਦੀ ਅਰਜ਼ੀ ਦਿੱਤੀ ਸੀ ਪਰ ਯੋਗੀ ਸਰਕਾਰ ਨੇ ਉਸ ਨੂੰ ਨਾਮਨਜ਼ੂਰ ਕਰ ਦਿੱਤਾ। ਅਪੰਗਤਾ ਅਤੇ ਆਰਥਿਕ ਪੱਖੋਂ ਕਮਜ਼ੋਰ ਵਰਗ ਦੇ ਝੂਠੇ ਸਰਟੀਫਿਕੇਟਾਂ ਦਾ ਇਸਤੇਮਾਲ ਕਰਨ ਦੇ ਦੋਸ਼ ਸਿਰਫ਼ ਪੂਜਾ ਅਤੇ ਅਭਿਸ਼ੇਕ ਸਿੰਘ 'ਤੇ ਹੀ ਨਹੀਂ ਬਲਕਿ ਕਈ ਹੋਰ ਆਈਏਐੱਸ ਅਧਿਕਾਰੀਆਂ 'ਤੇ ਵੀ ਲੱਗੇ ਹਨ। ਅਜਿਹੇ ਦੋਸ਼ਾਂ ਤੋਂ ਬਾਅਦ ਇੰਟਰਨੈੱਟ ਮੀਡੀਆ 'ਤੇ ਵਿਆਪਕ ਤੌਰ 'ਤੇ ਸਰਗਰਮ ਕਈ ਅਧਿਕਾਰੀਆਂ ਨੇ ਆਪਣੇ ਪ੍ਰੋਫਾਈਲ ਜਾਂ ਤਾਂ ਪ੍ਰਾਈਵੇਟ ਕਰ ਲਏ ਜਾਂ ਫਿਰ ਡਿਲੀਟ ਕਰ ਦਿੱਤੇ ਹਨ।

ਪੂਜਾ ਖੇਡਕਰ ਮਾਮਲਾ ਇਸ ਲਈ ਬਹੁਤ ਹੈਰਾਨ ਕਰਨ ਵਾਲਾ ਹੈ ਕਿ ਇਸ ਵਿਚ ਇਕ ਨਹੀਂ ਬਲਕਿ ਕਈ ਪੱਧਰਾਂ 'ਤੇ ਗੜਬੜੀ ਹੋਈ ਅਤੇ ਉਨ੍ਹਾਂ ਦੇ ਸਾਹਮਣੇ ਆਉਣ ਦੇ ਬਾਵਜੂਦ ਖੇਡਕਰ ਨੂੰ ਆਈਏਐੱਸ ਵਿਚ ਨਿਯੁਕਤੀ ਮਿਲ ਗਈ। ਪਿਤਾ ਦੇ ਵੀ ਸੀਨੀਅਰ ਅਧਿਕਾਰੀ ਰਹਿਣ ਦੇ ਬਾਵਜੂਦ ਪੂਜਾ ਨੇ ਖ਼ੁਦ ਨੂੰ ਕਰੀਮੀ ਲੇਅਰ ਤੋਂ ਅਲੱਗ ਦਰਸਾਇਆ ਅਤੇ ਫ਼ਰਜ਼ੀ ਅਪੰਗਤਾ ਦੱਸੀ। ਖ਼ੁਦ ਪੂਜਾ ਖੇਡਕਰ ਦੇ ਨਾਮ 'ਤੇ 17 ਕਰੋੜ ਰੁਪਏ ਦੀ ਚੱਲ-ਅਚੱਲ ਸੰਪਤੀ ਹੈ ਅਤੇ ਉਸ ਦੇ ਮਾਪਿਆਂ ਦੇ ਨਾਮ 50 ਕਰੋੜ ਦੀ ਐਲਾਨੀਆ ਸੰਪਤੀ ਹੈ। ਅਯੋਗ ਦੁਆਰਾ ਏਮਜ਼ ਵਿਚ ਛੇ ਵਾਰ ਮੈਡੀਕਲ ਟੈਸਟ ਲਈ ਸੱਦੇ ਜਾਣ ਦੇ ਬਾਵਜੂਦ ਉਹ ਨਹੀਂ ਆਈ।

ਬਾਅਦ ਵਿਚ ਇਹ ਰਿਪੋਰਟ ਵੀ ਆਈ ਕਿ ਉਸ ਨੇ ਆਪਣੀ ਉਮਰ ਵੀ ਘੱਟ ਦਰਸਾਈ। ਦਿਲਚਸਪ ਇਹ ਹੈ ਕਿ ਖੇਡਕਰ ਇੰਨਾ ਫ਼ਰਜ਼ੀਵਾੜਾ ਕਰ ਕੇ ਬਚ ਨਿਕਲੀ ਅਤੇ ਉਸ 'ਤੇ ਕਾਰਵਾਈ ਉਦੋਂ ਹੋਈਜਦ ਉਸ ਨੇ ਆਪਣੇ ਸੀਨੀਅਰ ਅਧਿਕਾਰੀਆਂ ਨਾਲ ਬੇਹੂਦਗੀ ਕੀਤੀ ਤੇ ਮਾੜਾ ਵਿਵਹਾਰ ਕਰਨਾ ਸ਼ੁਰੂ ਕਰ ਦਿੱਤਾ।

ਫਰਵਰੀ 2023 ਵਿਚ ਕੇਂਦਰੀ ਪ੍ਰਸ਼ਾਸਕੀ ਟ੍ਰਿਬਿਊਨਲ ਯਾਨੀ ਕੈਟ ਨੇ ਅਧਿਕਾਰਤ ਸੰਸਥਾ ਦਿੱਲੀ ਏਮਜ਼ ਤੋਂ ਐੱਮਆਈਆਰ ਨਾ ਕਰਵਾਉਣ 'ਤੇ ਪੂਜਾ ਖੇਡਕਰ ਦੀ ਚੋਣ ਨੂੰ ਰੱਦ ਕਰਨ ਦਾ ਆਦੇਸ਼ ਦਿੱਤਾ ਸੀ ਪਰ ਯੂਪੀਐੱਸਸੀ ਨੇ ਪੁਣੇ ਦੇ ਇਕ ਅਣ-ਅਧਿਕਾਰਤ ਹਸਪਤਾਲ ਤੋਂ ਭੇਜੀ ਗਈ ਰਿਪੋਰਟ ਨੂੰ ਮੰਨ ਕੇ ਖੇਡਕਰ ਦੀ ਚੋਣ ਨੂੰ ਬਹਾਲ ਰੱਖਿਆ ਅਤੇ ਆਈਏਐੱਸ ਕੇਡਰ ਅਲਾਟ ਕਰ ਦਿੱਤਾ। ਸੰਘ ਲੋਕ ਸੇਵਾ ਆਯੋਗ ਦੀ ਗਿਣਤੀ ਉਨ੍ਹਾਂ ਚੋਣਵੀਆਂ ਸੰਸਥਾਵਾਂ ਵਿਚ ਹੁੰਦੀ ਹੈ ਜਿਨ੍ਹਾਂ ਦੀ ਸਾਖ਼ ਅੱਜ ਵੀ ਬਰਕਰਾਰ ਹੈ। ਬਹੁਤ ਸਾਰੇ ਆਮ ਪਰਿਵਾਰਾਂ ਦੇ ਉਮੀਦਵਾਰ ਨਾ ਸਿਰਫ਼ ਸਿਵਲ ਸੇਵਾ ਪ੍ਰੀਖਿਆ ਵਿਚ ਪਾਸ ਹੋ ਕੇ ਦੇਸ਼ ਦੀ ਸ਼ਾਸਕੀ ਅਗਵਾਈ ਦਾ ਹਿੱਸਾ ਬਣਦੇ ਹਨ ਬਲਕਿ ਉਸ ਨੂੰ ਆਪਣੇ ਉਜਵਲ ਭਵਿੱਖ ਦੇ ਪ੍ਰਵੇਸ਼ ਦੁਆਰ ਦੇ ਰੂਪ ਵਿਚ ਵੀ ਦੇਖਦੇ ਹਨ। ਅਜਿਹੇ ਵਿਚ ਅਪੰਗਤਾ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਨੂੰ ਲੈ ਕੇ ਆ ਰਹੀਆਂ ਫ਼ਰਜ਼ੀਵਾੜੇ ਦੀਆਂ ਸ਼ਿਕਾਇਤਾਂ ਚੋਣ ਦੇ ਅਨੁਪਾਤ ਵਿਚ ਭਾਵੇਂ ਹੀ ਬਹੁਤ ਘੱਟ ਹੋਣ ਪਰ ਚਿੰਤਾ ਦਾ ਸਬੱਬ ਹਨ। ਚਿੰਤਾ ਦੀ ਗੱਲ ਇਹ ਵੀ ਹੈ ਕਿ ਦੇਸ਼ ਦੀ ਸਭ ਤੋਂ ਸਨਮਾਨਤ ਸੇਵਾ ਦੀ ਚੋਣ ਅਤੇ ਸਿਖਲਾਈ ਵਿਚ ਅਜਿਹੀਆਂ ਕਿਹੜੀਆਂ ਖ਼ਾਮੀਆਂ ਹਨ ਜੋ ਇਨ੍ਹਾਂ ਅਧਿਕਾਰੀਆਂ ਵਿਚ ਉਹੋ ਜਿਹਾ ਚਰਿੱਤਰ ਨਿਰਮਾਣ ਨਹੀਂ ਕਰ ਪਾ ਰਹੀਆਂ ਹਨ ਜਿਹੋ ਜਿਹਾ ਫ਼ੌਜ ਦੇ ਟਰੇਨੀਆਂ ਵਿਚ ਦੇਖਣ ਨੂੰ ਮਿਲਦਾ ਹੈ।

ਯੂਪੀਐੱਸਸੀ ਦੇ ਯਤਨ ਚੋਣ ਵਿਚ ਸਮਾਜਿਕ ਵੰਨ-ਸੁਵੰਨਤਾ ਲਿਆਉਣ ਵਿਚ ਤਾਂ ਕਾਰਗਰ ਰਹੇ ਹਨ ਪਰ ਭ੍ਰਿਸ਼ਟਾਚਾਰ ਵਿਚ ਸ਼ਮੂਲੀਅਤ ਦੇ ਹੈਰਾਨ ਕਰਨ ਵਾਲੇ ਮਾਮਲੇ ਦਰਸਾਉਂਦੇ ਹਨ ਕਿ ਚੁਣੇ ਉਮੀਦਵਾਰਾਂ ਦੀ ਅਸਲੀਅਤ ਪਰਖਣ ਵਿਚ ਭਾਰੀ ਉਕਾਈ ਹੋ ਰਹੀ ਹੈ। ਇਹ ਉਦੋਂਹੈ ਜਦ ਮੁੱਖ ਪ੍ਰੀਖਿਆ ਵਿਚ ਇਕ ਪ੍ਰਸ਼ਨ ਪੱਤਰ ਨੈਤਿਕਤਾ ਅਤੇ ਭਰੋਸੇ 'ਤੇ ਕੇਂਦਰਿਤ ਹੁੰਦਾ ਹੈ। ਪ੍ਰਸ਼ਾਸਕੀ ਅਫ਼ਸਰਾਂ ਦੇ ਭ੍ਰਿਸ਼ਟਾਚਾਰ ਦੀ ਸਥਿਤੀ ਕਿੰਨੀ ਖ਼ਰਾਬ ਹੈ, ਇਸ ਦਾ ਪਤਾ 2021 ਵਿਚ ਪਰਸੋਨਲ ਰਾਜ ਮੰਤਰੀ ਜਤਿੰਦਰ ਸਿੰਘ ਦੁਆਰਾ ਸੰਸਦ ਵਿਚ ਦਿੱਤੇ ਗਏ ਇਕ ਜਵਾਬ ਤੋਂ ਪਤਾ ਲੱਗਦਾ ਹੈ ਜਿਸ ਵਿਚ ਉਨ੍ਹਾਂ ਨੇ ਵਿੱਤੀ ਸਾਲ 2020-21 ਵਿਚ ਆਈਏਐੱਸ ਅਧਿਕਾਰੀਆਂ ਵਿਰੁੱਧ ਭ੍ਰਿਸ਼ਟਾਚਾਰ ਦੀਆਂ 581 ਸ਼ਿਕਾਇਤਾਂ ਮਿਲਣ ਦੀ ਗੱਲ ਆਖੀ ਸੀ।

ਇਸ ਤੋਂ ਪਹਿਲਾਂ ਦੋ ਵਿੱਤੀ ਸਾਲਾਂ ਵਿਚ ਆਈਏਐੱਸ ਅਧਿਕਾਰੀਆਂ ਵਿਰੁੱਧ 753 ਅਤੇ 643 ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ। ਸੰਭਵ ਹੈ ਕਿ ਇਕ ਹੀ ਅਧਿਕਾਰੀ ਵਿਰੁੱਧ ਇਕ ਤੋਂ ਜ਼ਿਆਦਾ ਸ਼ਿਕਾਇਤਾਂ ਆਈਆਂ ਹੋਣ। ਇਹ ਵੀ ਸੰਭਵ ਹੈ ਕਿ ਇਨ੍ਹਾਂ 'ਚੋਂ ਕਈ ਸ਼ਿਕਾਇਤਾਂ ਝੂਠੀਆਂ ਅਤੇ ਈਰਖਾ ਕਾਰਨ ਕੀਤੀਆਂ ਗਈਆਂ ਹੋਣ ਪਰ ਦੇਸ਼ ਭਰ ਵਿਚ ਆਈਏਐੱਸ ਅਧਿਕਾਰੀਆਂ ਦੀ ਸੀਮਤ ਗਿਣਤੀ ਨੂੰ ਦੇਖਦੇ ਹੋਏ ਇੰਨੀਆਂ ਵੱਧ ਸ਼ਿਕਾਇਤਾਂ ਗੰਭੀਰ ਚਿੰਤਾ ਦਾ ਵਿਸ਼ਾ ਹਨ।


ਆਈਏਐੱਸ ਵਿਚ ਭ੍ਰਿਸ਼ਟਾਚਾਰ ਦਾ ਮੁੱਖ ਕਾਰਨ ਰਾਜ ਦੀ ਬਹੁਮੁੱਲੀ ਧਨ-ਦੌਲਤ ਨੂੰ ਵੰਡਣ ਦੀਆਂ ਅਸੀਮਤ ਤਾਕਤਾਂ, ਸਮਰੱਥ ਤੀਜੀ ਧਿਰ ਦੀ ਨਿਗਰਾਨੀ ਦੀ ਘਾਟ, ਨੇਤਾਵਾਂ ਦੀ ਉਨ੍ਹਾਂ 'ਤੇ ਹੱਦੋਂ ਵੱਧ ਨਿਰਭਰਤਾ ਅਤੇ ਨੌਕਰਸ਼ਾਹੀ ਤੇ ਨੇਤਾਵਾਂ ਦੀ ਗੰਢ-ਤੁੱਪ ਹੈ। ਤਕੜੀ ਸਿਆਸੀ ਇੱਛਾ ਸ਼ਕਤੀ ਅਤੇ ਨੌਕਰੀ ਪ੍ਰਤੀ ਅਸੁਰੱਖਿਆ ਦੇ ਭਾਵ ਨਾਲ ਹੀ ਇਸ ਸਮੱਸਿਆ ਦਾ ਹੱਲ ਸੰਭਵ ਹੈ ਪਰ ਚੋਣ ਅਤੇ ਸਿਖਲਾਈ ਤੋਂ ਲੈ ਕੇ ਆਪਣੀ ਨਜ਼ਰਸਾਨੀ ਵਿਚ ਵੀ ਸਿਵਲ ਸੇਵਾ ਨੂੰ ਵੱਡੇ ਫੇਰਬਦਲ ਦੀ ਜ਼ਰੂਰਤ ਹੈ। ਜਿੱਥੇ ਪ੍ਰੀਖਿਆ ਦੇ ਢੰਗ ਵਿਚ ਨਿਰੰਤਰ ਤਬਦੀਲੀ ਨਾਲ ਪ੍ਰਤਿਭਾਵਾਨ ਉਮੀਦਵਾਰਾਂ ਲਈ ਮੌਕੇ ਵਧਣਗੇ, ਓਥੇ ਹੀ ਅੰਕ ਤਾਲਿਕਾ ਵਿਚ ਇਕਤਰਫ਼ਾ ਰੁਝਾਨ ਬਣਾਉਣ ਵਾਲੇ 'ਬਦਲਵੇਂ' ਵਿਸ਼ਿਆਂ ਨੂੰ ਹਟਾ ਕੇ ਸੇਵਾਵਾਂ ਵਿਚ ਕੰਮ ਆਉਣ ਵਾਲਾ ਉਪਯੋਗੀ ਪਾਠਕ੍ਰਮ ਲੋੜੀਂਦੇ ਉਮੀਦਵਾਰਾਂ ਦੀ ਚੋਣ ਵਿਚ ਲਾਹੇਵੰਦ ਸਿੱਧ ਹੋਵੇਗਾ। ਇੰਟਰਵਿਊ ਵਿਚ ਮਨੋ-ਵਿਸ਼ਲੇਸ਼ਕ ਦੀ ਭਾਗੀਦਾਰੀ ਉਮੀਦਵਾਰਾਂ ਦੇ ਚਰਿੱਤਰ ਨੂੰ ਡੂੰਘਾਈ ਨਾਲ ਸਮਝਣ ਵਿਚ ਮਦਦਗਾਰ ਹੋਵੇਗੀ।

ਚੰਗਾ ਤਾਂ ਇਹ ਹੋਵੇ ਕਿ ਅਰਜ਼ੀ ਦੇਣ ਵਾਲੇ ਉਮੀਦਵਾਰਾ ਪਹਿਲਾਂ ਨਿੱਜੀ ਜਾਂ ਸਰਕਾਰੀ ਖੇਤਰ ਵਿਚ ਦੋ ਜਾਂ ਪੰਜ ਸਾਲਾਂ ਦਾ ਤਜਰਬਾ ਲੈ ਕੇ ਆਉਣ। ਇਸ ਨਾਲ ਇਨ੍ਹਾਂ ਪ੍ਰੀਖਿਆਰਥੀਆਂ ਵਿਚ ਪਰਪੱਕਤਾ ਆਵੇਗੀ ਅਤੇ ਜਿਸ ਸਮਾਜ ਦੀ ਇਨ੍ਹਾਂ ਨੇ ਸੇਵਾ ਕਰਨੀ ਹੈ, ਉਸ ਪ੍ਰਤੀ ਸੰਵੇਦਨਾਤਮਕ ਦ੍ਰਿਸ਼ਟੀਕੋਣ ਵੀ ਬਣੇਗਾ। ਨਾਲ ਹੀ, ਆਈਏਐੱਸ ਜਾਂ ਇਸ ਦੇ ਬਰਾਬਰ ਦੀਆਂ ਸੇਵਾਵਾਂ ਨੂੰ ਸਹੀ ਮਾਅਨੇ ਵਿਚ ਜਨ-ਸੇਵਕਾਂ ਦਾ ਰੂਪ ਦਿੱਤਾ ਜਾਵੇ।

ਬੰਗਲਾ, ਕਾਰ ਅਤੇ ਅਰਦਲੀ, ਡਰਾਈਵਰ ਵਰਗੀਆਂ ਸਹੂਲਤਾਂ ਨਾਲ ਬਣਿਆ ਠਾਠ-ਬਾਠ ਅਧਿਕਾਰੀਆਂ ਨੂੰ ਅੰਗਰੇਜ਼ੀ ਰਾਜ ਵਾਲਾ ਮਾਣ-ਤਾਣ ਤੇ ਦਰਜਾ ਦਿੰਦਾ ਹੈ। ਨਾਲ ਹੀ ਸਮਾਜ ਵਿਚ ਵਰਗ ਸ੍ਰੇਸ਼ਠਤਾ ਦਾ ਭਾਵ ਖ਼ੁਦ ਨੂੰ ਆਮ ਲੋਕਾਂ ਲਈ ਬਣੇ ਕਾਨੂੰਨਾਂ ਤੋਂ ਉੱਪਰ ਹੋਣ ਦਾ ਭਾਵ ਦਿੰਦਾ ਹੈ। ਕੋਈ ਹੈਰਾਨੀ ਨਹੀਂ ਕਿ ਅਜਿਹੀ ਮਾਨਸਿਕਤਾ ਕਾਰਨ ਭ੍ਰਿਸ਼ਟਾਚਾਰ ਸਹਿਜਤਾ ਨਾਲ ਵਧਦਾ-ਫੁੱਲਦਾ ਹੈ। ਠਾਠ-ਬਾਠ ਵਿਚ ਚੂਰ ਹੋ ਕੇ ਪੂਜਾ ਖੇਡਕਰ ਗ਼ਲਤੀ ਕਰ ਬੈਠੀ ਜਿਸ ਕਾਰਨ ਉਸ ਦੀ ਨੌਕਰੀ ਤਾਂ ਗਈ ਹੀ, ਨਾਲ ਹੀ ਗ੍ਰਿਫ਼ਤਾਰੀ ਦੀ ਤਲਵਾਰ ਵੀ ਲਟਕ ਰਹੀ ਹੈ।

ਦੇਖਿਆ ਜਾਵੇ ਤਾਂ ਇਸ ਮਾਮਲੇ ਵਿਚ ਸਰਕਾਰ ਅਤੇ ਉਸ ਦੀਆਂ ਏਜੰਸੀਆਂ ਵੀ ਘੱਟ ਜ਼ਿੰਮੇਵਾਰ ਨਹੀਂ ਹਨ। ਹਰ ਪੱਧਰ 'ਤੇ ਉਨ੍ਹਾਂ ਦੀ ਢਿੱਲੀ ਕਾਰਗੁਜ਼ਾਰੀ ਰੜਕ ਰਹੀ ਹੈ। ਸਭ ਤਰ੍ਹਾਂ ਦੀਆਂ ਪ੍ਰੀਖਿਆਵਾਂ ਦੀ ਪਾਕੀਜ਼ਗੀ ਹਰ ਹਾਲਤ ਵਿਚ ਬਰਕਰਾਰ ਰਹਿਣੀ ਚਾਹੀਦੀ ਹੈ।

# ਸਿਹਤ ਤੇ ਸਿੱਖਿਆ ਦਾ ਕਿਸੇ ਨੂੰ ਖਿਆਲ ਨਹੀਂ



ਜਯੋਤੀ ਮਲਹੋਤਰਾ

ਹਲਕੀਆਂ ਭੂਰੀਆਂ ਧਾਰੀਆਂ ਵਾਲਾ ਜੈਤੂਨੀ, ਹਰੇ ਰੰਗ ਦਾ ਬੰਦਗਲਾ ਪਹਿਨ ਕੇ ਸ਼ੁੱਕਰਵਾਰ ਨੂੰ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਾਰਗਿਲ ਮੈਮੋਰੀਅਲ 'ਤੇ ਪਹੁੰਚ ਕੇ ਪਾਕਿਸਤਾਨ ਨੂੰ ਸਰਹੱਦ ਪਾਰੋਂ ਦਹਿਸ਼ਤਗਰਦੀ ਨੂੰ ਸ਼ਹਿ ਦੇਣ ਬਦਲੇ ਖ਼ਰੀਆਂ-ਖੋਟੀਆਂ ਸੁਣਾ ਰਹੇ ਸਨ ਤਾਂ ਸਾਫ਼ ਦਿਸ ਰਿਹਾ ਸੀ ਕਿ ਕੁਝ ਚੀਜ਼ਾਂ 25 ਸਾਲਾਂ ਬਾਅਦ ਵੀ ਨਹੀਂ ਬਦਲੀਆਂ।

ਉਂਝ, ਚੰਡੀਗੜ੍ਹ ਵਿੱਚ ਬਜਟ ਦਸਤਾਵੇਜ਼ਾਂ ਦੇ ਅਧਿਐਨ ਦੀ ਉਡੀਕ ਹੋ ਰਹੀ ਸੀ। ਇੱਕ ਪਲ ਲਈ ਲੱਗਿਆ ਜਿਵੇਂ 'ਸਿਹਤ' ਅਤੇ 'ਸਿੱਖਿਆ' ਵਾਲੇ ਭਾਗ ਕਿਤੇ ਗੁੰਮ ਹੀ ਹੋ ਗਏ ਹਨ। ਪਿਛਲੇ ਹਫ਼ਤੇ ਜਦੋਂ ਬਜਟ ਪੇਸ਼ ਕੀਤਾ ਗਿਆ ਸੀ ਤਾਂ ਭਾਰਤ ਦੇ ਸ਼ੇਅਰ ਬਾਜ਼ਾਰ ਦੇ ਸ਼ੈਦਾਈ ਦਰਸ਼ਕਾਂ ਨੇ ਬਜਟ ਦੇ ਪੂੰਜੀ ਲਾਭ 'ਤੇ ਟੈਕਸ ਵਾਲੇ ਭਾਗ ਨੂੰ ਬਹੁਤ ਗਹੁ ਨਾਲ ਵਾਚਿਆ ਸੀ ਤੇ ਸ਼ਾਇਦ ਸਿਹਤ ਤੇ ਸਿੱਖਿਆ ਵਾਲੇ ਭਾਗਾਂ ਨੂੰ ਪੂੰਜੀ ਲਾਭ ਵਾਲੇ ਭਾਗ ਵਿੱਚ ਲੀਕ ਕਰ ਦਿੱਤਾ ਗਿਆ ਸੀ। ਗ਼ੌਰਤਲਬ ਹੈ ਕਿ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਆਪਣੇ ਭਾਸ਼ਣ ਵਿੱਚ ਸ਼ੇਅਰ ਬਾਜ਼ਾਰ ਦੀਆਂ 'ਮੁਹਾਰਾਂ' ਦੇ ਜ਼ਿਕਰ ਮਾਤਰ ਨਾਲ ਹੀ ਬਾਜ਼ਾਰ ਨੂੰ ਤਾਅ ਚੜ੍ਹ ਗਿਆ ਸੀ ਪਰ ਹਰ ਕੋਈ ਜਾਣਦਾ ਹੈ ਕਿ ਮੰਗਲਾਗਿਰੀ ਸਾੜ੍ਹੀ ਪਹਿਨ ਕੇ ਆਈ ਅਡੋਲ ਨਿਰਮਲਾ ਬਹੁਤ ਜਬ੍ਹੇ ਵਾਲੀ ਔਰਤ ਹੈ ਅਤੇ ਇਹ ਉੱਥੇ ਜਾ ਰਹੀ ਹੈ ਜਿੱਥੇ ਦੇਵਤੇ ਅਤੇ ਸਾਬਕਾ ਵਿੱਤ ਮੰਤਰੀ ਪੀ ਚਿਦੰਬਰਮ ਵੀ ਜਾਣ ਤੋਂ ਡਰਦੇ ਸਨ। ਕੋਈ ਉਨ੍ਹਾਂ ਨੂੰ 'ਪਲਟੂ ਵਿੱਤ ਮੰਤਰੀ' ਦਾ ਲਕਬ ਨਹੀਂ ਦੇ ਸਕਦਾ।

ਇਸ ਦੇ ਨਾਲ ਹੀ ਇੱਕ ਹੋਰ ਸਵਾਲ ਪੈਦਾ ਹੁੰਦਾ ਹੈ: ਨਿਰਮਲਾ ਸੀਤਾਰਮਨ ਨੇ ਸਿਹਤ ਅਤੇ ਸਿੱਖਿਆ ਖੇਤਰਾਂ ਦੇ ਸੁਧਾਰ, ਕਾਇਆ ਕਲਪ ਅਤੇ ਆਧੁਨਿਕੀਕਰਨ ਦੀ ਅਣਸਰਦੀ ਪੁਕਾਰ ਨੂੰ ਨਜ਼ਰ ਅੰਦਾਜ਼ ਕਿਉਂ ਕੀਤਾ? ਮਰਦ ਪ੍ਰਧਾਨ ਸਿਆਸੀ ਪਾਰਟੀ ਦੀਆਂ ਮੋਹਰੀ ਸਫ਼ਾਂ ਤੱਕ ਅੱਪੜਨ ਵਿੱਚ ਕਾਮਯਾਬ ਹੋਣ ਅਤੇ ਇਸ ਤੋਂ ਪਹਿਲਾਂ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਵਿੱਚ ਪੜ੍ਹਨ ਵਾਲੀ ਬੀਬੀ ਨਿਰਮਲਾ ਬਾਖ਼ੂਬੀ ਜਾਣਦੀ ਹੈ ਕਿ ਕਣਕ ਤੇ ਕੋਕੜੂ ਨੂੰ ਕਿਵੇਂ ਵੱਖ ਕਰੀਦਾ; ਭਾਵ, ਚੰਗੇ ਤੇ ਮਾੜੇ ਵਿੱਚ ਫ਼ਰਕ ਕਿਵੇਂ ਕਰਨਾ ਹੁੰਦਾ ਹੈ (ਮਸਲਨ, ਉਸ ਮੁਤੱਲਕ ਆਪਣੀ ਪੁਰਾਣੀ ਵਜ਼ਾਰਤੀ ਸਾਥਣ ਤੇ 2014 ਵਿੱਚ ਮਨੁੱਖੀ ਸਰੋਤ ਵਿਕਾਸ ਮੰਤਰੀ ਹੁੰਦਿਆਂ ਸਿਮ੍ਰਤੀ ਇਰਾਨੀ ਵਾਂਗ ਆਪਣੇ ਮਾਤਹਿਤ ਅਫ਼ਸਰਾਂ 'ਤੇ ਫਾਈਲਾਂ ਵਗਾਹ ਮਾਰਨ ਜਿਹੀ ਕਦੇ ਕੋਈ ਗੱਲ ਸੁਣਨ ਨੂੰ ਨਹੀਂ ਮਿਲੀ)। ਦਰਅਸਲ, ਉਹ ਅੰਕੜਿਆਂ ਦਾ ਇਹਤਰਾਮ ਕਰਦੇ ਹਨ, ਉਦੋਂ ਵੀ ਜਦੋਂ ਇਹ ਪ੍ਰਤੱਖ ਰੂਪ ਵਿੱਚ ਛੁਪੇ ਹੁੰਦੇ ਹਨ। ਉਹ ਜਾਣਦੇ ਹਨ ਕਿ ਬਜਟ ਅਨੁਮਾਨਾਂ ਦੀ ਸੋਧੇ ਹੋਏ ਅਨੁਮਾਨਾਂ ਨਾਲ ਤੁਲਨਾ ਕਰਨਾ ਨਿਹਾਇਤ ਗ਼ਲਤ ਹੈ ਕਿਉਂਕਿ ਦੋਵਾਂ ਵਿਚ ਓਨਾ ਹੀ ਫ਼ਰਕ ਹੈ ਜਿੰਨਾ ਫੱਕ ਤੇ ਪਨੀਰ ਵਿਚ ਹੁੰਦਾ ਹੈ; ਬਜਟ ਅਨੁਮਾਨ ਦਾ ਸਬੰਧ ਆਊਟਲੇਅ ਭਾਵ ਕਿਸੇ ਮੰਤਵ ਲਈ ਮੁਕੱਰਰ ਕੀਤੀ ਰਕਮ ਨਾਲ ਹੁੰਦਾ ਹੈ ਤੇ ਸੋਧੇ ਹੋਏ ਅਨੁਮਾਨ ਦਾ ਤਾਅਲੁਕ ਉਸ ਬਾਬਤ ਹਕੀਕੀ ਰੂਪ ਵਿੱਚ ਖਰਚ ਕੀਤੀ ਰਕਮ ਨਾਲ ਹੁੰਦਾ ਹੈ। ਇਸ ਲਈ ਇਸ ਸਾਲ ਦੇ ਬਜਟ ਅਨੁਮਾਨ ਦੀ ਪਿਛਲੇ ਸਾਲ ਦੇ ਸੋਧੇ ਹੋਏ ਅਨੁਮਾਨ ਨਾਲ ਤੁਲਨਾ ਕਰ ਕੇ ਇਹ ਕਹਿਣਾ ਬਿਲਕੁਲ ਗ਼ਲਤ ਹੋਵੇਗਾ ਕਿ ਇਸ ਸਾਲ ਸਿਹਤ ਖੇਤਰ ਲਈ 12 ਫ਼ੀਸਦੀ ਜ਼ਿਆਦਾ ਫੰਡ ਮਿਲੇ ਹਨ ਕਿਉਂਕਿ ਇਹ ਸੇਬਾਂ ਦੀ ਸੰਤਰਿਆਂ ਨਾਲ ਤੁਲਨਾ ਕਰਨ ਵਰਗੀ ਗੱਲ ਹੋ ਜਾਂਦੀ ਹੈ। ਮੁਨਾਸਿਬ ਗੱਲ ਇਹ ਹੋਵੇਗੀ ਕਿ ਇਸ ਸਾਲ ਦੇ ਬਜਟ ਅਨੁਮਾਨ (90958.63 ਕਰੋੜ ਰੁਪਏ) ਦੀ ਪਿਛਲੇ ਸਾਲ ਦੇ ਬਜਟ ਅਨੁਮਾਨ (89.55 ਕਰੋੜ ਰੁਪਏ) ਨਾਲ ਤੁਲਨਾ ਕੀਤੀ ਜਾਵੇ। ਇਸ ਤਰ੍ਹਾਂ ਸਿਹਤ ਮੰਤਰਾਲੇ ਦੇ ਬਜਟ ਵਿੱਚ 1803.63 ਕਰੋੜ ਰੁਪਏ ਦਾ ਮਾਮੂਲੀ ਵਾਧਾ ਹੋਇਆ ਹੈ ਜੋ ਸਿਰਫ਼ 1.98 ਫ਼ੀਸਦੀ ਬਣਦਾ ਹੈ। ਇਸ ਤੋਂ ਇਲਾਵਾ ਕੌਮੀ ਸਿਹਤ ਮਿਸ਼ਨ (ਐੱਨਐੱਚਐੱਮ) ਲਈ 1.16 ਫ਼ੀਸਦੀ ਅਤੇ ਪੀਐੱਮ-ਜੇਏਵਾਈ ਜੋ ਹੇਠਲੇ ਵਰਗ ਦੇ 55 ਕਰੋੜ ਲੋਕਾਂ ਵਾਸਤੇ ਸਕੀਮ ਹੈ, ਲਈ 1.4 ਫ਼ੀਸਦੀ ਵਾਧਾ ਹੋਇਆ ਹੈ। ਇਹ ਦੋਵੇਂ ਸਕੀਮਾਂ ਨਰਿੰਦਰ ਮੋਦੀ ਸਰਕਾਰ ਦੀ 2018 ਵਿੱਚ ਐਲਾਨੀ ਬਹੁ-ਚਰਚਿਤ ਆਯੁਸ਼ਮਾਨ ਭਾਰਤ ਯੋਜਨਾ ਦਾ ਮੁੱਖ ਆਧਾਰ ਹਨ।

ਇਸ ਮਾਮੂਲੀ ਵਾਧੇ ਨਾਲ ਤਪਦਿਕ (ਟੀਬੀ) ਦੇ ਖਾਤਮੇ (ਟੀਚਾ 2025) ਲਈ ਜਾਂ ਬਾਲ ਟੀਕਾਕਰਨ ਨੂੰ ਸਰਬਵਿਆਪੀ ਬਣਾਉਣ ਜਾਂ ਲੜਕੀਆਂ ਅਤੇ ਔਰਤਾਂ ਵਿੱਚ ਸਰਵਾਈਕਲ ਕੈਂਸਰ ਦੇ ਇਲਾਜ ਲਈ ਐੱਚਪੀਵੀ ਵੈਕਸੀਨ ਸ਼ੁਰੂ ਕਰਨ (ਜਿਸ ਦਾ ਲੰਘੀ ਫਰਵਰੀ ਵਿੱਚ ਅੰਤਰਿਮ ਬਜਟ ਵਿੱਚ ਵਾਅਦਾ ਕੀਤਾ ਗਿਆ ਸੀ) ਲਈ ਫੰਡ ਕਿੱਥੋਂ ਆਉਣਗੇ? ਫਿਰ ਇਹ ਯਖ ਸਚਾਈ ਹੈ ਕਿ ਸਿਹਤ ਉੱਪਰ ਕੀਤਾ ਜਾਣ ਵਾਲਾ ਸਰਕਾਰੀ ਖਰਚ ਅਜੇ ਵੀ ਜੀਡੀਪੀ ਦਾ ਸਿਰਫ਼ 1.9 ਫ਼ੀਸਦੀ ਹੈ; 2017 ਦੀ ਕੌਮੀ ਸਿਹਤ ਨੀਤੀ ਵਿੱਚ ਇਹ ਖਰਚ ਵਧਾ ਕੇ 2.5 ਫ਼ੀਸਦੀ ਕਰਨ ਦਾ ਟੀਚਾ ਮਿੱਥਿਆ ਸੀ। ਕੋਵਿਡ-19 ਮਹਾਮਾਰੀ (ਜਿਸ ਦੀ ਭਾਰਤ ਉੱਪਰ ਬਹੁਤ ਬੁਰੀ ਮਾਰ ਪਈ, ਸਰਕਾਰੀ ਅੰਕੜਿਆਂ ਮੁਤਾਬਿਕ ਕੋਵਿਡ ਕਾਰਨ ਕਰੀਬ 532000 ਲੋਕਾਂ ਦੀ ਮੌਤ ਹੋਈ), ਦੇ ਮੱਦੇਨਜ਼ਰ ਅਸੀਂ ਸੋਚਦੇ ਸਾਂ ਕਿ ਕੁਝ ਸਬਕ ਲਏ ਜਾਣਗੇ ਪਰ ਮੋਦੀ ਸਰਕਾਰ ਨੇ ਇਹ ਸਬਕ ਲੈਣ ਤੋਂ ਇਨਕਾਰ ਕਿਉਂ ਕੀਤਾ ਹੈ?

ਸਿੱਖਿਆ ਖੇਤਰ ਵੀ ਇਸ ਤੋਂ ਬਹੁਤਾ ਪਿੱਛੇ ਨਹੀਂ। ਪਿਛਲੇ ਸਾਲ ਦੇ ਬਜਟ ਅਨੁਮਾਨ ਵਿੱਚ ਸਿੱਖਿਆ ਲਈ 112899.47 ਕਰੋੜ ਰੁਪਏ ਦਾ ਇੰਤਜ਼ਾਮ ਕੀਤਾ ਸੀ ਜੋ ਇਸ ਸਾਲ ਵਧਾ ਕੇ 120627.87 ਕਰੋੜ ਰੁਪਏ ਕੀਤਾ ਗਿਆ; ਭਾਵ, ਸਿਰਫ਼ 7728.4 ਕਰੋੜ ਰੁਪਏ ਦਾ ਮਾਮੂਲੀ ਵਾਧਾ। ਆਰਥਿਕ ਸਰਵੇਖਣ ਮੁਤਾਬਿਕ ਜੀਡੀਪੀ ਦੇ ਅਨੁਪਾਤ ਵਿੱਚ ਸਿੱਖਿਆ ਲਈ ਫੰਡ 2.8 ਫ਼ੀਸਦੀ ਤੋਂ ਘਟ ਕੇ ਦਰਅਸਲ 2010 ਦੇ 2.7 ਫ਼ੀਸਦੀ ਦੇ ਪੱਧਰ 'ਤੇ ਚਲੇ ਗਏ ਹਨ (ਯੂਨੈਸਕੋ ਦਾ ਕਹਿਣਾ ਹੈ ਕਿ ਇਸ ਦਾ ਆਲਮੀ ਪੈਮਾਨਾ 4-6 ਫ਼ੀਸਦੀ ਹੈ)। ਤੁਸੀਂ ਇਸ ਗੱਲੋਂ ਹੈਰਾਨ ਨਹੀਂ ਹੋਵੋਗੇ ਕਿ ਚੀਨ ਆਪਣੀ ਜੀਡੀਪੀ ਦਾ 3.3 ਫ਼ੀਸਦੀ ਹਿੱਸਾ ਸਿੱਖਿਆ ਲਈ ਰੱਖਦਾ ਹੈ ਅਤੇ ਦੁਨੀਆ ਦੀਆਂ ਚੋਟੀ ਦੀਆਂ ਯੂਨੀਵਰਸਿਟੀਆਂ ਨੂੰ ਆਪਣੇ ਦੇਸ਼ ਵਿਚ ਫ੍ਰੈਂਚਾਇਜੀਜ਼ ਖੋਲ੍ਹਣ ਦੇ ਸੱਦੇ ਦਿੰਦਾ ਹੈ; ਹੋਰ ਤਾਂ ਹੋਰ, ਅਫ਼ਗਾਨਿਸਤਾਨ ਨੇ ਵੀ 2020 ਵਿੱਚ (ਸੱਤਾ ਦੀ ਵਾਗਡੋਰ ਤਾਲਿਬਾਨ ਦੇ ਹੱਥਾਂ ਵਿੱਚ ਚਲੀ ਜਾਣ ਤੋਂ ਬਾਅਦ ਇਸ ਦਾ ਕਬਾੜਾ ਹੋ ਗਿਆ ਸੀ) ਸਿੱਖਿਆ ਲਈ 2.8 ਫ਼ੀਸਦੀ ਹਿੱਸਾ ਰੱਖਿਆ ਸੀ, ਇਉਂ ਨਜ਼ਰ ਇਹੀ ਆਉਂਦਾ ਹੈ ਕਿ ਨਵੀਂ ਦਿੱਲੀ ਵਿੱਚ ਕੋਈ ਨਾ ਕੋਈ ਵੱਡੀ ਗੜਬੜ ਹੈ।

ਦੇਸ਼ ਦੇ ਬੱਚੇ ਪੜ੍ਹਨ ਭਾਵੇਂ ਨਾ ਪੜ੍ਹਨ ਜਾਂ ਉਹ ਸਿਹਤਮੰਦ ਹੋਣ ਜਾਂ ਨਾ, ਭਾਰਤ ਦੀ ਸਿਆਸੀ ਜਮਾਤ ਨੂੰ ਇਸ ਦੀ ਉੱਕਾ ਹੀ ਫ਼ਿਕਰ ਕਿਉਂ ਨਹੀਂ? ਇਸ ਸਵਾਲ ਦਾ ਸਪਸ਼ਟ ਉੱਤਰ ਪ੍ਰਾਈਵੇਟ ਖੇਤਰ ਦਿੰਦਾ ਹੈ। ਇਨ੍ਹਾਂ ਦੋਵੇਂ ਖੇਤਰਾਂ ਵਿੱਚ ਲੋਕਾਂ ਦੀਆਂ ਜੇਬ੍ਹਾਂ 'ਚੋਂ ਹੋਣ ਵਾਲਾ ਖਰਚਾ ਕਈ ਗੁਣਾ ਵਧ ਗਿਆ ਹੈ। ਨਵੇਂ ਭਾਰਤ ਅੰਦਰ ਜੇ ਤੁਹਾਡੀ ਜੇਬ੍ਹ ਵਿੱਚ ਪੈਸਾ ਹੈ ਤਾਂ ਤੁਸੀਂ ਬਿਹਤਰੀਨ ਹਸਪਤਾਲਾਂ ਅਤੇ ਸਕੂਲਾਂ ਕਾਲਜਾਂ ਦੀਆਂ ਸੇਵਾਵਾਂ ਹਾਸਿਲ ਕਰ ਸਕਦੇ ਹੋ; ਜੇ ਨਹੀਂ ਤਾਂ ਤੁਸੀਂ ਚਿੱਕੜ ਵਿੱਚ ਫਸੇ ਰਹੋਗੇ।

ਇਸ ਸਵਾਲ ਦਾ ਸਹੀ ਜਵਾਬ ਦੇਣ ਵਾਲੇ ਦੋ

**(ਬਾਕੀ ਅਗਲੇ ਸਫੇ 'ਤੇ)**

# ਸਮਰੱਥਾ ਉੱਤੇ ਬਰੇਕਾਂ 'ਮਿਸ਼ਨ ਸਮਰੱਥ'



**ਮੁਢਲਾ ਪ੍ਰਸ਼ਨ ਇਹ ਹੈ ਕਿ ਪੜ੍ਹਾਈ ਦੇ ਇਸ ਮੰਦੜੇ ਹਾਲ ਲਈ ਦੋਸ਼ੀ ਕਾਰਕਾਂ ਉੱਤੇ ਪਰਦਾਪੋਸ਼ੀ ਕਿਉਂ? ਪਹਿਲਾ ਕਾਰਕ ਸਰਕਾਰ ਜੋ ਸਰਕਾਰੀ ਸਕੂਲਾਂ ਵਿੱਚ ਅਧਿਆਪਕ ਪੂਰੇ ਨਹੀਂ ਕਰਦੀ, ਰੈਸ਼ਨਲਾਈਜੇਸ਼ਨ ਨਹੀਂ ਕਰਦੀ ਕਿਉਂਕਿ ਮਨੁੱਖੀ ਸਾਧਨ ਭਾਵ ਅਧਿਆਪਕਾਂ ਦੀ ਲੋੜੀਂਦੀ ਪੂਰਤੀ ਨਹੀਂ ਕਰਦੀ। ਇਸ ਕਰ ਕੇ ਅਧਿਆਪਕਾਂ ਅਤੇ ਅਧਿਕਾਰੀਆਂ ਨੂੰ ਬਣਦੀ ਜ਼ਿੰਮੇਵਾਰੀ ਨਿਭਾਉਣ ਲਈ ਕਹਿਣ ਦਾ ਨੈਤਿਕ ਹੱਕ ਗੁਆ ਬੈਠੀ ਸਰਕਾਰ ਬੇਵਸ ਹੈ। ਸਿੱਖਿਆ ਵਿਭਾਗ ਦੀ ਨਾਕਾਮੀ ਹੈ ਕਿ ਉਹ ਸਿੱਖਿਆ ਵਿਭਾਗ ਨੂੰ ਲੱਗੇ ਘੁਣ ਦੀ ਪਛਾਣ ਕਰ ਕੇ ਸਰਕਾਰ ਨੂੰ ਦੱਸ ਨਹੀਂ ਸਕਦਾ।**

**ਸੂਬਾ ਸਰਕਾਰਾਂ ਦੀ ਬੇਈਮਾਨੀ ਜਾਂ ਨਾਲਾਇਕੀ ਹੈ ਕਿ ਸਿੱਖਿਆ ਦੀ ਮੱਦ ਕੇਂਦਰ ਦਾ ਅਧਿਕਾਰ ਮੰਨ ਲਿਆ। ਹੁਣ ਸਿੱਖਿਆ ਨੂੰ ਨਾਗਰਿਕ ਦਾ ਮੁਢਲਾ ਅਧਿਕਾਰ ਬਣਾਉਣਾ ਸਰਕਾਰ ਲਈ ਤਾਂ ਗਿਣਨਯੋਗ ਪ੍ਰਾਪਤੀ ਬਣ ਗਿਆ ਪਰ ਇਸ ਨਾਲ ਨਾਗਰਿਕ ਨੂੰ ਲੋੜੀਂਦੇ ਅਧਿਆਪਕ ਤਾਂ ਕਿਸੇ ਨੇ ਨਹੀਂ ਦਿੱਤੇ। ਅਸਲ ਅਧਿਕਾਰ ਤਾਂ ਅੱਠਵੀਂ ਤੱਕ ਵਿਦਿਆਰਥੀ ਨੂੰ ਪੜ੍ਹਨ ਅਤੇ ਪਾਸ ਹੋਣ ਦੀ ਚਿੰਤਾ ਤੋਂ ਮੁਕਤੀ ਦੇ ਰੂਪ ਵਿੱਚ ਮਿਲਿਆ ਹੈ। ਇਨ੍ਹਾਂ ਸਾਰੇ ਲੈਵਲਾਂ ਵਾਲੇ ਬੱਚੇ ਦਸਵੀਂ ਤੇ ਬਾਰਵੀਂ ਵਿੱਚੋਂ 98% ਜਾਂ ਇਸ ਤੋਂ ਉੱਪਰ ਦੀ ਪਾਸ ਪ੍ਰਤੀਸ਼ਤ ਦੇ ਨਤੀਜੇ ਦਿੰਦੇ ਹਨ। ਕਿੱਡਾ ਵੱਡਾ ਫਰਾਡ, ਧੋਖਾ ਅਤੇ ਬੇਈਮਾਨੀ ਹੈ।**

ਸਿੱਖਿਆ ਮਿਆਰ ਬਾਰੇ ਕੌਮੀ ਸਰਵੇ ਕਹਿੰਦਾ ਹੈ ਕਿ ਅੱਠਵੀਂ ਦੇ 40% ਬੱਚੇ ਗਣਿਤ ਅਤੇ ਭਾਸ਼ਾਵਾਂ ਵਿੱਚ ਪ੍ਰਾਇਮਰੀ ਪੱਧਰ ਦੀਆਂ ਕਿਰਿਆਵਾਂ ਵੀ ਨਹੀਂ ਕਰ ਸਕਦੇ। ਅੱਠਵੀਂ ਤੋਂ ਹੇਠਾਂ ਦੀਆਂ ਜਮਾਤਾਂ ਦੇ ਮਿਆਰ ਬਾਰੇ ਪਾਠਕ ਖੁਦ ਅੰਦਾਜ਼ਾ ਲਗਾ ਲੈਣ। ਮਿਆਰ ਵਿੱਚ ਇਸ ਚਿੰਤਾਜਨਕ ਘਾਟ ਨੂੰ ਪੂਰੀ ਕਰਨ ਲਈ ਸਰਕਾਰੀ ਸਕੂਲਾਂ ਵਿੱਚ 'ਮਿਸ਼ਨ ਸਮਰੱਥ' ਨਾਂ ਦਾ ਪ੍ਰਾਜੈਕਟ ਚੱਲ ਰਿਹਾ ਹੈ। ਇਸ ਪ੍ਰਾਜੈਕਟ ਨੂੰ ਜੇਕਰ ਅੱਗੇ ਨਾ ਵਧਾਇਆ ਗਿਆ ਤਾਂ ਤਿੰਨ ਮਹੀਨੇ ਲਈ ਸੀ ਅਤੇ ਇਹ 31 ਜੁਲਾਈ ਤਕ ਚਲੇਗਾ। ਇਸ ਪ੍ਰਾਜੈਕਟ ਦੀ ਲੋੜ, ਅਮਲ ਅਤੇ ਸਿੱਟੇ ਧਿਆਨ ਨਾਲ ਵਾਚਣ ਤੋਂ ਪਤਾ ਲਗਦਾ ਹੈ ਕਿ ਇਹ ਪ੍ਰਾਜੈਕਟ ਜਿਸ ਵੀ ਦਿਮਾਗ ਦੀ ਕਾਢ ਹੈ, ਇਹ ਪ੍ਰਾਜੈਕਟ ਕਈ ਐਲਾਨਨਾਮੇ ਕਰਦਾ ਹੈ। ਸਭ ਤੋਂ ਵੱਡਾ ਐਲਾਨਨਾਮਾ ਹੈ ਕਿ ਇਹ ਪ੍ਰਾਜੈਕਟ ਸਰਕਾਰੀ ਸਕੂਲਾਂ ਵਿੱਚ ਸਮਰੱਥ ਵਿਦਿਆਰਥੀਆਂ ਨਾਲ ਧੋਖਾ ਹੈ। ਦੂਜਾ ਐਲਾਨਨਾਮਾ ਹੈ- ਪੰਜਾਬ ਸਕੂਲ ਸਿੱਖਿਆ ਬੋਰਡ, ਸਿੱਖਿਆ ਵਿਭਾਗ ਦੇ ਦੋਨੋਂ ਦਫਤਰ ਡੀਪੀਆਈ ਪ੍ਰਾਇਮਰੀ/ਸੈਕੰਡਰੀ ਅਤੇ ਐਸਸੀਈਆਰਟੀ ਸਕੂਲਾਂ ਵਿੱਚ ਪੜ੍ਹਨ ਪੜ੍ਹਾਉਣ ਕਿਰਿਆ ਦੇ ਗਿਆਨ ਵਿਚੋਂ ਕੋਰੇ ਹਨ। ਤੀਜਾ ਐਲਾਨਨਾਮਾ ਅਧਿਆਪਕਾਂ, ਜਥੇਬੰਦੀਆਂ ਅਤੇ ਸਰਕਾਰ ਨਾਲ ਸਬੰਧਿਤ ਹੈ ਜਿਸ ਬਾਰੇ ਚਰਚਾ ਕਰਨੀ ਬਰਾਬਰ ਦੀ ਜ਼ਰੂਰੀ ਹੈ। ਯਾਦ ਰਹੇ, ਇਹ ਪ੍ਰਾਜੈਕਟ ਪਿਛਲੇ ਸਾਲ ਵੀ ਚਲਾਇਆ ਗਿਆ ਸੀ। ਹੁਣ ਦੁਹਰਾਉਣ ਦਾ ਭਾਵ ਹੈ ਕਿ ਪਿਛਲਾ ਨਤੀਜਾ ਸਿਫ਼ਰ ਸੀ।

ਇਸ ਮਿਸ਼ਨ ਅਨੁਸਾਰ, ਪ੍ਰਾਇਮਰੀ ਵਿੱਚ ਦੂਜੀ, ਤੀਜੀ, ਚੌਥੀ ਤੇ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਦੇ ਪਹਿਲਾਂ ਜਮਾਤਵਾਰ ਦੋ ਲੈਵਲਾਂ ਵਿੱਚ ਟੈਸਟ ਰਾਹੀਂ ਪਛਾਣ ਕਰਨੀ ਹੈ। ਲੈਵਲ ਇਕ ਵਿੱਚ ਆਰੰਭਕ (ਜਿਸ ਦਾ ਅੱਖਰ ਗਿਆਨ ਵੀ ਅਧੂਰਾ ਹੈ), ਅੱਖਰ ਅਤੇ ਸ਼ਬਦ ਤਿੰਨ ਵਰਗ ਕੱਢਣੇ ਹਨ। ਲੈਵਲ ਦੋ ਵਿੱਚ ਵੀ ਪੈਰਾ, ਕਹਾਣੀ ਅਤੇ ਸਮਝ ਆਧਾਰਿਤ ਕਹਾਣੀ, ਤਿੰਨ ਵਰਗਾਂ ਵਿੱਚ ਦਿਦਿਆਰਥੀਆਂ ਦੀ ਪਛਾਣ ਕਰਨੀ ਹੈ। ਇਹੀ ਪੈਟਰਨ ਗਣਿਤ ਅਤੇ ਅੰਗਰੇਜ਼ੀ ਦਾ ਹੈ। ਥੋੜ੍ਹੇ ਬਹੁਤੇ ਅੰਤਰ ਨਾਲ ਮਿਡਲ ਦੀ ਛੇਵੀਂ, ਸੱਤਵੀਂ ਅਤੇ ਅੱਠਵੀਂ ਦੇ ਵਿਦਿਆਰਥੀਆਂ ਦਾ ਵਰਗੀਕਰਨ ਇਸੇ ਤਰ੍ਹਾਂ ਕਰਨਾ ਹੈ। ਮੰਤਵ ਹੇਠਲੇ ਲੈਵਲ ਤੋਂ ਬੱਚਿਆਂ ਨੂੰ ਉਪਰਲੇ ਲੈਵਲ, ਫਿਰ ਉਸ ਤੋਂ ਉਪਰਲੇ ਲੈਵਲ ਵੱਲ ਲਿਜਾਣਾ ਹੈ। ਪ੍ਰਾਇਮਰੀ ਵਿੱਚ ਅੱਧੀ ਛੁੱਟੀ ਤੋਂ ਪਹਿਲਾਂ ਹਰ ਵਿਸ਼ਾ ਇੱਕ ਘੰਟਾ ਪੜ੍ਹਾਉਣਾ ਹੈ। ਮਿਡਲ ਜਮਾਤਾਂ ਲਈ ਪੀਰੀਅਡ ਵਿਸ਼ਿਆਂ ਅਨੁਸਾਰ ਦਿੱਤੇ ਹਨ। ਇਸ ਯੋਜਨਾਬੰਦੀ ਨੂੰ ਅਮਲ ਵਿੱਚ ਲਿਆਉਣਾ ਹੋਵੇ ਤਾਂ ਪ੍ਰਾਇਮਰੀ ਵਿੱਚ ਸਿੰਗਲ ਟੀਚਰ ਜਾਂ ਡਬਲ ਟੀਚਰ ਸਕੂਲ ਪਹਿਲੇ ਲੈਵਲ ਦੇ ਤਿੰਨ ਪੱਧਰ ਅਤੇ ਦੂਜੇ ਲੈਵਲ ਦੇ ਤਿੰਨ ਪੱਧਰ, ਕੁਲ ਛੇ ਪੱਧਰਾਂ ਨੂੰ ਇੱਕੋ ਸਮੇਂ ਕਿਵੇਂ ਅਲੱਗ-ਅਲੱਗ ਕਰ ਕੇ ਪੜ੍ਹਾਏਗਾ। ਸਿੰਗਲ ਟੀਚਰ ਲਈ ਤਾਂ ਸੋਚਣਾ ਵੀ ਮੂਰਖਤਾ ਹੈ। ਇਹੋ ਹਾਲ ਮਿਡਲ ਦਾ ਹੋਵੇਗਾ। ਜਮਾਤ ਵਿੱਚ ਇਕ ਵਿਸ਼ੇ ਦੇ ਦੋ ਲੈਵਲ ਅਤੇ ਹਰ ਇਕ ਵਿੱਚ ਤਿੰਨ-ਤਿੰਨ ਪੱਧਰ, ਕੁਲ ਛੇ ਵਰਗਾਂ ਨੂੰ ਅਲੱਗ-ਅਲੱਗ ਕੋਈ ਕਿਵੇਂ ਪੜ੍ਹਾ ਸਕਦਾ ਹੈ। ਉਹ ਵੀ ਇਕੋ ਸਮੇਂ। ਸੱਤਵਾਂ ਵਰਗ ਉਨ੍ਹਾਂ ਹੁਸ਼ਿਆਰ ਵਿਦਿਆਰਥੀਆਂ ਦਾ ਹੈ ਜਿਨ੍ਹਾਂ ਬਾਰੇ ਸਕੀਮ ਦੇ ਯੋਜਨਾਕਾਰਾਂ ਨੇ ਕੁਝ ਨਹੀਂ ਕਿਹਾ। ਲਗਦਾ ਹੈ ਕਿ ਇਹ ਸਕੀਮ ਹੀ ਇਨ੍ਹਾਂ ਬਦਕਿਸਮਤਾਂ ਦਾ ਜੀਵਨ ਬਰਬਾਦ ਕਰਨ ਲਈ ਬਣਾਈ ਗਈ ਹੈ ਕਿਉਂਕਿ ਇਨ੍ਹਾਂ ਨੂੰ ਤਿੰਨ ਮਹੀਨੇ ਕਿਸੇ ਨੇ ਕੁਝ ਨਹੀਂ ਪੜ੍ਹਾਉਣਾ। ਕਮਜ਼ੋਰਾਂ ਨੂੰ ਉੱਪਰ ਉਠਾਉਣਾ ਸਹੀ ਹੈ, ਸ਼ਲਾਘਾ ਯੋਗ ਹੈ ਪਰ ਕੀਮਤ ਹੁਸ਼ਿਆਰ ਅਤੇ ਸਮਰੱਥਾਵਾਨ ਵਿਦਿਆਰਥੀ ਚੁਕਾਉਣ; ਸਿਸਟਮ ਵਿੱਚ ਗੜਬੜ ਪੈਦਾ ਕੀਤੀ ਜਾਵੇ, ਇਹ ਗਲਤ ਹੈ, ਨਿੰਦਣਯੋਗ ਹੈ।

ਇਸ ਸਕੀਮ ਵਿੱਚ ਲੈਵਲ ਸੁਧਾਰ ਦਾ ਵਿਚਾਰ ਤਾਂ ਦੇਖਣ ਸੁਣਨ ਨੂੰ ਚੰਗਾ ਲਗਦਾ ਹੈ ਪਰ ਮੁਢਲਾ ਪ੍ਰਸ਼ਨ ਇਹ ਹੈ ਕਿ ਪੜ੍ਹਾਈ ਦੇ ਇਸ ਮੰਦੜੇ ਹਾਲ ਲਈ ਦੋਸ਼ੀ ਕਾਰਕਾਂ ਉੱਤੇ ਪਰਦਾਪੋਸ਼ੀ ਕਿਉਂ? ਪਹਿਲਾ ਕਾਰਕ ਸਰਕਾਰ ਜੋ ਸਰਕਾਰੀ ਸਕੂਲਾਂ ਵਿੱਚ ਅਧਿਆਪਕ ਪੂਰੇ ਨਹੀਂ ਕਰਦੀ, ਰੈਸ਼ਨਲਾਈਜੇਸ਼ਨ ਨਹੀਂ ਕਰਦੀ ਕਿਉਂਕਿ ਮਨੁੱਖੀ ਸਾਧਨ ਭਾਵ ਅਧਿਆਪਕਾਂ ਦੀ ਲੋੜੀਂਦੀ ਪੂਰਤੀ ਨਹੀਂ ਕਰਦੀ। ਇਸ ਕਰ ਕੇ ਅਧਿਆਪਕਾਂ ਅਤੇ ਅਧਿਕਾਰੀਆਂ ਨੂੰ ਬਣਦੀ ਜ਼ਿੰਮੇਵਾਰੀ ਨਿਭਾਉਣ ਲਈ ਕਹਿਣ ਦਾ ਨੈਤਿਕ ਹੱਕ ਗੁਆ ਬੈਠੀ ਸਰਕਾਰ ਬੇਵਸ ਹੈ। ਸਿੱਖਿਆ ਵਿਭਾਗ ਦੀ ਨਾਕਾਮੀ ਹੈ ਕਿ ਉਹ

ਸੁੱਚਾ ਸਿੰਘ ਖੱਟੜਾ

ਸਿੱਖਿਆ ਵਿਭਾਗ ਨੂੰ ਲੱਗੇ ਘੁਣ ਦੀ ਪਛਾਣ ਕਰ ਕੇ ਸਰਕਾਰ ਨੂੰ ਦੱਸ ਨਹੀਂ ਸਕਦਾ। ਸੂਬਾ ਸਰਕਾਰਾਂ ਦੀ ਬੇਈਮਾਨੀ ਜਾਂ ਨਾਲਾਇਕੀ ਹੈ ਕਿ ਸਿੱਖਿਆ ਦੀ ਮੱਦ ਕੇਂਦਰ ਦਾ ਅਧਿਕਾਰ ਮੰਨ ਲਿਆ। ਹੁਣ ਸਿੱਖਿਆ ਨੂੰ ਨਾਗਰਿਕ ਦਾ ਮੁਢਲਾ ਅਧਿਕਾਰ ਬਣਾਉਣਾ ਸਰਕਾਰ ਲਈ ਤਾਂ ਗਿਣਨਯੋਗ ਪ੍ਰਾਪਤੀ ਬਣ ਗਿਆ ਪਰ ਇਸ ਨਾਲ ਨਾਗਰਿਕ ਨੂੰ ਲੋੜੀਂਦੇ ਅਧਿਆਪਕ ਤਾਂ ਕਿਸੇ ਨੇ ਨਹੀਂ ਦਿੱਤੇ। ਅਸਲ ਅਧਿਕਾਰ ਤਾਂ ਅੱਠਵੀਂ ਤੱਕ ਵਿਦਿਆਰਥੀ ਨੂੰ ਪੜ੍ਹਨ ਅਤੇ ਪਾਸ ਹੋਣ ਦੀ ਚਿੰਤਾ ਤੋਂ ਮੁਕਤੀ ਦੇ ਰੂਪ ਵਿੱਚ ਮਿਲਿਆ ਹੈ। ਇਨ੍ਹਾਂ ਸਾਰੇ ਲੈਵਲਾਂ ਵਾਲੇ ਬੱਚੇ ਦਸਵੀਂ ਤੇ ਬਾਰਵੀਂ ਵਿੱਚੋਂ 98% ਜਾਂ ਇਸ ਤੋਂ ਉੱਪਰ ਦੀ ਪਾਸ ਪ੍ਰਤੀਸ਼ਤ ਦੇ ਨਤੀਜੇ ਦਿੰਦੇ ਹਨ। ਕਿੱਡਾ ਵੱਡਾ ਫਰਾਡ, ਧੋਖਾ ਅਤੇ ਬੇਈਮਾਨੀ ਹੈ। ਹਰ ਜੀਵ ਵਾਂਗ ਸਭ ਮਨੁੱਖ ਬਰਾਬਰ ਦੀਆਂ ਸਮਰੱਥਾਵਾਂ ਨਾਲ ਪੈਦਾ ਨਹੀਂ ਹੁੰਦੇ। ਹਰ ਕੋਈ 100 ਮੀਟਰ ਦੌੜ ਲਈ ਇਕ ਸਮਾਨ ਸਮਾਂ ਲਵੇਗਾ, ਕੁਦਰਤ ਵਿੱਚ ਨਿਯਮ ਨਹੀਂ। 'ਮਿਸ਼ਨ ਸਮਰੱਥ' ਜਿਥੇ ਹੋਰ ਪੱਖਾਂ ਤੋਂ ਦੋਸ਼ ਵਾਲਾ ਹੈ, ਉੱਥੇ ਕੁਦਰਤ ਦੇ ਉਪਰੋਕਤ ਨਿਯਮ ਵਿਰੁੱਧ ਜ਼ਿੱਦ ਦਾ ਪ੍ਰਗਟਾਓ ਹੈ ਪਰ ਕੁਦਰਤ ਦੇ ਇਸ ਨਿਯਮ ਦੇ ਬਹਾਨੇ ਆਪੋ-ਆਪਣੀ ਕੁਤਾਹੀ ਛੁਪਾਉਣਾ ਸਮਾਜ ਨਾਲ ਧੋਖਾ ਹੈ।

ਕੁਝ ਪ੍ਰਸ਼ਨਾਂ ਦੇ ਉੱਤਰ 'ਮਿਸ਼ਨ ਸਮਰੱਥ' ਘੜਨ ਵਾਲਿਆਂ ਤੋਂ ਪੁੱਛਣੇ ਬਣਦੇ ਹਨ। ਪਹਿਲਾ ਪ੍ਰਸ਼ਨ, ਹਰ ਜਮਾਤ ਲਈ ਨਿਰਧਾਰਤ ਪਾਠਕ੍ਰਮ ਅਤੇ 'ਮਿਸ਼ਨ ਸਮਰੱਥ' ਦੇ ਪਾਠਕ੍ਰਮ ਵਿਚਕਾਰ ਟਕਰਾਓ ਬਾਰੇ ਹੈ। ਨਿਰਧਾਰਤ ਪਾਠਕ੍ਰਮ ਪੂਰਾ ਕਰਨ ਲਈ ਨਿਰਧਾਰਤ ਸਮਾਂ, ਭਾਵ ਵਿਦਿਅਕ ਵਰ੍ਹਾ ਹੁੰਦਾ ਹੈ। ਵਿਦਿਅਕ ਵਰ੍ਹੇ ਦੇ ਤਿੰਨ ਮਹੀਨੇ 'ਮਿਸ਼ਨ ਸਮਰੱਥ' ਦੀ ਭੇਟ ਚੜ੍ਹਾ ਕੇ ਬਚੇ ਸਮੇਂ ਵਿੱਚ ਸਿਲੇਬਸ ਕਿਵੇਂ ਪੂਰਾ ਹੋਵੇਗਾ? ਸਾਲਾਨਾ ਪ੍ਰਸ਼ਨ ਪੱਤਰ ਨਿਰਧਾਰਤ ਸਿਲੇਬਸ ਵਿੱਚੋਂ ਆਉਣਾ ਹੈ। ਫਿਰ 'ਮਿਸ਼ਨ ਸਮਰੱਥ' ਦੀਆਂ ਕਿਤਾਬਾਂ ਅਤੇ ਸਮੱਗਰੀ ਦਾ ਕੀ ਲਾਭ। 'ਮਿਸ਼ਨ ਸਮਰੱਥ' ਅਧਿਆਪਕ ਨੂੰ ਕਲਾਸ ਰੂਮ ਵਿੱਚ ਪੜ੍ਹਾਉਣ ਦੀ ਸੁਤੰਤਰਤਾ ਉੱਤੇ ਹਮਲਾ ਹੈ। 'ਮਿਸ਼ਨ ਸਮਰੱਥ' ਇਕੱਲਾ 'ਮਿਸ਼ਨ ਸਮਰੱਥ' ਦੀਆਂ ਕਿਤਾਬਾਂ ਪੜ੍ਹਾਉਣ ਤਕ ਸੀਮਤ ਨਹੀਂ, ਅੱਧੀ ਛੁੱਟੀ ਤੋਂ ਬਾਅਦ ਵਰਕਸ਼ੀਟਾਂ ਮੁਕੰਮਲ ਕਰਨ ਦਾ ਫਰਜ਼ੀਬਾੜਾ ਵੀ ਕਰਨਾ ਪੈਂਦਾ ਹੈ। ਕਾਸ਼! ਸਰਕਾਰੀ ਸਕੂਲਾਂ ਵਿੱਚ ਆਪਣੀ ਔਲਾਦ ਭੇਜਣ ਵਾਲਾ ਸਮਾਜ ਸਮਝ ਸਕੇ, ਉਸ ਨਾਲ ਕਿੰਨਾ ਧੋਖਾ ਹੋ ਰਿਹਾ ਹੈ। ਪ੍ਰਾਈਵੇਟ ਸਕੂਲਾਂ ਵਿੱਚ ਇਹ ਸਕੀਮ ਨਹੀਂ, ਇਸ ਗੱਲ ਦੀ ਤਸਦੀਕ ਹੈ ਕਿ ਸਰਕਾਰੀ ਸਕੂਲਾਂ ਦੀਆਂ ਮਾਲਕ ਸਰਕਾਰਾਂ ਅਤੇ ਪ੍ਰਬੰਧਕ, ਭਾਵ ਅਫ-ਸਰਸ਼ਾਹੀ ਅਯੋਗ ਜਾਂ ਬੇਈਮਾਨ ਜਾਂ ਦੋਨੋਂ ਹਨ ਜਿਹਨਾਂ ਨੇ ਸਰਕਾਰੀ ਸਕੂਲਾਂ ਦਾ ਇਹ ਹਾਲ ਕੀਤਾ ਹੋਇਆ ਹੈ। ਜੇਕਰ ਅਜਿਹੀਆਂ ਸਕੀਮਾਂ ਕੇਂਦਰ ਸਰਕਾਰ ਦੀਆਂ ਗਰਾਂਟਾਂ ਨਾਲ ਜੋੜ ਕੇ ਥੋਪੀਆਂ ਜਾਂਦੀਆਂ ਹਨ ਤਾਂ ਇਹ ਸੱਚ ਨੰਗਾ ਕੀਤਾ ਜਾਵੇ ਤਾਂ ਕਿ ਇਹ ਸਿਆਸੀ ਮੁੱਦਾ ਬਣ ਸਕੇ, ਲੋਕ ਸੂਬਿਆਂ ਨੂੰ ਵੱਧ ਅਧਿਕਾਰਾਂ ਦੀ ਅਹਿਮੀਅਤ ਸਮਝ ਸਕਣ। ਸਿਆਸੀ ਪਾਰਟੀਆਂ ਦੀ ਸਰਕਾਰੀ ਸਕੂਲਾਂ ਦੇ ਮੰਦੇ ਹਾਲ ਉੱਤੇ ਚੁੱਪ ਉਨ੍ਹਾਂ ਦਾ ਸਿੱਖਿਆ ਦੇ ਮੰਦੇ ਹਾਲ ਨੂੰ ਪ੍ਰਵਾਨ ਕਰਨ ਦਾ ਕਬੂਲਨਾਮਾ ਹੈ। ਸਿਆਸੀ ਦਲ ਗਾਹੇ-ਬਗਾਹੇ ਸਿੱਖਿਆ ਖੇਤਰ ਦੇ ਨਿਘਾਰ ਦੀ ਅਲੋਚਨਾ ਕਰਦੇ ਹਨ, ਸੁਧਾਰ ਲਈ ਸੁਝਾਅ ਕਿਸੇ ਕੋਲ ਨਹੀਂ।

ਅੱਵਲ ਤਾਂ ਅਧਿਕਾਰੀ 'ਮਿਸ਼ਨ ਸਮਰੱਥ' ਦੇ ਨਿਰੀਖਣ ਲਈ ਸਕੂਲਾਂ ਵਿੱਚ ਜਾਂਦੇ ਹੀ ਨਹੀਂ, ਜੇਕਰ ਜਾਣ ਵੀ ਤਾਂ ਅਧਿਆਪਕ ਜਾਂ ਮੁਖੀ ਇਸ ਝੰਜਟ ਅਤੇ ਸਿੱਖਿਆ ਵਿੱਚ ਵਾਧੂ ਗੜਬੜ ਤੇ ਪਰੇਸ਼ਾਨੀ ਉਨ੍ਹਾਂ ਸਾਹਮਣੇ ਰੱਖਦੇ ਨਹੀਂ। ਕਿਸੇ ਵੇਲੇ ਪੰਜਾਬ ਦੇ ਅਧਿਆਪਕ ਆਪਣੀ ਜਥੇਬੰਦੀ ਦੀ ਚੋਣ ਵੋਟਾਂ ਨਾਲ ਕਰਦੇ ਸੀ। ਜੇਬੀਟੀ ਤੋਂ ਪ੍ਰਿੰਸੀਪਲ ਤੱਕ ਸਾਂਝੀ ਯੂਨੀਅਨ ਚੁਣਦੇ ਸਨ।

ਅਜੇ ਡੇਢ ਦਹਾਕਾ ਪਹਿਲਾਂ ਮਿਡਲ ਅਤੇ ਹਾਈ ਵਿੱਚ ਅੰਗਰੇਜ਼ੀ ਵਿਸ਼ੇ ਲਈ ਵੱਖਰੇ ਕਾਡਰ ਦੀਆਂ ਨਿ-ਯੁਕਤੀਆਂ ਦੇ ਸੁਝਾਅ ਦੀ ਫਾਇਲ 2005 ਵਿੱਚ ਕਿਸੇ ਜਥੇਬੰਦੀ ਨੇ ਹੀ ਚਲਾਈ ਸੀ। ਪ੍ਰੀ-ਪ੍ਰਾਇਮਰੀ ਅਤੇ ਨਰਸਰੀ ਤੋਂ ਸਿੱਖਿਆ ਨਵੀਂ ਸਿੱਖਿਆ ਨੀਤੀ 2020 ਵਿਚ ਸ਼ੁਰੂ ਹੋਈ। ਪੰਜਾਬ ਵਿੱਚ ਇਸ ਨੂੰ ਸਕੂਲਾਂ ਵਿੱਚ ਆਪਣੇ ਪੱਧਰ ਉੱਤੇ ਸ਼ੁਰੂ ਕਰਨ ਦੀ ਆਗਿਆ ਉਸੇ ਜਥੇਬੰਦੀ ਨੇ 2009 ਵਿੱਚ ਲੈ ਲਈ ਸੀ। ਜਥੇਬੰਦਕ ਸਰਗਰਮੀਆਂ ਵਿੱਚ ਸਿੱਖਿਆ ਸੁਧਾਰ ਏਜੰਡਾ ਬਰਾਬਰ ਹੁੰਦਾ ਸੀ। ਅੱਜ ਜਥੇਬੰਦੀਆਂ ਕਾਡਰ, ਜਾਤਾਂ, ਨਿਯੁਕਤੀ ਮਿਤੀਆਂ, ਨਿਯੁਕਤੀ ਦੀਆਂ ਵੰਨਗੀਆਂ ਆਧਾਰਿਤ ਬਣਾ ਕੇ ਫਿਰ ਦੋ-ਦੋ, ਤਿੰਨ-ਤਿੰਨ ਵਾਰ ਤੋੜ ਕੇ ਜਥੇਬੰਦੀਆਂ ਦਾ ਜੰਗਲ ਉਗਿਆ ਪਿਆ ਹੈ। ਲੋੜ ਕਿਸੇ ਇੱਕ ਵਿਜ਼ਨਰੀ ਜਥੇਬੰਦੀ ਦੀ ਹੈ ਜੋ ਸਿੱਖਿਆ ਵਿਗਾੜ ਸੁਧਾਰਨ ਵਿੱਚ ਸਰਕਾਰ ਦੀ ਅਗਵਾਈ ਕਰੇ, ਲੋੜ ਪਏ ਤਾਂ ਸਰਕਾਰ ਉੱਤੇ ਦਬਾਅ ਵੀ ਪਾ ਸਕੇ।

ਜੇ ਜਥੇਬੰਦੀਆਂ ਦੇ ਆਗੂ ਮਿਲ ਬੈਠ ਕੇ ਇਹ ਨਾ ਕਰ ਸਕਣ ਤਾਂ ਕੋਈ ਇੱਕ ਜਥੇਬੰਦੀ ਇੰਨੀ ਮਜ਼ਬੂਤ ਹੋ ਕੇ ਉੱਭਰੇ ਕਿ ਬਾਕੀ ਸਭ ਕਿਨਾਰੇ ਹੋ ਜਾਣ। ਜੇਕਰ ਇਹ ਨਹੀਂ ਹੁੰਦਾ ਤਾਂ 'ਮਿਸ਼ਨ ਸਮਰੱਥ' ਹਰ ਸਾਲ ਕਿਸੇ ਹੋਰ ਅਵਤਾਰ ਵਿੱਚ ਪ੍ਰਗਟ ਹੋਵੇਗਾ ਅਤੇ ਇਹ ਜਥੇਬੰਦੀਆਂ ਮੌਸਮ ਵਿਗਿਆਨੀ ਬਣ ਕੇ ਗਰਮੀ, ਸਰਦੀ, ਧੁੰਦ, ਮੀਂਹ ਨੂੰ ਦੇਖਦਿਆਂ ਸਰਕਾਰ ਨੂੰ ਛੁੱਟੀਆਂ ਕਰਨ ਦੇ ਸੁਝਾਅ ਦੇਣ ਤੱਕ ਸੀਮਤ ਹੋ ਕੇ ਰਹਿ ਜਾਣਗੀਆਂ।

'ਮਿਸ਼ਨ ਸਮਰੱਥ' ਬਿਮਾਰੀ ਦਾ ਇਲਾਜ ਹੈ, ਰੋਕਥਾਮ ਨਹੀਂ। ਰੋਕਥਾਮ ਤਾਂ ਸ਼ੁਰੂ ਹੋਵੇਗੀ ਜੇਕਰ ਨਰਸਰੀ ਅਤੇ ਪ੍ਰੀ-ਪ੍ਰਾਇਮਰੀ ਅਧਿਆਪਕ ਦਿੱਤੇ ਜਾਣ। ਸਕੂਲਾਂ ਵਿੱਚ ਅਧਿਆਪਕ ਪੂਰੇ ਕੀਤੇ ਜਾਣ। ਫਿਰ ਅਧਿਆਪਕਾਂ ਦੀ ਜ਼ਿੰਮੇਵਾਰੀ ਤੈਅ ਕੀਤੀ ਜਾਵੇ। ਜੇ ਇਹ ਰੋਕਥਾਮ ਸ਼ੁਰੂ ਨਹੀਂ ਕਰਨੀ ਤਾਂ 'ਮਿਸ਼ਨ ਸਮਰੱਥ' ਹੁਣ ਤਾਂ ਪ੍ਰਾਇਮਰੀ ਅਤੇ ਮਿਡਲ ਜਮਾਤਾਂ ਲਈ ਹੈ, ਕਿਸੇ ਦਿਨ 9ਵੀਂ ਅਤੇ 10ਵੀਂ ਵੀ ਲਪੇਟੇ ਵਿੱਚ ਆ ਜਾਣਗੀਆਂ। ਚਿੰਤਾ ਕਰੀਏ।

# ਸਿਹਤ ਤੇ ਸਿੱਖਿਆ ਦਾ ਕਿਸੇ ਨੂੰ ਖਿਆਲ ਨਹੀਂ

**(ਸਫਾ 9 ਦੀ ਬਾਕੀ)**

ਦੇਸ਼ ਹਨ- ਸਾਬਕਾ ਸੋਵੀਅਤ ਸੰਘ, ਇਸ ਦਾ ਵਾਰਸ ਰੂਸ ਤੇ ਚੀਨ। ਇਨ੍ਹਾਂ ਦੋਵਾਂ ਨੂੰ ਕਮਿਊਨਿਸਟ ਦੇਸ਼ ਕਹਿ ਕੇ ਭੰਡਣਾ ਸੌਖਾ ਹੈ; ਭਾਵ, ਲੋਕਰਾਜ ਤਰਕਸੰਗਤ ਅਤੇ ਕਮਿਊਨਿਸਟ ਨਿਰੰਕੁਸ਼ਵਾਦੀ ਹੁੰਦੇ ਹਨ ਪਰ ਜਦੋਂ ਸਵਾਲ ਤੁਹਾਡੇ ਬੱਚਿਆਂ ਦੀ ਸਿੱਖਿਆ ਦਾ ਆਉਂਦਾ ਹੈ ਤਾਂ ਇਹ ਮਹਿਜ਼ ਬਹਾਨਾ ਹੁੰਦਾ ਹੈ।

ਤੱਥ ਇਹ ਹੈ ਕਿ ਰੂਸ ਅਤੇ ਚੀਨ ਇਹ ਸਮਝਦੇ ਹਨ ਕਿ ਪੜ੍ਹਿਆ ਲਿਖਿਆ ਦੇਸ਼ ਬਣਨ ਲਈ ਸਾਰੇ ਬੱਚਿਆਂ ਨੂੰ ਮਿਆਰੀ ਸਿੱਖਿਆ ਦੇਣੀ ਜ਼ਰੂਰੀ ਹੈ ਨਾ ਕਿ ਮੁੱਠੀ ਭਰ ਕੁਲੀਨਾਂ ਦੇ ਬੱਚਿਆਂ ਨੂੰ; ਤੇ ਇੰਝ ਸਮੁੱਚੇ ਦੇਸ਼ ਅੰਦਰ ਸਾਰੇ ਪ੍ਰਾਇਮਰੀ ਸਕੂਲਾਂ ਅਤੇ ਪ੍ਰਾਇਮਰੀ ਸਿਹਤ ਕੇਂਦਰਾਂ ਲਈ ਫੰਡ ਮੁਹੱਈਆ ਕਰਵਾ ਕੇ ਤੁਸੀਂ ਇਸ ਦੀ ਸ਼ੁਰੂਆਤ ਕਰਦੇ ਹੋ। ਭਾਰਤ ਦੇ ਦੱਖਣੀ ਸੂਬਿਆਂ ਨੇ ਛੇਤੀ ਹੀ ਕੇਰਲਾ ਤੋਂ ਸਿੱਖ ਲਿਆ ਸੀ ਜਿਸ ਨੇ ਇਹ ਸਬਕ ਸਵਾਤੀ ਤਿਰੂਨਲ ਵਰਗੇ ਆਪਣੇ ਰਾਜਿਆਂ ਅਤੇ ਈਐੱਮਐੱਸ ਨੰਬੂਦਰੀਪਾਦ ਦੀ ਕਮਿਊਨਿਸਟ ਸਰਕਾਰ ਤੋਂ ਲਿਆ ਸੀ ਜਿਸ ਨੇ ਸਮਾਜਿਕ ਖੇਤਰ ਲਈ ਫੰਡਿੰਗ ਦਾ ਪੈਮਾਨਾ ਤੈਅ ਕਰ ਦਿੱਤਾ ਸੀ ਜੋ ਅੱਜ ਤਕ ਟਿਕਿਆ ਹੋਇਆ ਹੈ।

ਇਸ ਲਈ ਆਖ਼ਿਰ ਸਾਰੇ ਫਟਕਿਆਂ ਅਤੇ ਨੈਤਿਕ ਧਮਾਕਿਆਂ ਤੋਂ ਬਾਅਦ 'ਕਿਉਂ' ਦਾ ਜਵਾਬ ਕਾਫ਼ੀ ਸਰਲ ਹੈ। ਹਾਂ, ਸਿੱਖਿਆ ਅਤੇ ਸਿਹਤ ਭਾਜਪਾ ਲਈ ਤਰਜੀਹ ਨਹੀਂ ਹਨ ਕਿਉਂਕਿ ਸ਼ੇਅਰ ਬਾਜ਼ਾਰ ਵੱਲ ਧਿਆਨ ਦੇਣਾ ਜ਼ਿਆਦਾ ਅਹਿਮ ਹੈ; ਇਸ ਨਾਲ ਦੇਸ਼ ਦੇ ਲੋਕਾਂ ਅਤੇ ਬਾਹਰ ਬੈਠੀਆਂ ਕੰਪਨੀਆਂ ਨੂੰ ਸ਼ੇਅਰ ਬਾਜ਼ਾਰ ਵਿੱਚ ਪੈਸਾ ਨਿਵੇਸ਼ ਕਰਨ ਲਈ ਸ਼ੁਭ ਸੰਕੇਤ ਮਿਲਦੇ ਹਨ।

ਖ਼ੈਰ ਇਹ ਸਰਲ ਜਵਾਬ ਹੈ। ਸਚਾਈ ਇਹ ਹੈ ਕਿ ਅਸੀਂ ਸਾਰੇ ਗੁਨਾਹਗਾਰ ਹਾਂ। ਸੱਤਾਧਾਰੀ ਪਾਰਟੀ ਅਤੇ ਵਿਰੋਧੀ ਧਿਰ; ਭਾਵ, ਭਾਜਪਾ, ਕਾਂਗਰਸ, ਸਮਾਜਵਾਦੀ ਪਾਰਟੀ, ਡੀਐੱਮਕੇ, ਐੱਨਸੀਪੀ, ਤ੍ਰਿਣਮੂਲ ਕਾਂਗਰਸ ਅਤੇ ਹਰ ਸਿਆਸੀ ਪਾਰਟੀ ਦੇ ਹੱਥ ਖ਼ੂਨ ਨਾਲ ਰੰਗੇ ਹੋਏ ਹਨ। ਸਾਡੇ 'ਚੋਂ ਕੋਈ ਵੀ ਭਾਜਪਾ ਨੂੰ ਘੇਰ ਕੇ ਸਖ਼ਤ ਸਵਾਲ ਪੁੱਛਣ ਦੀ ਖੇਚਲ ਨਹੀਂ ਕਰਦਾ ਕਿ ਸਿੱਖਿਆ ਅਤੇ ਸਿਹਤ ਉਸ ਦੀ ਤਰਜੀਹ ਕਿਉਂ ਨਹੀਂ ਹਨ ਕਿਉਂਕਿ ਅਸੀਂ ਡਰਦੇ ਹਾਂ ਕਿ ਲੋਕ ਸਾਡੇ ਦੁਆਲੇ ਘੇਰਾ ਘੱਤ ਕੇ ਇਹੀ ਸਵਾਲ ਸਾਥੋਂ ਵੀ ਪੁੱਛਣਗੇ। ਜਦੋਂ ਅਸੀਂ ਸੱਤਾ ਵਿੱਚ ਸੀ ਤਾਂ ਉਦੋਂ ਅਸੀਂ ਕੁਝ ਕਿਉਂ ਨਹੀਂ ਕੀਤਾ?

ਇਸ ਲਈ ਅਸੀਂ ਦੋਸ਼ ਅਤੇ ਗੁਨਾਹ ਦੀ ਚਾਦਰ ਚੌੜੀ ਕਰ ਦਿੰਦੇ ਹਾਂ। ਅਸੀਂ ਸਾਰੇ ਗੁਨਾਹਗਾਰ ਹਾਂ। ਇਸ ਕਰ ਕੇ ਕੋਈ ਵੀ ਗੁਨਾਹਗਾਰ ਨਹੀਂ ਹੈ। ਇਸ ਦੀ ਬਜਾਇ ਅਸੀਂ ਕਾਰਗਿਲ ਵਿੱਚ ਪ੍ਰਧਾਨ ਮੰਤਰੀ ਨੂੰ ਗੱਜਦੇ ਹੋਏ ਦੇਖਦੇ ਹਾਂ; ਜਾਂ ਫਿਰ ਸ਼ੇਅਰ ਬਾਜ਼ਾਰ 'ਤੇ ਨੀਝ ਲਾ ਕੇ ਤੱਕਦੇ ਹਾਂ ਕਿਉਂਕਿ ਇਸ ਦਾ ਸੰਵੇਦੀ ਸੂਚਕ ਅੰਕ ਓਲੰਪਿਕ ਖੇਡਾਂ ਵਿੱਚ ਮੇਰੇ ਪਸੰਦੀਦਾ ਅਥਲੀਟ ਦੇ ਦਿਲ ਦੀ ਧੜਕਣ ਨਾਲ ਮੇਲ ਖਾਂਦਾ ਹੈ – ਹਾਂ ਸੱਚ! ਓਲੰਪਿਕ ਖੇਡਾਂ ਵੀ ਸ਼ੁਰੂ ਹੋ ਗਈਆਂ ਹਨ।

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
TAX-INDIVIDUAL FAMILY, BUSINESS, TRUCKING, BOOKKEEPING ACCOUNTS, PAY-ROLLS & INCORPORATION, INSURANCE LIFE Only-Agent. NOTARY, REAL ESTATE (SVA), EX-PECTING REFUND : GET MONEY BACK FAST!
E.A.
Open 7 Days
Weekends/Evenings
(Year Round Service)
Resonalbe Rates
Call for Appointment
IRS e-file
CTEC California Tax Education Council Registered Tax Preparer

CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39159 Paseo Padre Pkwy # 103, Fremont, CA 94538
Email:singhrpal@sbeglobal.net Singhtax.com

# ਭਾਰਤ ਵਿਚ ਨਵੇਂ ਅਪਰਾਧਕ ਕਾਨੂੰਨਾਂ ਦੀ ਲੋੜ ਕਿਉਂ?




ਪ੍ਰੋ. ਮਨਜੀਤ ਅਣਖੀ

ਸੰਸਦ ਦੇ ਸਰਦ ਰੁੱਤ ਦੇ ਸੈਸ਼ਨ ਵਿਚ ਤਿੰਨ ਵੱਡੇ ਅਪਰਾਧਕ ਬਿੱਲ ਪਾਸ ਕੀਤੇ ਗਏ ਸਨ। ਇਹ ਬਿੱਲ ਲੋਕ ਸਭਾ ਤੇ ਰਾਜ ਸਭਾ ਦੁਆਰਾ ਬੀਤੇ ਵਰ੍ਹੇ ਕ੍ਰਮਵਾਰ 20 ਤੇ 21 ਦਸੰਬਰ ਨੂੰ ਪਾਸ ਕੀਤੇ ਗਏ ਸਨ। ਇਹ ਨਵੇਂ ਕਾਨੂੰਨ ਸਾਡੀ ਸੱਭਿਅਤਾ ਵਿਚ ਸ਼ਾਮਲ ਨਿਆਂ (ਇਨਸਾਫ਼) ਦੀ ਧਾਰਨਾ 'ਤੇ ਕੇਂਦਰਿਤ ਹਨ ਜਦੋਂਕਿ ਪਹਿਲਾਂ ਦੇ ਕਾਨੂੰਨ ਦੋਸ਼ੀਆਂ ਨੂੰ ਸਜ਼ਾ (ਦੰਡ) ਦੇਣ 'ਤੇ ਆਧਾਰਤ ਸਨ। ਇਨ੍ਹਾਂ ਕਾਨੂੰਨਾਂ ਦਾ ਉਦੇਸ਼ ਅਪਰਾਧਕ ਨਿਆਂ ਪ੍ਰਣਾਲੀ ਨੂੰ ਵਧੇਰੇ ਕਿਫ਼ਾਇਤੀ ਬਣਾਉਣਾ ਹੈ। ਭਾਰਤੀ ਨਿਆਂ ਸੰਹਿਤਾ, ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਅਤੇ ਭਾਰਤੀ ਸਾਕਸ਼ਯ ਅਧਿਨਿਯਮ ਕਾਨੂੰਨ ਲਾਗੂ ਹੋਣ ਨਾਲ ਜਾਂਚ ਦੀ ਗੁਣਵੱਤਾ ਵਿਚ ਸੁਧਾਰ, ਮੁਕੱਦਮੇ ਦੀ ਗਤੀ ਵਿਚ ਤੇਜ਼ੀ, ਪਾਰਦਰਸ਼ਤਾ ਅਤੇ ਅਪਰਾਧਕ ਨਿਆਂ ਪ੍ਰਣਾਲੀ ਵਿਚ ਵਿਸ਼ਵਾਸ ਵਧੇਗਾ। ਇਹ ਕਾਨੂੰਨ ਕਿਉਂਕਿ ਹੁਣ ਜਾਂਚ ਅਤੇ ਮੁਕੱਦਮੇ ਦੀਆਂ ਵੱਖ-ਵੱਖ ਪ੍ਰਕਿਰਿਆਵਾਂ ਵਿਚ ਤਕਨਾਲੋਜੀ ਅਤੇ ਫੋਰੈਂਸਿਕ ਦੀ ਵਰਤੋਂ ਨੂੰ ਲਾਜ਼ਮੀ ਕਰਨਗੇ ਜਿਸ ਨਾਲ ਇਕ ਮਜ਼ਬੂਤ, ਆਧੁਨਿਕ ਅਤੇ ਵਿਗਿਆਨਕ ਅਪਰਾਧਕ ਨਿਆਂ ਪ੍ਰਣਾਲੀ ਦੀ ਨੀਂਹ ਰੱਖੀ ਜਾਵੇਗੀ। ਬਸਤੀਵਾਦੀ ਬ੍ਰਿਟਿਸ਼ ਸਰਕਾਰ ਦੁਆਰਾ ਬਣਾਏ ਗਏ ਤਿੰਨ ਵੱਡੇ ਅਪਰਾਧਕ ਕਾਨੂੰਨਾਂ ਦੀ ਥਾਂ ਲੈਣ ਵਾਲੇ ਤਿੰਨ ਨਵੇਂ ਮੁੱਖ ਅਪਰਾਧਕ ਬਿੱਲ 11 ਅਗਸਤ 2023 ਨੂੰ ਲੋਕ ਸਭਾ ਵਿਚ ਸੰਸਦ ਦੇ ਮੌਨਸੂਨ ਸੈਸ਼ਨ ਵਿਚ ਪੇਸ਼ ਕੀਤੇ ਗਏ ਸਨ। ਇਨ੍ਹਾਂ ਬਿੱਲਾਂ ਨੂੰ ਵਿਭਾਗ ਨਾਲ ਸਬੰਧਤ ਸੰਸਦੀ ਸਥਾਈ ਕਮੇਟੀ/ਪੀਐੱਸਸੀ ਕੋਲ ਭੇਜਿਆ ਗਿਆ ਸੀ। ਪੀਐੱਸਸੀ ਨੇ ਆਪਣੀਆਂ ਸਿਫ਼ਾਰਸ਼ਾਂ ਗ੍ਰਹਿ ਮੰਤਰਾਲੇ ਨੂੰ ਭੇਜ ਦਿੱਤੀਆਂ ਸਨ। ਦਸ ਨਵੰਬਰ 2023 ਨੂੰ ਗ੍ਰਹਿ ਮੰਤਰਾਲੇ ਨੇ ਪੀਐੱਸਸੀ ਵੱਲੋਂ ਦਿੱਤੇ ਗਏ 111 ਨਿਰੀਖਣਾਂ/ਸਿਫ਼ਾਰਸ਼ਾਂ ਵਿੱਚੋਂ ਲਗਪਗ 72% ਨੂੰ ਸ਼ਾਮਲ ਕੀਤਾ ਕਿਉਂਕਿ ਬਾਕੀ ਸੁਝਾਅ ਜਾਂ ਤਾਂ ਕਮੇਟੀ ਦੇ ਨਿਰੀਖਣਾਂ ਦੇ ਰੂਪ ਵਿਚ ਸਨ ਜਾਂ ਬਿੱਲਾਂ ਵਿਚ ਮੌਜੂਦ ਉਪਬੰਧ ਪਹਿਲਾਂ ਹੀ ਪੀਐੱਸਸੀ ਦੇ ਸੁਝਾਵਾਂ ਨੂੰ ਪੂਰਾ ਕਰ ਰਹੇ ਸਨ। ਗ੍ਰਹਿ ਮੰਤਰਾਲੇ ਦਾ ਇਹ ਤਰਕ ਸੀ ਕਿ ਇਹ ਸੋਧਾਂ ਮੁੱਖ ਅਪਰਾਧਕ ਕਾਨੂੰਨਾਂ ਵਿਚ ਹੋਰ ਸੁਧਾਰ ਕਰਨਗੀਆਂ ਅਤੇ ਬਦਲੇ ਵਿਚ, ਦੇਸ਼ ਦੀ ਅਪਰਾਧਕ ਨਿਆਂ ਪ੍ਰਣਾਲੀ ਨੂੰ ਮਜ਼ਬੂਤ ਕਰਨਗੀਆਂ। ਸੋ, ਮੌਜੂਦਾ ਤਿੰਨ ਬਿੱਲਾਂ ਨੂੰ ਪੇਸ਼ ਕੀਤਾ ਗਿਆ।

ਕੇਂਦਰੀ ਗ੍ਰਹਿ ਮੰਤਰੀ ਦੁਆਰਾ ਲੋਕ ਸਭਾ ਵਿਚ ਤਿੰਨ ਬਿੱਲਾਂ ਦੀ ਪੇਸ਼ਕਾਰੀ ਦੌਰਾਨ ਜ਼ਿਕਰ ਕੀਤਾ ਗਿਆ ਸੀ, "ਇਹ ਬਿੱਲ ਦੇਸ਼ ਦੀ ਅਪਰਾਧਕ ਨਿਆਂ ਪ੍ਰਣਾਲੀ ਵਿਚ ਭਾਰੀ ਸੁਧਾਰ ਕਰਨ ਵਿਚ ਬਹੁਤ ਅੱਗੇ ਵਧਣਗੇ ਕਿਉਂਕਿ ਪੁਰਾਣੇ ਤਿੰਨ ਕਾਨੂੰਨ (ਆਈਪੀਸੀ, ਸੀਆਰਪੀਸੀ, ਆਈਈ ਐਕਟ) ਬ੍ਰਿਟਿਸ਼ ਵਿਰਾਸਤ ਸਨ ਜੋ ਬਸਤੀਵਾਦੀ ਮਾਲਕਾਂ ਦੁਆਰਾ ਭਾਰਤ ਵਿਚ ਆਪਣੇ ਪ੍ਰਸ਼ਾਸਨ ਨੂੰ ਲਾਗੂ ਕਰਨ ਤੇ ਮਜ਼ਬੂਤ ਕਰਨ ਲਈ ਪੇਸ਼ ਕੀਤੇ ਗਏ ਸਨ। ਇਹ ਕਾਨੂੰਨ ਬ੍ਰਿਟਿਸ਼ ਬਸਤੀਵਾਦੀ ਸ਼ਾਸਨ ਨੂੰ ਨੈਤਿਕ ਪ੍ਰਮਾਣਿਕਤਾ ਪ੍ਰਦਾਨ ਕਰਨ ਲਈ ਬਣਾਏ ਗਏ ਸਨ। ਸੋ, ਅਜਿਹੀਆਂ ਬਸਤੀਵਾਦੀ ਵਿਰਾਸਤਾਂ ਨੂੰ ਹਟਾਉਣਾ ਲਾਜ਼ਮੀ ਹੋ ਜਾਂਦਾ ਹੈ। ਸੰਵਿਧਾਨਕ ਵਚਨਬੱਧਤਾ ਕਿਸੇ ਵੀ ਮਜ਼ਬੂਤ ਅਤੇ ਜੀਵੰਤ ਲੋਕਤੰਤਰੀ ਦੇਸ਼ ਲਈ ਅਹਿਮ ਹੁੰਦੀ ਹੈ। ਸਾਡੇ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਦਰਜ ਨਿਆਂ ਦਾ ਸਿਧਾਂਤ ਸਮਾਜਿਕ, ਆਰਥਿਕ ਤੇ ਸਿਆਸੀ ਨਿਆਂ ਦੀ ਕਲਪਨਾ ਕਰਦਾ ਹੈ। ਇਸ ਤੋਂ ਇਲਾਵਾ ਪ੍ਰਸਤਾਵਨਾ ਵਿਚ ਵਿਅਕਤੀ ਦੀ ਇੱਜ਼ਤ ਅਤੇ ਕੌਮ ਦੀ ਏਕਤਾ ਅਤੇ ਅਖੰਡਤਾ ਨੂੰ ਯਕੀਨੀ ਬਣਾਉਣ ਦਾ ਵੀ ਜ਼ਿਕਰ ਕੀਤਾ ਗਿਆ ਹੈ। ਇਨ੍ਹਾਂ ਆਦਰਸ਼ਾਂ ਨੂੰ ਪੂਰਾ ਕਰਨ ਲਈ ਅਪਰਾਧਕ ਨਿਆਂ ਪ੍ਰਣਾਲੀ ਅਜਿਹੀ ਹੋਣੀ ਚਾਹੀਦੀ ਹੈ ਜੋ ਪੂਰੀ ਤਰ੍ਹਾਂ ਨਿਰਪੱਖ ਤੇ ਪਾਰਦਰਸ਼ੀ ਹੋਵੇ, ਬਿਨਾਂ ਕਿਸੇ ਦੇਰੀ ਦੇ ਪੀੜਤ ਨੂੰ ਨਿਆਂ ਪ੍ਰਦਾਨ ਕਰੇ। ਅਪਰਾਧਕ ਨਿਆਂ ਪ੍ਰਣਾਲੀ ਵਿਚ ਆਮ ਆਦਮੀ ਖ਼ਾਸ ਕਰਕੇ ਹਾਸ਼ੀਏ 'ਤੇ ਜਾ ਚੁੱਕੇ ਸਮਾਜ ਦੇ ਕਮਜ਼ੋਰ ਵਰਗ (ਔਰਤਾਂ, ਅਨੁਸੂਚਿਤ ਜਾਤੀਆਂ, ਜਨਜਾਤੀਆਂ ਸਮੇਤ) ਦਾ ਵਿਸ਼ਵਾਸ ਪੈਦਾ ਹੋ ਸਕੇ। ਸੰਨ 1860 ਵਿਚ ਆਈਪੀਸੀ ਦੇ ਲਾਗੂ ਹੋਣ ਤੋਂ ਬਾਅਦ ਅਪਰਾਧਾਂ ਦੀ ਪ੍ਰਕਿਰਤੀ ਬਹੁਤ ਬਦਲ ਗਈ ਹੈ ਜਦੋਂਕਿ ਪਿਛਲੇ 164 ਸਾਲਾਂ ਵਿਚ ਆਈਪੀਸੀ ਵਿਚ ਕੋਈ ਵੱਡਾ ਸੁਧਾਰ ਨਹੀਂ ਹੋਇਆ ਹੈ।

ਸਮਾਜ ਵਿਚ ਉੱਭਰ ਰਹੇ ਨਵੇਂ ਅਪਰਾਧਾਂ ਨਾਲ ਨਜਿੱਠਣ ਦੀ ਲੋੜ ਕਾਰਨ ਐੱਸਐੱਲਐੱਲ ਨੂੰ ਰੁਕ-ਰੁਕ ਕੇ ਲਾਗੂ ਕੀਤਾ ਗਿਆ। ਇਨ੍ਹਾਂ ਵਿੱਚੋਂ ਕੁਝ ਕਾਨੂੰਨ ਘਰੇਲੂ ਹਿੰਸਾ, ਮਨੀ ਲਾਂਡਰਿੰਗ, ਜਿਨਸੀ ਸ਼ੋਸ਼ਣ ਤੋਂ ਬੱਚਿਆਂ ਦੀ ਸੁਰੱਖਿਆ ਨਾਲ ਸਬੰਧਤ ਹਨ।

ਜਸਟਿਸ ਵੀਐੱਸ ਮਲੀਮਥ, ਕਰਨਾਟਕ ਅਤੇ ਕੇਰਲ ਹਾਈ ਕੋਰਟ ਦੇ ਸਾਬਕਾ ਚੀਫ ਜਸਟਿਸ ਦੀ ਅਗਵਾਈ ਵਿਚ ਬਣੀ ਮਲੀਮਥ ਕਮੇਟੀ ਨੇ ਇਕ ਰਿਪੋਰਟ 2003 ਵਿਚ ਪੇਸ਼ ਕੀਤੀ ਸੀ ਜਿਸ ਵਿਚ ਭਾਰਤ 'ਚ ਅਪਰਾਧਕ ਕਾਨੂੰਨ ਦੇ ਬੁਨਿਆਦੀ ਸਿਧਾਂਤਾਂ ਨੂੰ ਮੁੜ ਵਿਚਾਰਨ ਤੇ ਜਾਂਚਣ ਦੀ ਮੰਗ ਕਰਦਿਆਂ ਆਈਪੀਸੀ, ਸੀਆਰਪੀਸੀ ਅਤੇ ਭਾਰਤੀ ਸਬੂਤ ਐਕਟ ਵਿਚ 158 ਸੋਧਾਂ ਦੀਆਂ ਸਿਫ਼ਾਰਸ਼ਾਂ ਕੀਤੀਆਂ ਗਈਆਂ ਸਨ। ਰਿਪੋਰਟ ਵਿਚ ਪੀੜਤਾਂ ਦੇ ਅਧਿਕਾਰਾਂ ਨਾਲ ਸਬੰਧਤ ਵੱਖ-ਵੱਖ ਸਿਫ਼ਾਰਸ਼ਾਂ ਦਿੱਤੀਆਂ ਗਈਆਂ ਹਨ ਤੇ ਜਾਂਚ ਤਕਨੀਕਾਂ ਦੀ ਪ੍ਰਭਾਵਸ਼ੀਲਤਾ 'ਚ ਸੁਧਾਰ ਲਈ ਪੁੱਛਗਿੱਛ ਪ੍ਰਣਾਲੀ ਦੀਆਂ ਕੁਝ ਵਿਸ਼ੇਸ਼ਤਾਵਾਂ ਦੀ ਸਿਫ਼ਾਰਸ਼ ਕੀਤੀ ਗਈ ਹੈ। ਮਲੀਮਥ ਕਮੇਟੀ ਨੇ ਗਵਾਹਾਂ ਦੀ ਸੁਰੱਖਿਆ ਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਵੱਖਰੇ ਗਵਾਹ ਸੁਰੱਖਿਆ ਕਾਨੂੰਨਾਂ ਦਾ ਸੁਝਾਅ ਦਿੱਤਾ ਸੀ।

ਕਮੇਟੀ ਨੇ ਇਕ ਸੁਝਾਅ 'ਚ ਜੱਜਾਂ ਤੇ ਅਦਾਲਤਾਂ ਦੀ ਗਿਣਤੀ ਵਧਾਉਣ ਦੀ ਮੰਗ ਕੀਤੀ ਤੇ ਕੇਸਾਂ ਦੇ ਲੰਬੇ ਸਮੇਂ ਤੋਂ ਲੰਬਿਤ ਪਏ ਰਹਿਣ ਕਾਰਨ ਅਦਾਲਤਾਂ ਦੀਆਂ ਛੁੱਟੀਆਂ 'ਚ ਕਟੌਤੀ ਕਰਨ ਦੀ ਸਿਫ਼ਾਰਸ਼ ਕੀਤੀ। ਮਲੀਮਥ ਕਮੇਟੀ ਦੁਆਰਾ ਪੇਸ਼ ਕੀਤੀਆਂ ਗਈਆਂ ਸਿਫ਼ਾਰਸ਼ਾਂ ਅਪਰਾਧ ਦੇ ਪੀੜਤਾਂ ਲਈ ਨਿਆਂ ਪ੍ਰਣਾਲੀ 'ਤੇ ਕੇਂਦ੍ਰਿਤ ਹਨ ਕਿਉਂਕਿ ਕਮੇਟੀ ਦਾ ਵਿਚਾਰ ਸੀ ਕਿ ਮੌਜੂਦਾ ਪ੍ਰਣਾਲੀ ਮੁਲਜ਼ਮਾਂ ਦੇ ਹੱਕ 'ਚ ਵੱਧ ਤੇ ਪੀੜਤਾਂ ਤੇ ਹੱਕਾਂ ਪ੍ਰਤੀ ਘੱਟ ਸੰਵੇਦਨਸ਼ੀਲ ਹੈ। ਹਾਲਾਂਕਿ, ਕਮੇਟੀ ਦੀਆਂ ਜ਼ਿਆਦਾਤਰ ਸਿਫ਼ਾਰਸ਼ਾਂ ਨੂੰ ਮੰਨਿਆ ਨਹੀਂ ਗਿਆ ਸੀ।

ਇਸੇ ਤਰ੍ਹਾਂ 2007 ਵਿਚ ਮਾਧਵ ਮੈਨਨ ਕਮੇਟੀ ਨੇ ਆਪਣੀ ਰਿਪੋਰਟ ਗ੍ਰਹਿ ਮੰਤਰਾਲੇ ਨੂੰ ਸੌਂਪੀ। ਕਮੇਟੀ ਨੇ ਭਾਰਤ ਵਿਚ ਪ੍ਰਚਲਿਤ ਅਪਰਾਧਕ ਨਿਆਂ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਬਦਲਣ ਦੀ ਮੰਗ ਕੀਤੀ ਹੈ। ਰਿਪੋਰਟ ਵਿਚ ਭਾਰਤ ਦੀ ਸੁਰੱਖਿਆ ਲਈ ਖ਼ਤਰਾ ਬਣੇ ਅਪਰਾਧਾਂ ਨਾਲ ਨਜਿੱਠਣ ਲਈ ਰਾਸ਼ਟਰੀ ਪੱਧਰ 'ਤੇ ਇਕ ਵੱਖਰੀ ਅਥਾਰਟੀ ਦੀ ਸਥਾਪਨਾ ਦੀ ਵਕਾਲਤ ਕੀਤੀ ਗਈ ਸੀ। ਇਸ ਨੇ ਅਪਰਾਧਕ ਨਿਆਂ ਦੇ ਮੁੱਦੇ ਨੂੰ ਹੱਲ ਕਰਨ ਤੇ ਇਸ ਨਾਲ ਨਜਿੱਠਣ ਲਈ ਇਕ ਲੋਕਪਾਲ ਦੀ ਮੰਗ ਕੀਤੀ ਤੇ ਨਿਆਂਪਾਲਿਕਾ ਦੇ ਅੰਦਰ ਭ੍ਰਿਸ਼ਟਾਚਾਰ ਨਾਲ ਨਜਿੱਠਣ ਲਈ ਇਕ ਅਸਰਦਾਰ ਵਿਧੀ ਦੀ ਲੋੜ 'ਤੇ ਜ਼ੋਰ ਦਿੱਤਾ।

ਮਲੀਮਥ ਕਮੇਟੀ ਦੀਆਂ ਭਾਵਨਾਵਾਂ ਦੇ ਅਨੁਸਾਰ ਮਾਧਵ ਮੈਨਨ ਕਮੇਟੀ ਨੇ ਅਪਰਾਧਕ ਸੁਧਾਰਾਂ 'ਤੇ ਧਿਆਨ ਕੇਂਦਰਿਤ ਕੀਤਾ ਜਿਸ ਦਾ ਉਦੇਸ਼ ਅਪਰਾਧਕ ਨਿਆਂ ਪ੍ਰਣਾਲੀ ਵਿਚ ਪੀੜਤ-ਕੇਂਦਰਿਤ ਪਹੁੰਚ ਹੈ ਅਤੇ ਪੀੜਤਾਂ ਨੂੰ ਮੁਆਵਜ਼ਾ ਦੇਣ ਲਈ ਇਕ ਫੰਡ ਸਥਾਪਤ ਕਰਨ ਦਾ ਪ੍ਰਸਤਾਵ ਕੀਤਾ ਗਿਆ ਹੈ। ਇਸ ਨੇ ਦੁਹਰਾਇਆ ਕਿ ਗਵਾਹ ਸੁਰੱਖਿਆ ਯੋਜਨਾ ਦੀ ਲੋੜ ਹੈ। ਅਪਰਾਧ ਹਮੇਸ਼ਾ ਗਤੀਸ਼ੀਲ ਰਹਿੰਦਾ ਹੈ ਅਤੇ ਇਹ ਆਪਣੇ ਅੰਤਿਮ ਟੀਚੇ ਨੂੰ ਪੂਰਾ ਕਰਨ ਲਈ ਬਦਲਦੇ ਰੁਝਾਨਾਂ ਤੇ ਤਕਨਾਲੋਜੀ ਦੇ ਅਨੁਕੂਲ ਪ੍ਰਬੰਧ ਕਰਦਾ ਹੈ। ਇੰਟਰਨੈਟ ਦੁਆਰਾ ਪ੍ਰਦਾਨ ਕੀਤੀ ਗਈ ਗੁਮਨਾਮਤਾ ਤੇ ਸਰੋਤਾਂ ਦੀ ਵਿਸ਼ਾਲ ਸਹੂਲਤ ਦੇ ਮੱਦੇਨਜ਼ਰ ਇਹ ਯਕੀਨੀ ਬਣਾਉਣ ਦੀ ਸਖ਼ਤ ਲੋੜ ਹੈ ਕਿ ਜਾਂਚ ਤਕਨੀਕਾਂ ਤੇ ਰਣਨੀਤੀਆਂ ਅਪਰਾਧਾਂ ਤੋਂ ਇਕ ਕਦਮ ਅੱਗੇ ਰਹਿਣ। ਅਪਰਾਧਕ ਨਿਆਂ ਪ੍ਰਣਾਲੀ ਦੇ ਲਾਭਪਾਤਰੀ ਪੀੜਤ ਹੋਣੇ ਚਾਹੀਦੇ ਹਨ ਜੋ ਆਪਣੇ ਵਿਰੁੱਧ ਕੀਤੀਆਂ ਗ਼ਲਤੀਆਂ ਲਈ ਨਿਆਂ ਦੀ ਮੰਗ ਕਰਦੇ ਹਨ। ਇਸ ਲਈ, ਇਹ ਯਕੀਨੀ ਬਣਾਉਣਾ ਕਾਨੂੰਨ ਤੇ ਸਮੁੱਚੀ ਪ੍ਰਣਾਲੀ ਦਾ ਕਰਤੱਵ ਹੈ ਕਿ ਪੀੜਤਾਂ ਨੂੰ ਢੁੱਕਵੀਂ ਸਹਾਇਤਾ ਪ੍ਰਦਾਨ ਕੀਤੀ ਜਾਵੇ ਤੇ ਨਿਆਂ ਲਈ ਉਨ੍ਹਾਂ ਨੂੰ ਘੱਟ ਤੋਂ ਘੱਟ ਮੁਸੀਬਤਾਂ ਦਾ ਸਾਹਮਣਾ ਕਰਨਾ ਪਵੇ। ਅਜਿਹੀਆਂ ਸਿਫ਼ਾਰਸ਼ਾਂ ਦੇ ਪਿੱਛੇ ਦਾ ਵਿਚਾਰ ਪੀੜਤ (ਅਕਸਰ ਆਮ ਆਦਮੀ) ਨੂੰ ਤੇਜ਼, ਗੁੰਝਲ ਰਹਿਤ ਅਤੇ ਸਸਤੇ ਢੰਗ ਨਾਲ ਨਿਆਂ ਪ੍ਰਦਾਨ ਕਰਨਾ ਹੈ। ਨਿਆਂਪਾਲਿਕਾ, ਇਸਤਗਾਸਾ ਅਤੇ ਪੁਲਿਸ ਵਿਚਕਾਰ ਤਾਲਮੇਲ ਵਿਕਸਤ ਕਰਨ ਦੇ ਤਰੀਕੇ ਅਤੇ ਸਾਧਨ ਸੁਝਾਉਣਾ ਹੈ।

ਅਪਰਾਧਕ ਨਿਆਂ ਪ੍ਰਣਾਲੀ ਨੂੰ ਨਿਰਪੱਖ ਹੋਣਾ ਚਾਹੀਦਾ ਹੈ ਤੇ ਪੀੜਤ ਦੀ ਰੱਖਿਆ ਕਰਨੀ ਚਾਹੀਦੀ ਹੈ ਅਤੇ ਦੋਸ਼ੀਆਂ ਨੂੰ ਸਜ਼ਾ ਦੇਣੀ ਚਾਹੀਦੀ ਹੈ। ਨਵੇਂ ਬਿੱਲਾਂ ਵਿਚ ਬਹੁਤ ਸਾਰੀਆਂ ਵਿਸ਼ੇਸ਼ਤਾਵਾਂ ਹਨ ਜੋ ਇਨ੍ਹਾਂ ਇੱਛਾਵਾਂ ਨੂੰ ਪੂਰਾ ਕਰਨਗੀਆਂ। ਜਾਂਚ ਤੇ ਅਜਮਾਇਸ਼ 'ਚ ਆਧੁਨਿਕ ਵਿਗਿਆਨਕ ਤਕਨੀਕਾਂ ਨੂੰ ਵੀ ਅਪਣਾਉਣਗੀਆਂ। ਇਹ ਲੋੜਾਂ ਪੁਲਿਸ ਲਈ ਤਫ਼ਤੀਸ਼ ਦੀ ਗੁਣਵੱਤਾ ਨੂੰ ਬਦਲਣ ਤੇ ਅੰਤ 'ਚ ਦੋਸ਼ੀ ਠਹਿਰਾਉਣ ਦੀ ਦਰ ਨੂੰ ਵਧਾਉਣ ਲਈ ਜ਼ਰੂਰੀ ਹਨ ਜੋ ਦਹਾਕਿਆਂ ਤੋਂ ਘਟ ਰਹੀ ਹੈ। ਬਲਾਤਕਾਰ ਤੇ ਕਤਲ ਵਰਗੇ ਘਿਨਾਉਣੇ ਅਪਰਾਧ ਕਰਨ ਵਾਲੇ ਦੋਸ਼ੀਆਂ ਲਈ ਮੁਕੱਦਮੇ ਦੀ ਪ੍ਰਕਿਰਿਆ ਤੇ ਸਜ਼ਾਵਾਂ ਨੂੰ ਸਖ਼ਤ ਬਣਾਇਆ ਗਿਆ ਹੈ। ਨਵੀਂ ਬੀਐੱਨਐੱਸ ਵਿਚ ਆਈਪੀਸੀ 'ਚ ਦੇਸ਼ਧ੍ਰੋਹ ਦੀਆਂ ਧਾਰਾਵਾਂ ਨਾਲ ਸਬੰਧਤ ਬਸਤੀਵਾਦੀ ਵਿਰਾਸਤ ਨੂੰ ਖ਼ਤਮ ਕਰ ਦਿੱਤਾ ਗਿਆ ਹੈ।

# ਖੋਪੇ ਚੜ੍ਹਾਈ ਰੱਖਣ ਵਾਲੇ ਸਾਡੇ ਭਵਿੱਖ ਦੇ ਨਿਰਮਾਤਾ

ਕਮਲਜੀਤ ਸਿੰਘ ਬਨਵੈਤ

ਅਮਰ ਸਨੇਹ ਇਕ ਪ੍ਰਾਈਵੇਟ ਸਕੂਲ ਵਿਚ ਮੁੱਖ ਅਧਿਆਪਕਾ ਹੈ। ਉਹ ਅੰਗਰੇਜ਼ੀ ਤੇ ਮਨੋਵਿਗਿਆਨ ਵਿਚ ਐੱਮਏ ਹੈ। ਪੜ੍ਹਾਈ ਪੂਰੀ ਕਰਨ ਤੋਂ ਬਾਅਦ ਸ਼ੁਰੂ-ਸ਼ੁਰੂ ਵਿਚ ਉਸ ਨੇ ਇਕ ਡਿਗਰੀ ਤੇ ਬੀਐੱਡ ਕਾਲਜ 'ਚ ਕੰਟਰੈਕਟ 'ਤੇ ਨੌਕਰੀ ਕੀਤੀ ਸੀ। ਸਰਕਾਰੀ ਨੌਕਰੀ ਤਾਂ ਉਸ ਨੂੰ ਸਕੂਲ ਵਿਚ ਹੀ ਮਿਲੀ ਸੀ। ਸੇਵਾ ਮੁਕਤ ਹੋਣ ਤੱਕ ਸਰਕਾਰੀ ਸਕੂਲ ਵਿਚ ਹੀ ਉਹ ਟਿਕੀ ਰਹੀ ਸੀ। ਉਸ ਨੂੰ ਪੜ੍ਹਾਉਣਾ ਚੰਗਾ ਲੱਗਦਾ ਹੈ। ਸੇਵਾ ਮੁਕਤੀ ਤੋਂ ਬਾਅਦ ਉਸ ਨੇ ਇਕ ਪ੍ਰਾਈਵੇਟ ਸਕੂਲ ਵਿਚ ਮੁੱਖ ਅਧਿਆਪਕਾ ਦੀ ਨੌਕਰੀ ਕਰ ਲਈ ਹੈ। ਇਹ ਸਕੂਲ ਇਕ ਸਮਾਜ ਸੇਵੀ ਸੰਸਥਾ ਵੱਲੋਂ ਚਲਾਇਆ ਜਾਂਦਾ ਹੈ। ਉਹ ਸਕੂਲ ਦੀ ਪ੍ਰਬੰਧਕ ਕਮੇਟੀ ਤੋਂ ਤਨਖ਼ਾਹ ਨਹੀਂ ਲੈਂਦੀ। ਬੱਚਿਆਂ ਨੂੰ ਪੜ੍ਹਾਉਣ ਦਾ ਉਸ ਨੂੰ ਜਨੂੰਨ ਹੈ ਅਤੇ ਹੋਰਾਂ ਦੇ ਚਿਹਰੇ ਪੜ੍ਹਨਾ ਉਸ ਦਾ ਸ਼ੌਕ।

ਉਹ ਆਪਣੇ ਕੁਲੀਗਜ਼ ਅਤੇ ਮਿੱਤਰਾਂ-ਸੱਜਣਾਂ ਦੇ ਚਿਹਰੇ ਪੜ੍ਹ ਕੇ ਹੀ ਉਨ੍ਹਾਂ ਦੇ ਸੁਭਾਅ ਮੁਤਾਬਕ ਵਿਚਰਦੀ ਹੈ। ਇਸ ਸਕੂਲ ਵਿਚ ਉਹ ਹੈ ਤਾਂ ਮੁੱਖ ਅਧਿਆਪਕਾ ਪਰ ਉਸ ਨੂੰ ਕਲਾਸਾਂ ਲਏ ਬਿਨਾਂ ਸੰਤੁਸ਼ਟੀ ਨਹੀਂ ਹੁੰਦੀ। ਬੋਰਡ ਦੀਆਂ ਦਸਵੀਂ ਤੇ ਬਾਰ੍ਹਵੀਂ ਦੀਆਂ ਕਲਾਸਾਂ ਦੇ ਉਹ ਹਫ਼ਤੇ ਵਿਚ ਤਿੰਨ-ਤਿੰਨ ਪੀਰੀਅਡ ਆਪ ਲੈਂਦੀ ਹੈ। ਉਸ ਨੂੰ ਮਿਲ ਕੇ ਲੱਗਦਾ ਹੈ ਜਿਵੇਂ ਉਹ ਧੁਰ ਅੰਦਰ ਤੱਕ ਸੰਤੁਸ਼ਟ ਹੋਵੇ। ਨਾ ਉਸ ਦੀ ਚਾਲ-ਢਾਲ ਵਿਚ ਕਾਹਲ ਹੈ ਅਤੇ ਨਾ ਹੀ ਬੋਲਚਾਲ ਵਿਚ ਅਕੇਵਾਂ। ਅਸੀਂ ਦੋਵੇਂ ਕਾਲਜ ਵਿਚ ਇਕੱਠੇ ਪੜ੍ਹਦੇ ਰਹੇ ਸਾਂ। ਸਾਡੀ ਵਾਹਵਾ ਨੇੜਤਾ ਰਹੀ ਹੈ। ਮੈਂ ਕਾਲਜ ਦੀ ਯੰਗ ਰਾਈਟਰ ਐਸੋਸੀਏਸ਼ਨ ਦਾ ਪ੍ਰਧਾਨ ਸਾਂ ਅਤੇ ਉਹ ਜਨਰਲ ਸਕੱਤਰ।

ਮੈਂ ਕਾਲਜ ਦੇ ਮੈਗਜ਼ੀਨ ਦੇ ਪੰਜਾਬੀ ਸੈਕਸ਼ਨ ਦਾ ਸੰਪਾਦਕ ਸਾਂ ਅਤੇ ਉਹ ਅੰਗਰੇਜ਼ੀ ਸੈਕਸ਼ਨ ਦੀ ਸਹਾਇਕ ਸੰਪਾਦਕਾ ਸੀ। ਕਾਲਜ ਦੀ ਪੜ੍ਹਾਈ ਪੂਰੀ ਹੁੰਦਿਆਂ ਹੀ ਰਾਹ ਵੱਖੋ-ਵੱਖਰੇ ਹੋ ਗਏ। ਉਸ ਤੋਂ ਬਾਅਦ ਨਾ ਕਦੇ ਕੋਈ ਚਿੱਠੀ ਪੱਤਰ ਤੇ ਨਾ ਹੀ ਟੈਲੀਫੋਨ। ਉਸ ਦਾ ਹੁਣ ਵਾਲਾ ਸਕੂਲ ਮੇਰੇ ਦਫ਼ਤਰ ਦੇ ਐਨ ਮੂਹਰੇ ਪੈਂਦਾ ਹੈ। ਇਕ ਦਿਨ ਉਹ ਛੁੱਟੀ ਵੇਲੇ ਸਕੂਲ ਤੋਂ ਬਾਹਰ ਨਿਕਲੀ ਅਤੇ ਮੈਂ ਲੰਚ ਲਈ ਘਰ ਜਾਣ ਵਾਸਤੇ ਸੜਕ 'ਤੇ ਖੜ੍ਹੀ ਕਾਰ ਵੱਲ ਨੂੰ ਵਧਿਆ ਤਦ ਸਾਡੀਆਂ ਅੱਖਾਂ ਮਿਲਦਿਆਂ ਹੀ ਅਸੀਂ ਇਕ-ਦੂਜੇ ਨੂੰ ਪਛਾਣ ਲਿਆ।

ਘਰ ਦੀ ਸੁੱਖ-ਸਾਂਦ ਪੁੱਛੀ ਅਤੇ ਇਕ-ਦੂਜੇ ਦੇ ਨੰਬਰ ਵੀ ਲੈ ਲਏ। ਇਕ ਦਿਨ ਉਹ ਛੁੱਟੀ ਤੋਂ ਬਾਅਦ ਮੇਰੇ ਦਫ਼ਤਰ ਆ ਕੇ ਚਾਹ ਪੀਣ ਦੀ ਇੱਛਾ ਪ੍ਰਗਟ ਕਰਦੀ ਹੈ। ਮੈਂ ਇਕ ਮੀਡੀਆ ਹਾਊਸ ਵਿਚ ਕੰਮ ਕਰਦਾ ਹਾਂ। ਉਹ ਮੇਰੇ



ਕੈਬਿਨ ਵਿਚ ਆ ਬੈਠਦੀ ਹੈ। ਫਿਰ ਉਸ ਦੀਆਂ ਨਜ਼ਰਾਂ ਇਕਦਮ ਕਿਤਾਬਾਂ ਵਾਲੇ ਰੈਕ ਉੱਤੇ ਜਾ ਟਿਕਦੀਆਂ ਹਨ। ਰੈਕ ਵਿਚ ਪਈਆਂ ਕਿਤਾਬਾਂ ਵਿੱਚੋਂ ਸਭ ਤੋਂ ਪਹਿਲਾਂ ਉਸ ਨੇ ਮੇਰੀਆਂ ਲਿਖੀਆਂ ਕਿਤਾਬਾਂ ਨੂੰ ਹੱਥ ਪਾਇਆ ਅਤੇ ਨਾਲ ਹੀ ਮੱਥੇ ਨੂੰ ਲਾ ਲਈਆਂ। ਉਸ ਨੂੰ ਮੇਰਾ ਕਹਾਣੀਆਂ ਲਿਖਣਾ ਚੰਗਾ ਲੱਗਾ। ਉਹ ਆਪ ਵੀ ਲਿਖਣਾ ਚਾਹੁੰਦੀ ਹੈ। ਦੱਸਦੀ ਹੈ ਕਿ ਕਾਪੀ ਤੇ ਪੈੱਨ ਉਹਨੇ ਕਈ ਵਾਰ ਚੁੱਕਿਆ ਪਰ ਲਿਖਿਆ ਕੁਝ ਨਹੀਂ ਗਿਆ ਜਿਵੇਂ ਪੈੱਨ ਦੀ ਸਿਆਹੀ ਮੁੱਕ ਜਾਂਦੀ ਰਹੀ ਹੋਵੇ। ਕਈ ਵਾਰ ਉਹਦੇ ਅੰਦਰ ਵਲਵਲਿਆਂ ਦਾ ਹੜ੍ਹ ਆ ਜਾਂਦਾ ਹੈ ਪਰ ਉਨ੍ਹਾਂ ਨੂੰ ਕਾਗਜ਼ 'ਤੇ ਕਲਮਬੱਧ ਨਹੀਂ ਕਰਨਾ ਆਉਂਦਾ ਹੈ। ਉਸ ਨੇ ਕਿਤਾਬਾਂ ਤੇ ਕਹਾਣੀਆਂ ਦੀਆਂ ਡਾਇਰੀਆਂ ਲਿਖ-ਲਿਖ ਕੇ ਭਰ ਛੱਡੀਆਂ ਹਨ ਪਰ ਕਦੇ ਕਿਸੇ ਅਖ਼ਬਾਰ ਨੂੰ ਭੇਜਣ ਦਾ ਹੌਸਲਾ ਨਹੀਂ ਕੀਤਾ।

ਉਹ ਕਹਿੰਦੀ ਹੈ ਕਿ ਅਸਲ ਵਿਚ ਕੋਈ ਅਜਿਹਾ ਮਿਲਿਆ ਹੀ ਨਹੀਂ ਜਿਹੜਾ ਲਿਖਣ ਵੱਲ ਨੂੰ ਉਂਗਲੀ ਫੜ ਕੇ ਤੋਰ ਸਕਦਾ ਹੁੰਦਾ। ਉਸ ਦਾ ਪਤੀ ਬਿਜ਼ਨਸਮੈਨ ਹੈ। ਸਵੇਰ ਨੂੰ ਘਰੋਂ ਨਿਕਲ ਕੇ ਰਾਤੀਂ ਹਨੇਰੇ ਹੋਏ ਵੜਦਾ ਹੈ। ਉਹ ਫਿਰ ਛਿੜ ਪੈਂਦੀ ਹੈ ਕਿ ਸਿੱਖਿਆ ਅਤੇ ਅਧਿਆਪਕਾਂ ਬਾਰੇ ਬੜਾ ਕੁਝ ਲਿਖਣ ਦੀ ਲੋੜ ਹੈ। ਜ਼ਿਆਦਾਤਰ ਅਧਿਆਪਕ ਕਲਾਸਾਂ ਵਿਚ ਅੱਖਾਂ ਨੂੰ ਖੋਪੇ ਲਾ ਕੇ ਹੀ ਰੱਖਦੇ ਹਨ। ਸਾਡੇ ਅਧਿਆਪਕ ਬੱਚਿਆਂ ਨੂੰ ਅੰਦਰ ਤੱਕ ਪੜ੍ਹਨ ਦੀ ਲੋੜ ਨਹੀਂ ਸਮਝਦੇ। ਉਨ੍ਹਾਂ ਦੀ ਸੋਚ ਹੁਸ਼ਿਆਰ ਨੂੰ ਸ਼ਾਬਾਸ਼ ਤੇ ਨਾਲਾਇਕ ਨੂੰ ਪਰਾਂ ਰੱਖਣ ਤੱਕ ਹੀ ਸੀਮਤ ਹੈ। ਜੇ ਕੋਈ ਚੰਗਾ-ਭਲਾ ਬੱਚਾ ਪੜ੍ਹਾਈ ਵਿਚ ਪੱਛੜ ਜਾਵੇ ਤਾਂ ਉਸ ਦਾ ਹੱਲ ਨਹੀਂ ਲੱਭਣਗੇ ਸਗੋਂ ਨਾਲਾਇਕ ਕਹਿ ਕੇ ਉਸ ਨੂੰ ਦੁਰਕਾਰਨ ਤੱਕ ਜਾਂਦੇ ਹਨ।

ਫਿਰ ਉਹ ਆਪਣਾ ਇਕ ਤਾਜ਼ਾ ਤਜਰਬਾ ਸਾਂਝਾ ਕਰਦੀ ਹੈ। ਦੱਸ ਰਹੀ ਸੀ ਕਿ ਉਸ ਦੇ ਸਕੂਲ ਦੀ ਦਸਵੀਂ ਕਲਾਸ ਦਾ ਚੰਗਾ-ਭਲਾ ਹੁਸ਼ਿਆਰ ਬੱਚਾ ਪਿਛਲੇ ਤਿੰਨ-ਚਾਰ ਮਹੀਨਿਆਂ ਤੋਂ ਕੰਮ ਕਰਨੋਂ ਹਟ ਗਿਆ। ਕਲਾਸ ਟੀਚਰ ਅਕਸਰ ਬੈਂਚ 'ਤੇ ਖੜ੍ਹਾ ਕਰ ਦਿੰਦੀ ਹੈ। ਇਕ ਦਿਨ ਕਲਾਸ ਟੀਚਰ ਖਿਝ ਕੇ ਬੱਚੇ ਨੂੰ ਮੇਰੇ ਦਫ਼ਤਰ ਵਿਚ ਲੈ ਆਈ। ਬੱਚਾ ਰੋਈ ਜਾਵੇ। ਮੈਂ ਪਤਿਆ ਕੇ ਬੱਚੇ ਨੂੰ ਪੜ੍ਹਾਈ ਵਿਚ ਮਨ ਨਾ ਲੱਗਣ ਦੀ ਵਜ੍ਹਾ ਪੁੱਛੀ ਤਾਂ ਉਸ ਨੇ ਦੱਸਿਆ ਕਿ ਉਸ ਦੇ ਘਰ ਵਿਚ ਮਾਂ-ਪਿਓ ਝਗੜਾ ਰੱਖਦੇ ਹਨ। ਇਸ ਕਰਕੇ ਉਸ ਦਾ ਪੜ੍ਹਾਈ ਵਿਚ ਦਿਲ ਨਹੀਂ ਲੱਗਦਾ। ਉਸ ਦੀ ਜ਼ਿੰਦਗੀ ਜਿਊਣ ਦੀ ਵੀ ਇੱਛਾ ਨਹੀਂ ਰਹੀ ਹੈ।

ਅਗਲੇ ਦਿਨ ਮੈਂ ਮਾਪਿਆਂ ਨੂੰ ਦਫ਼ਤਰ ਬੁਲਾ ਲਿਆ ਤੇ ਸਾਰੀ ਗੱਲ ਦੱਸੀ। ਪਹਿਲਾਂ ਤਾਂ ਦੋਵੇਂ ਆਪਣੇ ਬੱਚੇ ਨੂੰ ਬਾਹਾਂ ਵਿਚ ਲੈ ਕੇ ਰੋਏ ਅਤੇ ਫਿਰ ਉਨ੍ਹਾਂ ਨੇ ਇਕੱਠੇ ਰਹਿਣ ਦਾ ਵਾਅਦਾ ਕੀਤਾ, ਘੱਟੋ-ਘੱਟ ਉਦੋਂ ਤੱਕ ਜਦੋਂ ਤੱਕ ਉਹ ਬੱਚਾ ਬਾਰ੍ਹਵੀਂ ਪਾਸ ਨਹੀਂ ਕਰ ਲੈਂਦਾ। ਫਿਰ ਉਹ ਕਹਿਣ ਲੱਗੀ ਸਾਡੇ ਅਧਿਆਪਕ ਕਲਾਸ ਰੂਮ ਵਿਚ ਅੱਖਾਂ ਉੱਤੇ ਖੋਪੇ ਚੜ੍ਹਾਈ ਰੱਖਦੇ ਹਨ।

ਉਨ੍ਹਾਂ ਦੀ ਅੱਖ ਬੱਚੇ ਦੀ ਜ਼ਿੰਦਗੀ ਵਿਚ ਆ ਰਹੇ ਉਤਰਾਅ-ਚੜ੍ਹਾਅ ਨਹੀਂ ਦੇਖਦੀ, ਬਸ ਲਾਇਕ ਨੂੰ ਨੇੜੇ ਅਤੇ ਨਾਲਾਇਕ ਤੋਂ ਦੂਰੀ ਬਣਾ ਕੇ ਰੱਖਦੇ ਹਨ। ਫਿਰ ਉਹ ਆਪ ਹੀ ਕਹਿਣ ਲੱਗੀ ਕਿ ਉਸ ਨੇ ਇਕ ਨਹੀਂ, ਅਜਿਹੇ ਕਈ ਕੇਸ ਸੁਲਝਾਏ ਹਨ। ਮੈਥੋਂ ਕਹਿ ਹੋ ਗਿਆ ਕਿ ਅਧਿਆਪਕਾਂ ਤੋਂ ਪਹਿਲਾਂ ਤਾਂ ਸਾਡੇ ਬੱਚਿਆਂ ਦੇ ਮਾਪੇ ਜ਼ਿੰਮੇਵਾਰ ਹਨ। ਉਹ ਵੀ ਬੱਚੇ ਦਾ ਅੰਦਰਲਾ ਮਨੁੱਖ ਪੜ੍ਹਨ ਦੀ ਥਾਂ ਜ਼ਿੰਦਗੀ ਦੀ ਦੌੜ ਵਿਚ ਉਲਝ ਕੇ ਰਹਿ ਗਏ ਹਨ। ਮੈਥੋਂ ਇਹ ਵੀ ਕਹਿ ਹੋ ਗਿਆ ਕਿ ਬੱਚਿਆਂ ਨੂੰ ਜ਼ਿਆਦਾ ਸਿੱਖਿਆ ਦੇਣ ਦੀ ਲੋੜ ਨਹੀਂ ਹੁੰਦੀ, ਤੁਸੀਂ ਆਪ ਰੋਲ ਮਾਡਲ ਬਣ ਕੇ ਦਿਖਾਓ, ਬੱਚੇ ਆਪਣੇ-ਆਪ ਉਸੇ ਰਾਹ 'ਤੇ ਤੁਰ ਪੈਂਦੇ ਹਨ। ਪਰ ਜ਼ਮਾਨਾ ਪ੍ਰਚਾਰਵਾਦ ਦਾ ਹੈ।

ਸੱਚ ਕਹਾਂ ਤਾਂ ਇਹ ਕਿ ਮਾਪੇ ਤੇ ਬੱਚੇ ਜ਼ਿਆਦਾ ਕਰਕੇ ਦੋਵੇਂ ਆਪਸ ਵਿਚ ਸਮਝੌਤਾ ਕਰ ਕੇ ਤੁਰਦੇ ਹਨ। "ਸਾਡੇ ਜ਼ਿਆਦਾਤਰ ਡਾਕਟਰਾਂ ਦਾ ਵੀ ਇਹੋ ਹਾਲ ਹੈ। ਉਨ੍ਹਾਂ ਦੀਆਂ ਅੱਖਾਂ ਉੱਤੇ ਲੱਗੇ ਖੋਪੇ ਮਰੀਜ਼ ਦੀ ਸਰੀਰਕ ਮਰਜ ਦੀ ਦਵਾਈ ਦਿੰਦੇ ਹਨ। ਮਾਨਸਿਕ ਅਵਸਥਾ ਨਹੀਂ ਸਮਝਦੇ। ਅੱਧੇ ਰੋਗਾਂ ਦੀ ਜੜ੍ਹ ਤਾਂ ਮਾਨਸਿਕ ਪਰੇਸ਼ਾਨੀ ਬਣ ਰਹੀ ਹੈ। ਅੱਜ-ਕੱਲ੍ਹ ਦੇ ਜ਼ਿਆਦਾਤਰ ਡਾਕਟਰ ਪੀਜੀਆਈ ਦੇ ਡਾਕਟਰਾਂ ਦੀ ਤਰ੍ਹਾਂ ਬਿਮਾਰੀ ਨੂੰ ਮੂਹਰੇ ਹੋ ਕੇ ਨਹੀਂ ਘੇਰਦੇ।"

ਉਸ ਨੇ ਇਹ ਕਹਿੰਦਿਆਂ ਜਾਣ ਦੀ ਇਜਾਜ਼ਤ ਮੰਗੀ ਕਿ ਮੈਨੂੰ ਤਾਂ ਲੱਗਦੈ ਅਧਿਆਪਕ ਤੇ ਡਾਕਟਰ ਹੀ ਨਹੀਂ, ਅਸੀਂ ਸਾਰੇ ਅੱਖਾਂ 'ਤੇ ਖੋਪੇ ਚੜ੍ਹਾਈ ਫਿਰਦੇ ਹਾਂ। ਆਪਣੀ ਗੱਲ ਕਹਿ ਕੇ ਦੂਜਿਆਂ ਨੂੰ ਸੁਣਨ ਦੀ ਲੋੜ ਨਹੀਂ ਸਮਝੀ ਜਾ ਰਹੀ। ਜੇ ਸੁਣਦੇ ਹਾਂ ਤਾਂ ਬਹਿਸ ਕਰਨ ਲਈ। ਖੋਪੇ ਘੋੜਿਆਂ ਨੂੰ ਚੜ੍ਹਾਏ ਜਾਂਦੇ ਹਨ। ਮਨੁੱਖ ਦਾ ਤਾਂ ਅੱਖਾਂ ਖੋਲ੍ਹ ਕੇ ਤੁਰਨਾ ਬਣਦਾ ਹੈ। ਮੈਨੂੰ ਆਪਣੇ ਦਾਦੇ ਵੱਲੋਂ ਅਕਸਰ ਕਹੀ ਜਾਂਦੀ ਕਹਾਵਤ ਕਿ 'ਰੰਬਾ ਅਤੇ ਮੁੰਡਾ ਚੰਡਿਆ ਹੀ ਠੀਕ ਰਹਿੰਦੇ ਹਨ' ਨੇ ਆ ਘੇਰਿਆ। ਮੈਂ ਕੁਰਸੀ 'ਤੇ ਬੈਠਾ ਤ੍ਰਭਕ ਗਿਆ ਜਿਵੇਂ ਮੇਰੇ ਪ੍ਰਾਇਮਰੀ ਸਕੂਲ ਦੇ ਮਾਸਟਰ ਹਰਬੰਸ ਸਿੰਘ ਨੇ ਹੱਥ ਵਿਚ ਫੜਿਆ ਬੈਂਤ ਦਾ ਡੰਡਾ ਪੜ੍ਹਾਈ ਇਕਾਗਰਤਾ ਨਾਲ ਕਰਨ ਦੀ ਚਿਤਾਵਨੀ ਦਿੰਦਿਆਂ ਮੇਰੇ ਪਿੱਛੇ ਦੀ ਆ ਮਾਰਿਆ ਹੋਵੇ।

# TASTE OF INDIA

specialist- Gurh Dee Barfee, Gurh Diyaan Jalebian

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ

ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ




lunch buffet everyday
fresh jalebian every day

DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810



# Quick Lube & Smog

OFFICIAL LAMP ADJUSTING STATION — OFFICIAL BRAKE ADJUSTING STATION

Auto repair, Diagnostics & Smog Check Station

SMOG CHECK

ਚਲਦੀਆਂ (Used) ਕਾਰਾਂ, ਵਾਜਬ ਕੀਮਤਾਂ ਤੇ
ਖਰੀਦਣ ਲਈ ਗੋਗੀ ਹੁਰਾਂ ਨੂੰ ਕਾਲ ਕਰੋ

SUKHWINDER BHELLA
510-757-6775 gogibhella@gmail.com

# TENNYSON AUTO

Car Sale Service and Repair

SUKHWINDER BHELLA, Manager
tennysonauto1@gmail.com
510-330-7112, 510-757-6775
691 W. Tennyson Rd Hayward, CA 94544

# United Pet Hospital

VETERINARIAN UNITED PET HOSPITAL

Dr. Mandeep Bhullar DVM
510-363-9980

1641 Industrial
Pkwy W.
Hayward, CA.
94544



unitepets@gmail.com Fax : 510-397-0142




# Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

ਸਾਡੀ ਵਿਸ਼ੇਸ਼ਤਾ

1.Wedding Lehngas
2.Mens wear-shervani
3.Kurte Pajame
4. Sharara Suits.
5.Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ
80 ਰੰਗਾਂ ਵਿਚ ਪੱਗਾਂ




Kashmir Singh Dhugga
Gurjeet kaur Dhugga
kashfabrics@gmail.com

KASH FABRICS
29576 Mission Blvd
Hayward,CA 94544
510-538-1138

# PREET FABRICS & APPLIANCE

Under New Management

ਅਸੀਂ ਹੋਲਸੇਲ ਅਤੇ ਰੀਟੇਲ ਵਿਚ ਨਵੇਂ ਡਿਜ਼ਾਇਨਾਂ ਦੇ
ਸੂਟ, ਜਿਊਲਰੀ,ਫੈਸ਼ਨ ਦਾ ਹੋਰ ਸਮਾਨ, ਵਿਆਹ ਲਈ
ਲਹਿੰਗੇ ਅਤੇ ਮੁੰਡਿਆਂ ਲਈ ਵਿਆਹ ਵਾਸਤੇ ਸ਼ੇਰਵਾਨੀ
ਅਤੇ ਹੁਣੇ ਨਵੇਂ ਚੱਲੇ ਡਿਜ਼ਾਇਨਾਂ ਦੇ ਕੱਪੜੇ ਵੀ ਰੱਖਦੇ ਹਾਂ।
ਸਾਡੇ ਕੋਲ ਕਲਗੀ, ਸਿਹਰਾ, ਚੂੜਾ, ਹਾਰ, ਜਾਗੋ, ਰੁਮਾਲੇ
ਤੇ ਹੋਰ ਵਿਆਹ ਦਾ ਸਮਾਨ ਵੀ ਮਿਲਦਾ ਹੈ।



Sale is going on

APPLIANCES & PARKER PENS, OSTER BLENDERS

Watches (Seiko, Citizen & Swistar)
Shavers & Trimmers Cellular Phones
and OSTER BLENDERS

5156 Mowry AVE. Fremont. CA 94538
Tel- 510-797-7111



# CALIFORNIA IMMIGRATION SERVICES INC.

Your Registered & Bonded 'Immigration-Consultants'



ROSY (Kanwal) KAUR
Immigration Consultant
408-422-8585
510-573-3666
website:- www.caials.com email:- rosy@caials.com

- FAMILY IMMIGRATION
- GEEEN CARD PETITION
- CITIZENSHIP
- BUSINESS / VISITOR VISA
- OCI CARD / INDIAN PASSIORT / INDIA VISA
- STUDENT VISA
- RELIGIOUS VISA
- DIVORCE
- VARIOUS IMMIGRATION SERVICES
- U.K. VISA
- CANADA VISA & P.R.
- INDIAN PASSPORT
- POWER OF ATTORNEY

- ਫੈਮਲੀ ਇੰਮੀਗ੍ਰੇਸ਼ਨ
- ਗਰੀਨ ਕਾਰਡ ਪਟੀਸ਼ਨ
- ਸਿਟੀਜਨਸ਼ਿਪ
- ਬਿਜ਼ਨੈਸ ਵੀਜ਼ਾ / ਵਿਜ਼ਟਰ ਵੀਜ਼ਾ
- ਓ.ਸੀ.ਆਈ. ਕਾਰਡ / ਇੰਡੀਅਨ ਪਾਸਪੋਰਟ / ਇੰਡੀਆ ਵੀਜ਼ਾ
- ਸਟੂਡੈਂਟ ਵੀਜ਼ਾ
- ਰਲੀਜ਼ੀਅਸ ਵੀਜ਼ਾ
- ਤਲਾਕ
- ਕਈ ਹੋਰ ਇੰਮੀਗ੍ਰੇਸ਼ਨ ਸੇਵਾਵਾਂ
- ਯੂ. ਕੇ. ਵੀਜ਼ਾ, ਕੈਨੇਡਾ ਵੀਜ਼ਾ ਅਤੇ ਪੀ. ਆਰ.
- ਇੰਡੀਅਨ ਪਾਸਪੋਰਟ
- ਪਾਵਰ ਆਫ ਅਟਾਰਨੀ

Fremont Office: 4127 Bay Street, Unit 5, Fremont CA, 94538
Tracy Office: 1660 W Linnee Rd. Unit J 25, Tracy CA, 95377



# Moon Indian Cuisine

MOON indian cuisine

510-780-9233



ਹੁਣ ਤੁਸੀ ਗੁੜ ਦੀਆਂ ਜਲੇਬੀਆਂ ਵੀ ਲੈ ਸਕਦੇ ਹੋ

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ
ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ।

100-1000 ਬੰਦਿਆਂ ਤੱਕ ਵੱਡੀ ਤੋਂ ਵੱਡੀ ਪਾਰਟੀ ਲਈ
ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
ਬਹੁਤ ਹੀ ਤਜ਼ਰਬੇਕਾਰ ਕੁੱਕ

Over 30 Years Experience in Restaurant & Catering Business

ਮੂਨ ਇੰਡੀਅਨ ਕੁਜ਼ੀਨ (ਹੇਵਰਡ)
600 West Harder Rd. Hayward, CA 94544
Contact: (Paul) 510-978-7170
www.moonindiancuisine.net



# AAA
AUTO AND BODY WORKS INC.

ਕਿਸੇ ਵੀ ਕਿਸਮ ਦਾ ਕਾਰਾਂ ਦੀ ਮੁਰੰਮਤ/ਬਾਡੀ ਦਾ ਕੰਮ,
ਪੇਂਟਿੰਗ/ਡੈਂਟਿੰਗ ਦਾ ਕੰਮ।
ਨਵੇਂ ਤੇ ਪੁਰਾਣੇ ਟਾਇਰ ਵੀ ਹੁਣ ਇੱਥੋਂ ਪੁਆ ਸਕਦੇ ਹੋ।
24 ਘੰਟੇ ਟੋਇੰਗ ਲਈ ਕਾਲ ਕਰ ਸਕਦੇ ਹੋ
(Towing Facility Available)
ਹਫਤੇ ਦੇ ਸਾਰੇ 7 ਦਿਨ ਖੁੱਲ੍ਹਾ ਹੈ



ਜਸਬੀਰ ਸਿੰਘ ਤੱਖਰ
510-755-2132
593 Industrial PKWY West
Hayward, CA 94544

# ਡਾਲਰ ਦੀ ਵਧਦੀ ਕੀਮਤ ਬਣੀ ਵੱਡਾ ਬੋਝ



ਡਾ. ਸ. ਸ. ਛੀਨਾ

ਬਹੁਤ ਸਾਰਿਆਂ ਨੂੰ ਇਹ ਗੱਲ ਬੜੀ ਹੈਰਾਨੀਜਨਕ ਲੱਗੇਗੀ ਕਿ ਜਿਹੜਾ ਡਾਲਰ ਹੁਣ 83 ਰੁਪਏ ਦਾ ਆਉਂਦਾ ਹੈ, ਸੰਨ 1937 ਵਿਚ 4 ਡਾਲਰਾਂ ਦਾ ਇਕ ਰੁਪਿਆ ਮਿਲਦਾ ਸੀ ਜਾਂ ਇਹ ਕਹਿ ਲਓ ਕਿ 1937 ਤੋਂ ਲੈ ਕੇ 2024 ਤੱਕ ਡਾਲਰ ਦੀ ਕੀਮਤ 332 ਗੁਣਾ ਜ਼ਿਆਦਾ ਹੋ ਗਈ ਹੈ। ਇਸ ਤਰ੍ਹਾਂ ਹੀ ਹੁਣ ਯੂਰੋ 93 ਰੁਪਏ ਤੇ ਪੌਂਡ 105 ਰੁਪਏ ਦਾ ਮਿਲਦਾ ਹੈ। ਵਿਦੇਸ਼ੀ ਕਰੰਸੀ ਦੀ ਇੰਨੀ ਉੱਚੀ ਕੀਮਤ ਭਾਰਤ ਦੀ ਆਰਥਿਕਤਾ ’ਤੇ ਵੱਡਾ ਬੋਝ ਹੈ।

ਜੇ 1980 ਵਿਚ ਅਮਰੀਕਾ ਵਿੱਚੋਂ ਇਕ ਡਾਲਰ ਦੀਆਂ ਵਸਤਾਂ ਖ਼ਰੀਦਣ ਲਈ 60 ਰੁਪਏ ਦੇਣੇ ਪੈਂਦੇ ਸਨ ਉਨ੍ਹਾਂ ਲਈ ਹੁਣ 83 ਰੁਪਏ ਦੇਣੇ ਪੈਂਦੇ ਹਨ ਤਾਂ ਇਸ ਦਾ ਸਿੱਧਾ ਅਰਥ ਹੈ ਕਿ ਭਾਰਤ ਵਿਚ ਅਮਰੀਕਾ ਜਾਂ ਉਸ ਦੇ ਸਹਿਯੋਗੀ ਦੇਸ਼ਾਂ ਵਿੱਚੋਂ ਕੀਤੀ ਜਾਣ ਵਾਲੀ ਦਰਾਮਦ ਹੁਣ 33 ਫ਼ੀਸਦੀ ਤੋਂ ਵੀ ਜ਼ਿਆਦਾ ਮਹਿੰਗੀ ਹੋ ਗਈ ਹੈ।

ਸੰਨ 1937 ਵਿਚ ਡਾਲਰ ਦੀ ਕੀਮਤ ਦਾ ਇੰਨੀ ਘੱਟ ਹੋਣ ਦਾ ਕਾਰਨ ਇਹ ਸੀ ਕਿ ਉਸ ਸਮੇਂ ਭਾਰਤ ਇੰਗਲੈਂਡ ਦੇ ਅਧੀਨ ਸੀ ਅਤੇ ਉਨ੍ਹਾਂ ਦੀ ਨੀਤੀ ਅਨੁਸਾਰ ਉਹ ਅਮਰੀਕਾ ਨਾਲ ਬਹੁਤ ਘੱਟ ਵਪਾਰ ਕਰਦੇ ਸਨ ਖ਼ਾਸ ਕਰਕੇ ਅਮਰੀਕਾ ਤੋਂ ਵਸਤਾਂ ਹੀ ਘੱਟ ਮੰਗਵਾਉਂਦੇ ਸਨ। ਜ਼ਿਆਦਾਤਰ ਵਸਤਾਂ ਇੰਗਲੈਂਡ ਤੋਂ ਮੰਗਵਾਈਆਂ ਜਾਂਦੀਆਂ ਸਨ। ਸੰਨ 1950 ਤੱਕ ਵੀ ਡਾਲਰ ਦੀ ਕੀਮਤ ਸਿਰਫ਼ 4 ਰੁਪਏ ਸੀ ਜਿਹੜੀ ਬਹੁਤ ਚਿਰ ਇਸੇ ਪੱਧਰ ’ਤੇ ਸਥਿਰ ਰਹੀ ਅਤੇ ਬਾਅਦ ਵਿਚ ਹੌਲੀ-ਹੌਲੀ 7 ਰੁਪਏ ਹੋਈ ਪਰ 1970 ਤੋਂ ਬਾਅਦ ਇਹ ਛਾਲਾਂ ਮਾਰਦੀ ਹੋਈ ਵਧਦੀ ਗਈ। ਦੂਸਰੀ ਤਰਫ਼ ਯੂਰਪੀ ਯੂਨੀਅਨ ਵੱਲੋਂ ਯੂਰੋ ਨੂੰ ਸਾਂਝੀ ਕਰੰਸੀ ਵਜੋਂ ਅਪਣਾਉਣ ਤੋਂ ਪਹਿਲਾਂ ਜਰਮਨੀ ਯੂਰਪੀ ਯੂਨੀਅਨ ਦਾ ਪ੍ਰਮੁੱਖ ਦੇਸ਼ ਸੀ ਅਤੇ ਉਸ ਦੇ ਮਾਰਕ ਦੀ ਕੀਮਤ ਵੀ ਸਿਰਫ਼ 4 ਰੁਪਏ ਸੀ। ਉਸ ਤੋਂ ਬਾਅਦ ਜਦੋਂ ਯੂਰਪੀ ਯੂਨੀਅਨ ਨੇ ਸਾਂਝੀ ਮੰਡੀ ਦੇ ਤੌਰ ’ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਤਾਂ ਯੂਰੋ ਦੀ ਕੀਮਤ ਇਕਦਮ ਵਧਣ ਲੱਗ ਪਈ।

ਸੰਨ 2018 ਵਿਚ ਇਕ ਯੂਰੋ 85 ਰੁਪਏ ਵਿਚ ਮਿਲਦਾ ਸੀ ਪਰ ਇਨ੍ਹਾਂ 6 ਸਾਲਾਂ ਵਿਚ ਹੀ ਇਹ ਹੋਰ ਵਧ ਕੇ 93 ਰੁਪਏ ਦਾ ਹੋ ਗਿਆ ਹੈ। ਇਸੇ ਤਰ੍ਹਾਂ ਹੀ ਪੌਂਡ ਇਸ ਵਕਤ 105 ਰੁਪਏ ਦਾ ਹੈ। ਵਿਦੇਸ਼ੀ ਮੁਦਰਾ ਜਿੰਨੀ ਵੀ ਮਹਿੰਗੀ ਹੁੰਦੀ ਹੈ, ਉਹ ਭਾਰਤ ਦੀ ਆਰਥਿਕਤਾ ’ਤੇ ਬੋਝ ਵਧਾ ਦਿੰਦੀ ਹੈ। ਇੱਥੇ ਇਕ ਗੱਲ ਦਾ ਵਰਣਨ ਕਰਨਾ ਜ਼ਰੂਰੀ ਹੈ ਕਿ ਕਿਸੇ ਵਿਦੇਸ਼ੀ ਕਰੰਸੀ ਦੀ ਕੀਮਤ ਨੂੰ ਉਸ ਦੀ ਮੰਗ ਅਤੇ ਪੂਰਤੀ ਨਿਰਧਾਰਤ ਕਰਦੀਆਂ ਹਨ ਜਿਸ ਤਰ੍ਹਾਂ ਵਸਤੂ ਦੀ ਮੰਗ ਅਤੇ ਪੂਰਤੀ ਵਸਤੂ ਦੀ ਕੀਮਤ ਨਿਰਧਾਰਤ ਕਰਦੀਆਂ ਹਨ।

ਸੋ, ਸੁਭਾਵਿਕ ਹੈ ਕਿ ਜਿਸ ਕਰੰਸੀ ਦੀ ਮੰਗ ਜ਼ਿਆਦਾ ਹੈ ਪਰ ਪੂਰਤੀ ਘੱਟ ਹੈ, ਉਸ ਦੀ ਕੀਮਤ ਜ਼ਿਆਦਾ ਹੋਵੇਗੀ। ਇਸ ਦੇ ਉਲਟ ਜਿਸ ਵਸਤੂ ਦੀ ਪੂਰਤੀ ਤਾਂ ਜ਼ਿਆਦਾ ਹੈ ਪਰ ਮੰਗ ਘੱਟ ਹੈ, ਉਸ ਦੀ ਕੀਮਤ ਵੀ ਘੱਟ ਹੈ ਜਿਸ ਤਰ੍ਹਾਂ ਬੰਗਲਾਦੇਸ਼ ਦਾ ਟਕਾ ਅਤੇ ਨੇਪਾਲ ਦਾ ਰੁਪਿਆ ਭਾਰਤ ਲਈ ਬਹੁਤ ਸਸਤਾ ਹੈ।

ਬੰਗਲਾਦੇਸ਼ ਦਾ ਟਕਾ ਜਾਂ ਨੇਪਾਲ ਦਾ ਰੁਪਿਆ ਭਾਰਤੀ ਕਰੰਸੀ ਨਾਲੋਂ ਹੇਠਾਂ ਹੋਣ ਕਾਰਨ ਭਾਰਤੀ ਕਰੰਸੀ ਦੇ 100 ਰੁਪਏ ਬਦਲੇ ਉਕਤ ਕਰੰਸੀਆਂ ਦੇ 160 ਟਕੇ ਜਾਂ



ਨੇਪਾਲੀ ਰੁਪਏ ਮਿਲਦੇ ਹਨ। ਇਸੇ ਤਰ੍ਹਾਂ ਹੀ ਭਾਰਤ ਦੇ 100 ਰੁਪਏ ਪਾਕਿਸਤਾਨ ਦੇ 170 ਰੁਪਏ ਖ਼ਰੀਦ ਸਕਦੇ ਹਨ ਕਿਉਂਕਿ ਇਨ੍ਹਾਂ ਦੇਸ਼ਾਂ ਤੋਂ ਭਾਰਤ ਬਹੁਤ ਘੱਟ ਵਸਤਾਂ ਮੰਗਵਾਉਂਦਾ ਹੈ।

ਲੰਬੇ ਸਮੇਂ ਤੋਂ ਅਟਾਰੀ-ਵਾਹਗਾ ਸਰਹੱਦ ਰਾਹੀਂ ਖੁੱਲ੍ਹੇ ਆਯਾਤ-ਨਿਰਯਾਤ ਦੀ ਮੰਗ ਹੁੰਦੀ ਆ ਰਹੀ ਹੈ। ਇਹ ਮੰਗ ਮੰਨੀ ਜਾਵੇ ਤਾਂ ਭਾਰਤ ਨੂੰ ਵੱਡਾ ਲਾਭ ਮਿਲ ਸਕਦਾ ਹੈ ਅਤੇ ਪਾਕਿਸਤਾਨ ਦੀ ਆਰਥਿਕਤਾ ਨੂੰ ਵੀ ਵੱਡਾ ਹੁਲਾਰਾ ਮਿਲ ਸਕਦਾ ਹੈ। ਇਸ ਵਾਸਤੇ ਦੋਵਾਂ ਮੁਲਕਾਂ ਨੂੰ ਆਪੋ-ਆਪਣੇ ਵਿੱਤੀ ਹਿੱਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਦੁਵੱਲਾ ਵਪਾਰ ਬਹਾਲ ਕਰਨਾ ਚਾਹੀਦਾ ਹੈ। ਇਸ ਵਿਚ ਪਾਕਿਸਤਾਨ ਵੱਲੋਂ ਕੀਤੀਆਂ ਜਾ ਰਹੀਆਂ ਭਾਰਤ ਵਿਰੋਧੀ ਸਰਗਰਮੀਆਂ ਅਤੇ ਅੱਤਵਾਦ ਨੂੰ ਸ਼ਹਿ ਦੇਣਾ ਸਭ ਤੋਂ ਵੱਡਾ ਅੜਿੱਕਾ ਹੈ। ਜੇ ਪਾਕਿਸਤਾਨ ਸਰਕਾਰ ਦੁਸ਼ਮਣੀ ਛੱਡ ਕੇ ਮਿਲਵਰਤਨ ਦਾ ਸਹਾਰਾ ਲਵੇ ਤਾਂ ਇਹ ਕਦਮ ਦੋਵਾਂ ਮੁਲਕਾਂ ਅਤੇ ਉਨ੍ਹਾਂ ਦੇ ਅਵਾਮ ਲਈ ਬਹੁਤ ਲਾਹੇਵੰਦ ਸਾਬਿਤ ਹੋਵੇਗਾ।

ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ 1990 ਤੋਂ ਪਹਿਲਾਂ ਦੇਸ਼ ਦਾ ਕੇਂਦਰੀ ਬੈਂਕ ਵਿਦੇਸ਼ੀ ਮੁਦਰਾ ਦਾ ਰੇਟ ਤੈਅ ਕਰਦਾ ਸੀ ਅਤੇ ਕੋਸ਼ਿਸ਼ ਕਰਦਾ ਸੀ ਕਿ ਰੇਟ ਸਥਿਰ ਰਹੇ। ਇਸ ਦੌਰਾਨ ਕਈ ਵਾਰ ਭਾਰਤ ਨੇ ਆਪ ਵੀ ਆਪਣੀ ਕਰੰਸੀ ਦੀ ਕੀਮਤ ਘਟਾਈ ਸੀ। ਸੰਨ 1949 ਅਤੇ 1966 ਵਿਚ ਵੱਡੀ ਮਾਤਰਾ ਵਿਚ ਭਾਰਤ ਦੀ ਕਰੰਸੀ ਦੀ ਕੀਮਤ ਭਾਰਤ ਨੇ ਆਪ ਹੀ ਘਟਾਈ ਸੀ। ਇਸ ਦੇ ਵੀ ਕਾਰਨ ਸਨ। ਜੇ ਭਾਰਤ ਦੀ ਕਰੰਸੀ ਦੀ ਕੀਮਤ ਘੱਟ ਹੋਵੇਗੀ ਤਾਂ ਇਸ ਦਾ ਅਰਥ ਹੈ ਕਿ ਵਿਦੇਸ਼ੀ ਦਰਾਮਦਕਾਰ ਭਾਰਤ ਤੋਂ ਪਹਿਲਾਂ ਨਾਲੋਂ ਜ਼ਿਆਦਾ ਵਸਤਾਂ ਖ਼ਰੀਦਣ ਲਈ ਉਤਸ਼ਾਹਤ ਹੋਣਗੇ।

ਜਿਸ ਤਰ੍ਹਾਂ ਜਿਹੜਾ ਵਿਅਕਤੀ ਭਾਰਤ ਵਿੱਚੋਂ ਡਾਲਰਾਂ ਵਿੱਚੋਂ ਖ਼ਰੀਦਦਾ ਹੈ ਜੇ ਉਸ ਨੂੰ ਇਕ ਡਾਲਰ ਨਾਲ ਪਹਿਲਾਂ 60 ਰੁਪਏ ਦੇ ਬਰਾਬਰ ਦੀਆਂ ਵਸਤਾਂ ਮਿਲਦੀਆਂ ਸਨ ਤਾਂ ਹੁਣ ਉਹ 83 ਰੁਪਏ ਦੇ ਬਰਾਬਰ ਖ਼ਰੀਦ ਕਰ ਸਕਦਾ ਹੈ। ਦੂਸਰੀ ਤਰਫ਼ ਇਸ ਨਾਲ ਵਿਦੇਸ਼ਾਂ ਵਿੱਚੋਂ ਆਉਣ ਵਾਲੀਆਂ ਵਸਤਾਂ ਮਹਿੰਗੀਆਂ ਪੈਂਦੀਆਂ ਹਨ। ਇਸ ਨਾਲ ਨਿਰਯਾਤ ਵਿਚ ਵਾਧਾ ਅਤੇ ਆਯਾਤ ਵਿਚ ਕਮੀ ਹੁੰਦੀ ਹੈ। ਵਿਦੇਸ਼ੀ ਵਪਾਰ ਸੰਤੁਲਨ ਭਾਰਤ ਦੇ ਹੱਕ ਵਿਚ ਹੁੰਦਾ ਹੈ ਪਰ ਭਾਰਤ ਵਿਚ ਇਸ ਦਾ ਲਾਭ ਨਾ ਲੈ ਸਕਿਆ ਕਿਉਂ ਜੋ ਭਾਰਤ ਦੀ ਨਿਰਯਾਤ ਵਿਚ ਕਮੀ ਦਰਜ ਹੋਈ ਅਤੇ ਆਯਾਤ ਵਿਚ ਵਾਧਾ ਜ਼ਿਆਦਾ ਹੋਇਆ। ਸੰਨ 1945 ’ਚ ਦੂਸਰੀ ਸੰਸਾਰ ਜੰਗ ਦੇ ਖ਼ਤਮ ਹੋਣ ਤੇ ਯੂਐੱਨਓ ਦੀ ਸਥਾਪਤੀ ਤੋਂ ਬਾਅਦ ਲਗਾਤਾਰ ਖੁੱਲ੍ਹੇ ਵਪਾਰ ਦੀ ਚਰਚਾ ਚੱਲ ਰਹੀ ਸੀ ਅਤੇ ਕੁਝ ਸਹਿਯੋਗੀ ਦੇਸ਼ਾਂ ਨੇ ਗੈਟ ਨਾਂ ਦੀ ਸੰਸਥਾ ਬਣਾ ਕੇ ਆਪਸ ’ਚ ਖੁੱਲ੍ਹਾ ਵਪਾਰ ਕਰਨ ਲਈ ਬਹੁਤ ਖੁੱਲ੍ਹਾਂ ਦਿੱਤੀਆਂ ਹੋਈਆਂ ਸਨ ਪਰ ਆਮ ਦੇਸ਼ ਖ਼ਾਸ ਕਰਕੇ ਭਾਰਤ ਵਰਗੇ ਵਿਕਾਸ ਕਰ ਰਹੇ ਦੇਸ਼ ਖੁੱਲ੍ਹੇ ਵਪਾਰ ਦੇ ਹੱਕ ਵਿਚ ਨਹੀਂ ਸਨ ਸਗੋਂ ਆਪਣੇ ਵਪਾਰ ਨੂੰ ਸੁਰੱਖਿਅਤ ਰੱਖਣਾ ਚਾਹੁੰਦੇ ਸਨ।

ਇਸ ਦੀ ਵਜ੍ਹਾ ਇਹ ਸੀ ਕਿ ਵਿਕਸਤ ਦੇਸ਼ਾਂ ’ਚ ਜਿੱਥੇ ਉਦਯੋਗਿਕ ਵਿਕਾਸ ਤਾਂ ਪਹਿਲਾਂ ਹੀ ਬਹੁਤ ਸੀ, ਉਹ ਖੇਤੀਬਾੜੀ ਖੇਤਰ ਵਿਚ ਵੀ ਵਿਕਸਤ ਸਨ। ਭਾਰਤ ਵਿਚ ਇਸ ਖੁੱਲ੍ਹੇ ਵਪਾਰ ਦੀ ਬਹੁਤ ਵਿਰੋਧਤਾ ਸੀ ਕਿਉਂ ਜੋ ਮਹਿਸੂਸ ਕੀਤਾ ਜਾਂਦਾ ਸੀ ਕਿ ਇਸ ਨਾਲ ਜਿੱਥੇ ਭਾਰਤ ਦਾ ਉਦਯੋਗਿਕ ਵਿਕਾਸ ਰੁਕੇਗਾ ਉੱਥੇ ਹੀ ਇਸ ਦੇ ਖੇਤੀਬਾੜੀ ’ਤੇ ਵੀ ਉਲਟ ਪ੍ਰਭਾਵ ਪੈਣਗੇ। ਪਰ ਅਖ਼ੀਰ 1995 ਵਿਚ ਵਿਸ਼ਵ ਵਪਾਰ ਸੰਸਥਾ (ਡਬਲਿਊਟੀਓ) ਹੋਂਦ ਵਿਚ ਆ ਹੀ ਗਈ ਅਤੇ ਭਾਰਤ ਦੀਆਂ ਕਈ ਰਾਜਨੀਤਕ ਪਾਰਟੀਆਂ ਅਤੇ ਨੀਤੀਘਾੜਿਆਂ ਦੇ ਵਿਚਾਰ ਦੇ ਉਲਟ ਭਾਰਤ ਨੂੰ ਉਸ ਸੰਸਥਾ ਦਾ ਮਜਬੂਰਨ ਮੈਂਬਰ ਬਣਨਾ ਪਿਆ। ਅਜਿਹਾ ਇਸ ਲਈ ਕਿਉਂ ਜੋ ਉਹ 125 ਦੇਸ਼ ਜਿਹੜੇ ਇਸ ਦੇ ਮੈਂਬਰ ਬਣੇ ਸਨ, ਭਾਰਤ ਦੇ ਇਸ ਦਾ ਮੈਂਬਰ ਨਾ ਬਣਨ ਦੀ ਹਾਲਤ ਵਿਚ ਭਾਰਤ ਨੇ ਉਨ੍ਹਾਂ ਤੋਂ ਬਿਲਕੁਲ ਅਲੱਗ-ਥਲੱਗ ਹੋ ਜਾਣਾ ਸੀ ਅਤੇ ਉਸ ਦਾ ਵਪਾਰ ਪਹਿਲਾਂ ਨਾਲੋਂ ਵੀ ਘਟ ਜਾਣਾ ਸੀ।

ਵਿਸ਼ਵ ਵਪਾਰ ਸੰਸਥਾ ਬਣਨ ਦੇ ਸਮੇਂ ਭਾਰਤ ਦਾ ਅੰਤਰਰਾਸ਼ਟਰੀ ਵਪਾਰ ਵਿਚ ਹਿੱਸਾ ਸਿਰਫ਼ 1.7 ਫ਼ੀਸਦੀ ਸੀ ਭਾਵੇਂ ਕਿ ਇਸ ਦੀ ਵਸੋਂ ਦੁਨੀਆ ਦੀ ਵਸੋਂ ਦਾ 17.6 ਫ਼ੀਸਦੀ ਸੀ। ਉਸ ਵਕਤ ਇਹ ਮਹਿਸੂਸ ਕੀਤਾ ਜਾਂਦਾ ਸੀ ਕਿ ਹੁਣ ਕਣਕ ਆਸਟ੍ਰੇਲੀਆ ਅਤੇ ਅਰਜਨਟੀਨਾ ਤੋਂ ਆ ਕੇ ਵਿਕੇਗੀ, ਖੰਡ ਕਿਊਬਾ ਤੋਂ ਅਤੇ ਦੁੱਧ ਦੀਆਂ ਵਸਤਾਂ ਡੈਨਮਾਰਕ ਤੋਂ, ਜਿਸ ਨਾਲ ਭਾਰਤ ਦੀ ਖੇਤੀ ’ਤੇ ਬਹੁਤ ਬੁਰੇ ਪ੍ਰਭਾਵ ਪੈਣਗੇ। ਪਰ ਅਸਲ ਵਿਚ ਇਸ ਤਰ੍ਹਾਂ ਨਾ ਹੋਇਆ। ਭਾਰਤ ਦੇ ਮੈਂਬਰ ਬਣਨ ਨਾਲ ਉਸ ਦਾ ਵਪਾਰ ਵਧ ਕੇ 2.1 ਫ਼ੀਸਦੀ ਹੋ ਗਿਆ ਪਰ ਇਸ ਵਿਚ ਨਿਰਯਾਤ ਘੱਟ ਵਧਿਆ ਜਦਕਿ ਆਯਾਤ ਜ਼ਿਆਦਾ ਵਧ ਗਿਆ ਜਿਸ ਨੇ ਡਾਲਰ, ਪੌਂਡ ਅਤੇ ਯੂਰੋ ਨਾਲ ਵਪਾਰ ਨੂੰ ਦਿਨ-ਬ-ਦਿਨ ਮਹਿੰਗਾ ਕਰ ਦਿੱਤਾ।

ਭਾਰਤ ਆਪਣੀਆਂ 85 ਫ਼ੀਸਦੀ ਲੋੜਾਂ ਪੈਟਰੋਲ ਆਯਾਤ ਨਾਲ ਪੂਰੀਆਂ ਕਰਦਾ ਹੈ ਅਤੇ ਪੈਟਰੋਲ ਸਿਵਾਏ ਈਰਾਨ ਦੇ, ਜਿਸ ਨੂੰ ਭਾਰਤ ਰੁਪਏ ਵਿਚ ਭੁਗਤਾਨ ਕਰ ਸਕਦਾ ਹੈ, ਬਾਕੀ ਦਾ ਪੈਟਰੋਲ ਡਾਲਰਾਂ ਵਿਚ ਖ਼ਰੀਦਦਾ ਹੈ। ਪੈਟਰੋਲ ਦੀ ਕੀਮਤ ’ਚ ਵਾਧਾ ਇਕ ਤਰਫ਼ ਪਰ ਡਾਲਰ ਦੀ ਕੀਮਤ ਦਾ ਵਾਧਾ ਭਾਰਤ ਦੀ ਆਰਥਿਕਤਾ ’ਤੇ ਬਹੁਤ ਬੁਰੇ ਪ੍ਰਭਾਵ ਪਾਉਂਦਾ ਹੈ।

ਭਾਰਤ ਹਰ ਸਾਲ ਇਕ ਲੱਖ ਕਰੋੜ ਰੁਪਏ ਦੀਆਂ ਦਾਲਾਂ ਅਤੇ ਤਕਰੀਬਨ ਇੰਨੀ ਹੀ ਮਾਤਰਾ ਵਿਚ ਖਾਣ ਵਾਲੇ ਤੇਲਾਂ ਦੇ ਬੀਜਾਂ ਦੀ ਦਰਾਮਦ ਲਈ ਮਜਬੂਰ ਹੈ ਜਿਸ ਦਾ ਭੁਗਤਾਨ ਉਸ ਨੂੰ ਡਾਲਰ ਜਾਂ ਯੂਰੋ ਦੀ ਸ਼ਕਲ ਵਿਚ ਕਰਨਾ ਪੈਂਦਾ ਹੈ। ਇਸ ਵਰਤਾਰੇ ਕਾਰਨ ਉਸ ਦਾ ਵਪਾਰ ਸੰਤੁਲਨ ਵਿਗੜ ਜਾਂਦਾ ਹੈ। ਡਾਲਰ ਦੀ ਵਧਦੀ ਕੀਮਤ ਨੂੰ ਤਾਂ ਭਾਰਤ ਨਹੀਂ ਰੋਕ ਸਕਦਾ ਪਰ ਡਾਲਰ ਵਾਲੇ ਖੇਤਰਾਂ ਵੱਲ ਨਿਰਯਾਤ ਵਿਚ ਵਾਧਾ ਕਰਨਾ ਜਾਂ ਉਨ੍ਹਾਂ ਖੇਤਰਾਂ ਤੋਂ ਆਯਾਤ ਘਟਾਉਣਾ ਭਾਰਤ ਲਈ ਇਕ ਵੱਡੀ ਚੁਣੌਤੀ ਹੈ।

# ਅਲੋਪ ਹੋਣ ਕਿਨਾਰੇ ਬਹੁਤ ਗੁਣਕਾਰੀ ਝਾੜ ਕਰੇਲਾ

ਮੱਧ ਪ੍ਰਦੇਸ਼ ਦੇ ਛਿੰਦਵਾੜਾ ਦੇ ਤਾਮੀਆ 'ਚ ਕਕੋੜੇ ਦੀ ਬਹੁਤਾਤ ਹੋਣ ਕਾਰਨ ਇਸ ਸਬਜ਼ੀ ਨੂੰ ਕਈ ਤਰੀਕਿਆਂ ਨਾਲ ਬਣਾਇਆ ਤੇ ਖਾਧਾ ਜਾਂਦਾ ਹੈ। ਕਕੋੜਾ ਨੂੰ ਕਰੇਲੇ ਦਾ ਛੋਟਾ ਭਰਾ ਕਿਹਾ ਜਾਂਦਾ ਹੈ। ਇਹ ਸਬਜ਼ੀ ਸਰੀਰ ਨੂੰ ਮਜ਼ਬੂਤ ਬਣਾਉਣ ਦੇ ਨਾਲ-ਨਾਲ ਮਲਟੀ ਵਿਟਾਮਿਨ ਨਾਲ ਵੀ ਭਰਪੂਰ ਹੁੰਦੀ ਹੈ। ਕਕੋੜੇ ਨੂੰ ਲੋਕ ਸਬਜ਼ੀ ਨਹੀਂ ਸਗੋਂ ਔਸ਼ਧੀ ਮੰਨਦੇ ਹਨ। ਆਮ ਭਾਸ਼ਾ 'ਚ ਇਸ ਦਾ ਨਾਂ ਝਾੜ



ਕਰੇਲਾ ਵੀ ਹੈ। ਇਸ ਸਬਜ਼ੀ 'ਚ ਵਿਟਾਮਿਨ ਬੀ12, ਵਿਟਾਮਿਨ ਡੀ, ਕੈਲਸ਼ੀਅਮ, ਜ਼ਿੰਕ, ਕਾਪਰ ਤੇ ਮੈਗਨੀਸ਼ੀਅਮ ਵਰਗੇ ਪੋਸ਼ਕ ਤੱਤ ਭਰਪੂਰ ਮਾਤਰਾ ਵਿੱਚ ਪਾਏ ਜਾਂਦੇ ਹਨ।

**ਗ੍ਰਾਮੀਣ ਹੌਟ ਬਾਜ਼ਾਰ 'ਚ ਸਭ ਤੋਂ ਪਹਿਲਾਂ ਵਿਕ ਜਾਂਦੀ ਹੈ ਸਬਜ਼ੀ**

ਤਾਮੀਆ ਦੇ ਹਸਪਤਾਲ ਸਾਹਮਣੇ ਹਫਤਾਵਾਰੀ ਹੌਟ ਬਾਜ਼ਾਰ 'ਚ ਕਕੋੜਾ ਦੇਖਿਆ ਗਿਆ ਤੇ ਇਹ ਤੁਰੰਤ 120 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਵਿਕ ਗਿਆ। ਇਸ ਵਿਚ ਵੀ ਕੁਦਰਤੀ ਰੂਪ 'ਚ ਗ੍ਰਾਮੀਣ ਇਲਾਕਿਆਂ 'ਚ ਦੇਸੀ ਸਰੂਪ ਤੇ ਫਾਰਮ 'ਚ ਵਪਾਰਕ ਰੂਪ ਉਗਾਉਣ ਦਾ ਵੱਡਾ ਸਰੂਪ ਮਿਲਦਾ ਹੈ। ਕਈ ਲੋਕਾਂ ਨੂੰ ਕਕੋੜਾ ਬੇਹੱਦ ਪਸੰਦ ਹੈ। ਉਂਝ ਕਕੋੜਾ ਖਾਣ ਨਾਲ ਅਨੇਕਾ ਫਾਇਦੇ ਹੁੰਦੇ ਹਨ।

**ਇਨ੍ਹਾਂ ਬਿਮਾਰੀਆਂ 'ਚ ਫਾਇਦੇਮੰਦ**

ਕਕੋੜਾ ਸਿਰਦਰਦ, ਵਾਲਾਂ ਦਾ ਝੜਨਾ, ਕੰਨ ਦਰਦ, ਖਾਂਸੀ, ਪੇਟ ਦੀ ਇਨਫੈਕਸ਼ਨ 'ਚ ਫਾਇਦੇਮੰਦ ਹੈ।

ਕਕੋੜੇ ਦੀ ਸਬਜ਼ੀ ਖਾਣ ਨਾਲ ਬਵਾਸੀਰ ਤੇ ਪੀਲੀਆ ਵਰਗੀਆਂ ਬਿਮਾਰੀਆਂ ਤੋਂ ਰਾਹਤ ਮਿਲਦੀ ਹੈ।

ਡਾਇਬਟੀਜ਼ 'ਚ ਵੀ ਕਕੋੜਾ ਬਹੁਤ ਫਾਇਦੇਮੰਦ ਹੁੰਦਾ ਹੈ। ਨਾਲ ਹੀ ਬਲੱਡ ਸ਼ੂਗਰ ਲੈਵਲ ਨੂੰ ਕੰਟਰੋਲ 'ਚ ਰੱਖਦਾ ਹੈ।

ਬਾਰਿਸ਼ ਦੌਰਾਨ ਹੋਣ ਵਾਲੇ ਕਈ ਤਰ੍ਹਾਂ ਦੇ ਸਕਿਨ ਰੋਗਾਂ ਨੂੰ ਦੂਰ ਕਰਨ 'ਚ ਇਹ ਫਾਇਦੇਮੰਦ ਹੈ।

ਅਧਰੰਗ, ਸੋਜ, ਬੇਹੋਸ਼ੀ ਤੇ ਅੱਖਾਂ ਦੀਆਂ ਸਮੱਸਿਆਵਾਂ 'ਚ ਕਕੋੜੇ ਦੀ ਸਬਜ਼ੀ ਫਾਇਦੇਮੰਦ ਹੈ।

ਲੋਅ ਕੈਲੋਰੀ ਸਬਜ਼ੀ ਹੈ, ਜਿਸ ਨੂੰ ਖਾਣ ਨਾਲ ਤੇਜ਼ੀ ਨਾਲ ਘਟਦਾ ਹੈ ਭਾਰ

ਕਕੋੜਾ ਇਕ ਲੋਅ ਕੈਲੋਰੀ ਸਬਜ਼ੀ ਹੈ ਜਿਸ ਨੂੰ ਖਾਣ ਨਾਲ ਭਾਰ ਤੇਜ਼ੀ ਨਾਲ ਘਟਾਉਣ 'ਚ ਮਦਦ ਮਿਲਦੀ ਹੈ। ਕਕੋੜੇ ਦੀ ਸਬਜ਼ੀ ਖਾਣ ਨਾਲ ਕਬਜ਼ ਤੇ ਬਦਹਜ਼ਮੀ ਵਰਗੀਆਂ ਸਮੱਸਿਆਵਾਂ ਤੋਂ ਵੀ ਰਾਹਤ ਮਿਲਦੀ ਹੈ। ਕਕੋੜੇ ਦਾ ਸੇਵਨ ਸ਼ੂਗਰ 'ਚ ਲਾਭਕਾਰੀ ਹੋ ਸਕਦਾ ਹੈ ਕਿਉਂਕਿ ਇਸ ਵਿਚ ਐਂਟੀਡਾਇਬੀਟਿਕ ਗੁਣ ਹੁੰਦੇ ਹਨ। ਕਕੋੜਾ ਖਾਣ ਨਾਲ ਤੁਹਾਨੂੰ ਭਰਪੂਰ ਊਰਜਾ ਮਿਲਦੀ ਹੈ ਤੇ ਆਲਸ ਅਤੇ ਸੁਸਤੀ ਦੂਰ ਹੁੰਦੀ ਹੈ। ਕਕੋੜਾ 'ਤੇ ਛੋਟੇ-ਛੋਟੇ ਕੰਡੇਦਾਰ ਰੇਸ਼ੇ ਹੁੰਦੇ ਹਨ। ਮੱਧ ਪ੍ਰਦੇਸ਼ 'ਚ ਇਸਨੂੰ ਕਕੋੜਾ ਅਤੇ ਰਾਜਸਥਾਨ ਵਿੱਚ ਇਸਨੂੰ ਕਿੱਕੋੜਾ ਵੀ ਕਿਹਾ ਜਾਂਦਾ ਹੈ। ਕਕੋੜਾ 'ਚ ਹਰ ਉਹ ਤੱਤ ਪਾਇਆ ਜਾਂਦਾ ਹੈ ਜੋ ਸਿਹਤ ਲਈ ਜ਼ਰੂਰੀ ਹੈ।

ਕਕੋੜਾ 'ਚ ਹਰ ਉਹ ਤੱਤ ਪਾਇਆ ਜਾਂਦਾ ਹੈ ਜੋ ਸਿਹਤ ਲਈ ਜ਼ਰੂਰੀ ਹੈ। ਕਕੋੜਾ ਦੀ ਤਾਸੀਰ ਗਰਮ ਹੁੰਦੀ ਹੈ ਤੇ ਇਹ ਖਾਣ ਵਿਚ ਵੀ ਬਹੁਤ ਸੁਆਦੀ ਲਗਦਾ ਹੈ। ਇਸ ਨੂੰ ਖਾਮ ਨਾਲ ਜ਼ਬਰਦਸਤ ਤਾਕਤ ਮਿਲਦੀ ਹੈ। ਅੱਜਕਲ੍ਹ ਇਹ ਬਾਜ਼ਾਰ 'ਚ ਬਹੁਤ ਘੱਟ ਉਪਲਬਧ ਹੈ।

**– ਪ੍ਰੋਫੈਸਰ ਡਾ. ਨਵੀਨ ਕੇ ਵਰਮਾ**

# ਕਾਂਵੜ ਸਿਵਿਰ ’ਚ ਬਾਬਾ ਪੰਕਜ ਗੌਤਮ ਵੱਲੋਂ ਪੱਤਰਕਾਰਾਂ ਦਾ ਕੀਤਾ ਸਨਮਾਨ

ਧਨੌਲਾ ਮੰਡੀ, (ਸੰਜੀਵ ਗਰਗ ਕਾਲੀ) ਸਿਵਰਾਤਰੀ ਦੇ ਪਵਿੱਤਰ ਤਿਉਹਾਰ ਨੂੰ ਮੁੱਖ ਰੱਖਦਿਆਂ ਬੱਸ ਸੈਟਂਡ ਧਨੌਲਾ ਦੇ ਪਿਛਲੇ ਪਾਸੇ ਕਾਵੜੀਆਂ ਲਈ ਲਾਏ ਸਿਵਰ ਦੌਰਾਨ ਸ੍ਰੀ ਮਹਾਂਵੀਰ ਕਾਵੜ ਸੇਵਾ ਸੰਘ ਧਨੌਲਾ ਦੇ ਮੁੱਖ ਸੇਵਾਦਾਰ ਬਾਬਾ ਪੰਕਜ ਗੌਤਮ ਵੱਲੋਂ ਜਰਨਲਿਸਟ ਐਸੋਸੀਏਸਨ ਧਨੌਲਾ ਦੇ ਸਮੂਹ ਪੱਤਰਕਾਰਾਂ ਦਾ ਸਨਮਾਨ ਕੀਤਾ ਗਿਆ। ਪ੍ਰੈਸ ਨਾਲ ਗੱਲਬਾਤ ਕਰਦਿਆਂ ਸਾਵਣ ਮਹੀਨੇ ਦੀ ਸਿਵਰਾਤਰੀ ਮਨਾਉਣ ਲਈ ਲਾਏ ਸਿਵਿਰ ’ਚ ਬਾਬਾ ਪੰਕਜ ਗੌਤਮ ਨੇ ਕਿਹਾ ਕਿ ਇਹ 22ਵਾਂ ਭੰਡਾਰਾ ਕਰਵਾਇਆ ਜਾ ਰਿਹਾ ਹੈ ਸਮੂਹ ਭਗਤਾਂ ਤੇ ਸਹਿਰ ਵਾਸੀਆਂ ਦੇ ਸਹਿਯੋਗ ਨਾਲ ਲਾਇਆ ਜਾ ਰਿਹਾ ਹੈ। ਜਿਸ ਵਿੱਚ ਗੰਗਾ ਜਲ ਲੈ ਕੇ ਆ ਰਹੇ ਕਾਵੜੀਆਂ ਦੇ ਰਹਿਣ ਲਈ , ਖਾਣ ਪੀਣ, ਅਤੇ ਆਰਾਮ ਕਰਨ ਲਈ ਵਿਸੇਸ ਪ੍ਰਬੰਧ ਕੀਤੇ ਗਏ ਹਨ, ਅਤੇ ਪੈਦਲ ਆ ਰਹੇ ਕਾਵੜੀਆਂ ਦੇ ਪੈਰਾਂ ਵਿੱਚ ਹੋਏ ਜਖਮਾਂ ਨੂੰ ਠੀਕ ਕਰਨ ਲਈ ਦਵਾਈ ਮੱਲਮ ਪੱਟੀ ਦਾ ਵੀ ਪੂਰਾ ਪ੍ਰਬੰਧ ਕੀਤਾ ਗਿਆ। ਇਸ ਮੌਕੇ ਪ੍ਰਧਾਨ ਚਮਕੌਰ ਸਿੰਘ ਗੱਗੀ, ਸਨੀ ਸਦਿਓੜਾ,ਕਰਮਜੀਤ ਸਿੰਘ ਸਾਗਰ, ਸੰਜੀਵ ਗਰਗ ਕਾਲੀ, ਸਰਾਜ ਘਨੌਰ, ਹਰਦੀਪ ਸਿੰਘ ਹੈਰੀ, ਸੇਖਰ ਗਰਗ, ਹਿਮਾਂਸ਼ੂ ਗੋਇਲ, ਲਾਲੀ ਸਿੰਗਲਾ, ਅਮਨਦੀਪ ਸਿੰਘ ਸਾਗਰ, ਸੁੱਖੀ ਸੇਰਗਿੱਲ, ਅਮਨਦੀਪ ਸਿੰਘ ਚੀਮਾ, ਮਨਜਿੰਦਰ ਸਿੰਘ ਧਾਲੀਵਾਲ, ਆਦਿ ਤੋਂ ਇਲਾਵਾ ਬੰਟੀ, ਗੌਰਵ, ਹਰਸ ਟਿੰਕੂ, ਲਵਲੀ, ਯਾਦੀ, ਅਨਮੋਲ ਆਦਿ ਸੇਵਾਦਾਰ ਮੌਜੂਦ ਸਨ। ਇਸ ਮੌਕੇ ਜੈਤੋ, ਰਾਮਪੁਰਾ ਫੂਲ, ਬਠਿੰਡਾਂ, ਗੋਨਿਆਣਾ ਮੰਡੀ, ਭੁੱਚੋ, ਤੇ ਹੋਰ ਵੱਖ ਵੱਖ ਸਹਿਰਾਂ ਤੋਂ ਆਏ ਕਾਂਵੜੀਆਂ ਨੇ ਕਿਹਾ ਕਿ ਉਹ ਹਰ ਸਾਲ ਇਸੇ ਸਿਵਿਰ ’ਚ ਠਹਿਰਦੇ ਹਨ ਤੇ ਸਾਨੂੰ ਇੱਥੇ ਦੇ ਪ੍ਰਬੰਧ ਬਹੁਤ ਹੀ ਵਧੀਆ ਹੁੰਦੇ ਹਨ ਤੇ ਸਾਨੂੰ ਬਹੁਤ ਜਿਆਦਾ ਮਾਣ ਸਤਿਕਾਰ ਮਿਲਦਾ ਹੈ।





# ਪਲਾਸਟਿਕ ਪ੍ਰਦੂਸ਼ਣ ਦਾ ਖ਼ਾਤਮਾ ਜ਼ਰੂਰੀ

ਡਾ. ਸਤਿੰਦਰ ਸਿੰਘ

ਮਨੁੱਖ ਦੁਆਰਾ ਕੀਤੀਆਂ ਖੋਜਾਂ 'ਚੋਂ ਪਲਾਸਟਿਕ ਇਕ ਅਜਿਹੀ ਖੋਜ ਹੈ ਜਿਸ ਕਾਰਨ ਵਿਸ਼ਵ ਪੱਧਰ 'ਤੇ ਫੈਲਿਆ ਪਲਾਸਟਿਕ ਪ੍ਰਦੂਸ਼ਣ ਧਰਤੀ ਉੱਪਰ ਵੱਡੀ ਤਬਾਹੀ ਅਤੇ ਸਵੱਛਤਾ ਨੂੰ ਖ਼ਤਮ ਕਰਨ ਦਾ ਕਾਰਨ ਬਣ ਰਿਹਾ ਹੈ। ਪਲਾਸਟਿਕ ਪ੍ਰਦੂਸ਼ਣ ਦੇ ਕਾਰਨ ਸਮੁੱਚੇ ਵਾਤਾਵਰਨ, ਜੰਗਲੀ ਜੀਵਨ, ਧਰਤੀ ਦੀ ਉਪਜਾਊ ਸ਼ਕਤੀ, ਸਮੁੰਦਰੀ ਵਾਤਾਵਰਨ ਅਤੇ ਮਨੁੱਖੀ ਸਿਹਤ 'ਤੇ ਬੇਹੱਦ ਮਾੜਾ ਪ੍ਰਭਾਵ ਪੈ ਰਿਹਾ ਹੈ। ਪੋਲੀਥੀਨ ਦੇ ਲਿਫ਼ਾਫ਼ਿਆਂ ਦੇ ਮਾੜੇ ਪ੍ਰਭਾਵਾਂ ਨੂੰ ਦੇਖਦੇ ਹੋਏ ਪੂਰੇ ਵਿਸ਼ਵ ਵਿਚ 3 ਜੁਲਾਈ ਦਾ ਦਿਨ ਅੰਤਰਰਾਸ਼ਟਰੀ ਪਲਾਸਟਿਕ ਬੈਗ ਮੁਕਤ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸ ਦਾ ਮੁੱਖ ਉਦੇਸ਼ ਸਮਾਜ ਨੂੰ ਪਲਾਸਟਿਕ ਬੈਗਜ਼ ਦੀ ਵਰਤੋਂ ਤੋਂ ਦੂਰ ਰਹਿਣ ਲਈ ਉਤਸ਼ਾਹਤ ਅਤੇ ਪ੍ਰੇਰਿਤ ਕਰ ਕੇ ਵਾਤਾਵਰਨ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਵਾਤਾਵਰਨ ਪੱਖੀ ਵਿਕਲਪਾਂ ਦੀ ਵਰਤੋਂ ਕਰਨਾ ਹੈ। ਪਲਾਸਟਿਕ ਬੈਗਜ਼ ਦੀ ਵਧਦੀ ਵਰਤੋਂ ਕਾਰਨ ਧਰਤੀ ਦੀ ਸਵੱਛਤਾ ਸਭ ਤੋਂ ਵੱਧ ਪ੍ਰਭਾਵਿਤ ਹੋ ਰਹੀ ਹੈ। ਮਨੁੱਖ ਦੇ ਸੁਚੱਜਾ ਜੀਵਨ ਜਿਊਣ ਲਈ ਉਸ ਦਾ ਆਲਾ-ਦੁਆਲਾ ਸਵੱਛ ਹੋਣਾ ਬੇਹੱਦ ਜ਼ਰੂਰੀ ਹੈ। ਸਵੱਛਤਾ ਸਿਰਫ਼ ਮਨੁੱਖ ਦੇ ਸਰੀਰਕ ਅਤੇ ਮਾਨਸਿਕ ਪੱਖ ਤੋਂ ਹੀ ਜ਼ਰੂਰੀ ਨਹੀਂ ਬਲਕਿ ਵਿਅਕਤੀਗਤ ਅਤੇ ਸਮਾਜਿਕ ਜੀਵਨ ਲਈ ਵੀ ਮਹੱਤਵਪੂਰਨ ਹੈ। ਮਹਾਤਮਾ ਗਾਂਧੀ ਨੇ ਵੀ ਇਸ ਦੀ ਮਹੱਤਤਾ ਨੂੰ ਦਰਸਾਉਂਦੇ ਹੋਏ ਕਿਹਾ ਸੀ ਕਿ ਸਵੱਛਤਾ ਆਜ਼ਾਦੀ ਨਾਲੋਂ ਵੱਧ ਮਹੱਤਵਪੂਰਨ ਹੈ। ਸਵੱਛਤਾ ਹਵਾ, ਪਾਣੀ ਅਤੇ ਧਰਤੀ ਨੂੰ ਪ੍ਰਦੂਸ਼ਿਤ ਹੋਣ ਤੋਂ ਰੋਕਦੀ ਹੈ।

ਸਵੱਛਤਾ ਦੀ ਮਹੱਤਤਾ ਨੂੰ ਸਮਝਦੇ ਹੋਏ 15 ਅਗਸਤ 2014 ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਨੂੰ ਸਾਫ਼-ਸੁਥਰਾ ਅਤੇ ਸਵੱਛ ਬਣਾਉਣ ਲਈ ਸਵੱਛ ਭਾਰਤ ਮੁਹਿੰਮ ਦਾ ਐਲਾਨ ਕੀਤਾ ਸੀ। ਉਸ ਤੋਂ ਬਾਅਦ ਦੋ ਅਕਤੂਬਰ 2014 ਨੂੰ ਮਹਾਤਮਾ ਗਾਂਧੀ ਦੀ 145ਵੀ ਜਯੰਤੀ ਮੌਕੇ ਜਿਸ ਵੱਡੇ ਪੱਧਰ 'ਤੇ ਸਵੱਛ ਭਾਰਤ ਮੁਹਿੰਮ ਦਾ ਆਗਾਜ਼ ਹੋਇਆ ਤਾਂ ਦੇਸ਼ ਦੇ ਸਫ਼ਾਈ ਪਸੰਦ ਕਰੋੜਾਂ ਲੋਕਾਂ ਦੇ ਮਨ ਵਿਚ ਆਸ ਦੀ ਕਿਰਨ ਜਾਗੀ ਸੀ। ਉਨ੍ਹਾਂ ਲੋਕਾਂ ਨੇ ਵੀ ਪ੍ਰਧਾਨ ਮੰਤਰੀ ਦੀ ਤਰ੍ਹਾਂ ਸਵੱਛ ਭਾਰਤ ਦਾ ਸੁਪਨਾ ਲਿਆ ਸੀ। ਸਵੱਛ ਭਾਰਤ ਮੁਹਿੰਮ ਤਹਿਤ ਗਾਂਧੀ ਜੀ ਦੀ 150ਵੀ ਜਯੰਤੀ ਤੱਕ ਦੇਸ਼ ਨੂੰ ਸਵੱਛ ਕਰਨ ਦਾ ਟੀਚਾ ਸੀ। ਇਸ ਮੁਹਿੰਮ ਦੀ ਸਫਲਤਾ ਲਈ ਸਰਕਾਰੀ ਪੱਧਰ 'ਤੇ ਬਹੁਤ ਵੱਡੇ ਉਪਰਾਲੇ ਕੀਤੇ ਗਏ। ਜਾਗਰੂਕਤਾ ਤੇ ਸਫ਼ਾਈ ਮੁਹਿੰਮਾਂ, ਟਾਇਲਟ ਨਿਰਮਾਣ ਦਾ ਕੰਮ, ਸਕੂਲ ਸਵੱਛਤਾ ਮੁਹਿੰਮ ਅਤੇ ਸਵੱਛਤਾ ਮੁਕਾਬਲਿਆਂ ਰਾਹੀਂ ਲੋਕਾਂ ਨੂੰ ਸਵੱਛ ਭਾਰਤ ਮੁਹਿੰਮ ਨਾਲ ਜੋੜਨ ਦੇ ਯਤਨ ਕੀਤੇ ਗਏ ਜਿਨ੍ਹਾਂ ਵਿੱਚੋਂ ਕੁਝ ਉਪਰਾਲਿਆਂ ਦੇ ਸਾਰਥਕ ਨਤੀਜੇ ਵੀ ਨਿਕਲ ਰਹੇ ਹਨ। ਪ੍ਰੰਤੂ ਸਾਡੇ ਦੇਸ਼ ਦੇ ਹਰ ਸ਼ਹਿਰ ਦੀ ਸਵੱਛਤਾ ਅਤੇ ਵਾਤਾਵਰਨ ਦੀ ਅਸਲ ਸਥਿਤੀ ਕੀ ਹੈ, ਇਹ ਕਿਸੇ ਤੋਂ ਛੁਪੀ ਨਹੀਂ ਹੈ। ਪਲਾਸਟਿਕ ਦੇ ਲਿਫ਼ਾਫ਼ਿਆਂ ਨੇ ਜਿੱਥੇ ਵਾਤਾਵਰਨ ਵਿਚ ਜ਼ਹਿਰ ਘੋਲ ਦਿੱਤਾ ਹੈ, ਉੱਥੇ ਹੀ ਸਵੱਛਤਾ ਮੁਹਿੰਮ ਦੀ ਸਫਲਤਾ ਵਿਚ ਵੱਡੀ ਰੁਕਾਵਟ ਬਣ ਗਏ ਹਨ। ਪਲਾਸਟਿਕ ਦੀ ਖੋਜ ਦੀ ਗੱਲ ਤਾਂ ਭਾਵੇਂ 1862 ਈਸਵੀ ਤੋਂ ਹੀ ਸ਼ੁਰੂ ਹੋ ਗਈ ਸੀ। ਪ੍ਰੰਤੂ ਇਸ ਦਾ ਮੌਜੂਦਾ ਰੂਪ 1907 ਵਿਚ ਬੈਲਜੀਅਮ ਮੂਲ ਦੇ ਅਮਰੀਕੀ ਵਿਗਿਆਨੀ ਲਿਓ ਹੈਂਡ੍ਰਿਕ ਬੈਕਲੈਂਡ ਦੀ ਖੋਜ ਨਾਲ ਹੀ ਦੁਨੀਆ ਦੇ ਸਾਹਮਣੇ ਆਇਆ ਸੀ। ਉਸ ਨੇ 1912 ਵਿਚ ਜਦੋਂ ਇਸ ਦੀ ਘੋਸ਼ਣਾ ਕੀਤੀ ਤਾਂ ਇਸ ਨੂੰ ਮਨੁੱਖਤਾ ਦੀ ਸਹੂਲਤ ਵੱਲ ਵੱਡਾ ਕਦਮ ਅਤੇ ਵਿਗਿਆਨ ਦੀ ਅਦਭੁਤ ਖੋਜ ਦੱਸਿਆ ਗਿਆ ਸੀ।

ਥੋੜ੍ਹੇ ਸਮੇਂ ਵਿਚ ਹੀ ਪਲਾਸਟਿਕ ਪੂਰੇ ਵਿਸ਼ਵ ਵਿਚ ਮਨੁੱਖੀ ਜੀਵਨ ਦਾ ਅਟੁੱਟ ਅੰਗ ਬਣ ਗਿਆ। ਪਲਾਸਟਿਕ ਬੈਗਜ਼, ਪਲੇਟਾਂ, ਗਲਾਸ, ਚਮਚੇ, ਛੋਟੀਆਂ ਬੋਤਲਾਂ, ਪੈਕਿੰਗ ਲਈ ਵਰਤੋਂ ਵਿਚ ਆਉਣ ਵਾਲਾ ਪਲਾਸਟਿਕ, ਖਿਡੌਣੇ, ਪਾਈਪਾਂ, ਫਰਨੀਚਰ ਅਤੇ ਬਰਤਨਾਂ ਆਦਿ ਦੇ ਰੂਪ ਵਿਚ ਪਲਾਸਟਿਕ ਹੀ ਪਲਾਸਟਿਕ ਸਾਡੇ ਬਾਜ਼ਾਰਾਂ ਅਤੇ ਘਰਾਂ ਵਿਚ ਦਾਖ਼ਲ ਹੋ ਗਿਆ ਹੈ। ਦੁਨੀਆ ਭਰ ਵਿਚ ਲੋਕ ਇਕ ਮਿੰਟ ਵਿਚ ਪਲਾਸਟਿਕ ਦੀਆਂ 10 ਲੱਖ ਬੋਤਲਾਂ ਖ਼ਰੀਦਦੇ ਹਨ। ਪਲਾਸਟਿਕ ਦੇ ਆਉਣ ਨਾਲ ਸਾਡਾ ਜੀਵਨ ਆਸਾਨ ਤਾਂ ਜ਼ਰੂਰ ਹੋਇਆ ਹੈ ਪ੍ਰੰਤੂ ਇਸ ਦੇ ਭਿਅੰਕਰ ਨਤੀਜੇ ਹੁਣ ਸਾਡੇ ਸਾਹਮਣੇ ਆਉਣ ਲੱਗੇ ਹਨ। ਸਾਡੇ ਦੇਸ਼ ਵਿਚ ਪੋਲੀਥੀਨ ਦੇ ਲਿਫ਼ਾਫ਼ਿਆਂ ਦਾ ਚਲਨ 1960 ਦੇ ਕਰੀਬ ਸ਼ੁਰੂ ਹੋਇਆ। ਇਸ ਉੱਪਰ ਬਹਿਸ ਤਾਂ ਉਸ ਸਮੇਂ ਹੀ ਸ਼ੁਰੂ ਹੋ ਗਈ ਸੀ ਪ੍ਰੰਤੂ 1970 ਵਿਚ ਇਸ ਵਿਰੁੱਧ ਆਵਾਜ਼ ਵੀ ਉੱਠਣ ਲੱਗੀ ਸੀ। ਪਲਾਸਟਿਕ ਸਿਹਤ ਅਤੇ ਵਾਤਾਵਰਨ ਦੋਵਾਂ ਲਈ ਹੀ ਨੁਕਸਾਨਦੇਹ ਹੈ। ਇਸ ਦਾ ਉਤਪਾਦਨ ਪੈਟਰੋਲੀਅਮ ਤੋਂ ਪ੍ਰਾਪਤ ਰਸਾਇਣਾਂ ਤੋਂ ਹੁੰਦਾ ਹੈ। ਪਲਾਸਟਿਕ ਨੂੰ ਰੀਸਾਈਕਲ ਕਰਨਾ ਬਹੁਤ ਵੱਡੀ ਸਮੱਸਿਆ ਹੈ। ਕੁੱਲ ਉਤਪਾਦਨ ਦਾ 91 ਪ੍ਰਤੀਸ਼ਤ ਪਲਾਸਟਿਕ ਰੀਸਾਈਕਲ ਨਹੀਂ ਕੀਤਾ ਜਾ ਸਕਦਾ। ਉੱਥੇ ਇਸ ਕਾਰਨ ਸ਼ਹਿਰਾਂ ਦੀਆਂ ਨਾਲੀਆਂ, ਨਦੀਆਂ, ਨਹਿਰਾਂ, ਦਰਿਆਵਾਂ ਤੋਂ ਲੈ ਕੇ ਸਮੁੰਦਰ ਤੱਕ ਦੀ ਬਰਬਾਦੀ ਸਾਫ਼ ਨਜ਼ਰ ਆ ਰਹੀ ਹੈ। ਸ਼ਹਿਰਾਂ ਵਿਚ ਪੋਲੀਥੀਨ ਬੈਗਜ਼ ਕਾਰਨ ਸੀਵਰੇਜ ਜਾਮ ਦੀ ਸਮੱਸਿਆ ਗੰਭੀਰ ਰੂਪ ਧਾਰਨ ਕਰ ਜਾਂਦੀ ਹੈ। ਪਲਾਸਟਿਕ ਦੇ ਲਿਫ਼ਾਫ਼ਿਆਂ ਵਿਚ ਪੈਕ ਹੁੰਦੇ ਖਾਣ ਵਾਲੇ ਪਦਾਰਥ ਅਤੇ ਹੋਰ ਕਾਰਨਾਂ ਕਰ ਕੇ ਪਲਾਸਟਿਕ ਦੇ ਕਣ ਮਨੁੱਖੀ ਸਰੀਰ ਦੇ ਅੰਦਰ ਜਾਣਾ ਸਿਹਤ ਲਈ ਬੇਹੱਦ ਖ਼ਤਰਨਾਕ ਹੈ। ਇਸ ਕਾਰਨ ਪਸ਼ੂ, ਪੰਛੀ ਅਤੇ ਜਲ ਜੀਵ ਬਿਮਾਰ ਹੋ ਕੇ ਦਮ ਤੋੜ ਰਹੇ ਹਨ।

# ਗਲਤ ਖਾਣ-ਪੀਣ ਕਾਰਨ ਹਰ 9ਵਾਂ ਭਾਰਤੀ ਕੈਂਸਰ ਦੀ ਲਪੇਟ 'ਚ!

ਕਮਲਜੀਤ ਸਿੰਘ ਬਨਵੈਤ

ਕੈਂਸਰ ਦਾ ਨਾਂ ਸੁਣਦਿਆਂ ਹੀ ਲੋਕ ਸਹਿਮ ਜਾਂਦੇ ਹਨ। ਜ਼ਿਆਦਾਤਰ ਲੋਕਾਂ ਨੂੰ ਇਸ ਲਾਇਲਾਜ ਬਿਮਾਰੀ ਦਾ ਨਾਂ ਲੈਂਦਿਆਂ ਵੀ ਡਰ ਲੱਗਣ ਲੱਗ ਪੈਂਦਾ ਹੈ। ਪਿੰਡਾਂ ਵਿਚ ਹਾਲੇ ਵੀ ਕੈਂਸਰ ਨੂੰ ਜੀਭ 'ਤੇ ਲਿਆਉਣਾ ਅਸ਼ੁਭ ਮੰਨਿਆ ਜਾਂਦਾ ਹੈ। ਕੈਂਸਰ ਦੀ ਨਾਮੁਰਾਦ ਬਿਮਾਰੀ ਨੇ ਵਿਸ਼ਵ ਨੂੰ ਨਾਗ ਵਲ ਪਾ ਕੇ ਪੂਰੀ ਤਰ੍ਹਾਂ ਆਪਣੀ ਲਪੇਟ 'ਚ ਲੈ ਲਿਆ ਹੈ। ਰਕਾਰ ਦੀ ਇਕ ਤਾਜ਼ਾ ਰਿਪੋਰਟ ਅਨੁਸਾਰ ਹਰ ਨੌਵਾਂ ਭਾਰਤੀ ਕੈਂਸਰ ਦੀ ਲਪੇਟ ਵਿਚ ਆ ਚੁੱਕਾ ਹੈ ਅਤੇ 80 ਫ਼ੀਸਦੀ ਦੀ ਇਲਾਜ ਵਿਚ ਦੇਰੀ ਹੋਣ ਕਾਰਨ ਜਾਨ ਜਾ ਰਹੀ ਹੈ। ਅਮਰੀਕਾ ਤੇ ਚੀਨ ਤੋਂ ਬਾਅਦ ਸਭ ਤੋਂ ਵੱਧ ਕੈਂਸਰ ਦੇ ਮਰੀਜ਼ ਭਾਰਤ ਵਿਚ ਹਨ। ਦੁੱਖ ਦੀ ਗੱਲ ਇਹ ਕਿ ਅਗਲੇ ਕੁਝ ਸਾਲਾਂ ਤੱਕ ਭਾਰਤ ਨੂੰ ਬਦਕਿਸਮਤੀ ਨਾਲ ਕੈਂਸਰ ਦੀ ਰਾਜਧਾਨੀ ਦਾ ਨਾਂ ਦਿੱਤਾ ਜਾਣ ਲੱਗੇਗਾ।



ਰਿਪੋਰਟ ਮੁਤਾਬਕ ਵਿਸ਼ਵ ਭਰ ਵਿੱਚੋਂ 20 ਫ਼ੀਸਦੀ ਕੈਂਸਰ ਦੇ ਮਰੀਜ਼ ਭਾਰਤ ਵਿੱਚੋਂ ਆ ਰਹੇ ਹਨ। ਸਾਲ 2013 ਦੇ ਮੁਕਾਬਲੇ 2023 ਵਿਚ ਕੈਂਸਰ ਨਾਲ ਮੌਤਾਂ ਦੀ ਗਿਣਤੀ ਦੁੱਗਣੀ ਹੋ ਗਈ ਸੀ। ਨਵੀਂ ਸਦੀ ਵਿਚ ਕੈਂਸਰ ਨਾਲ ਡੇਢ ਕਰੋੜ ਮਰੀਜ਼ਾਂ ਦੀ ਮੌਤ ਹੋ ਚੁੱਕੀ ਹੈ। ਫ਼ਿਲਹਾਲ ਭਾਰਤ ਵਿਚ 2.16 ਕਰੋੜ ਦੇ ਕਰੀਬ ਕੈਂਸਰ ਦੇ ਮਰੀਜ਼ ਹਨ ਜਦਕਿ ਅਗਲੇ ਸਾਲ ਇਹ ਗਿਣਤੀ ਵਧ ਕੇ ਤਿੰਨ ਕਰੋੜ ਨੂੰ ਪੁੱਜ ਜਾਵੇਗੀ। ਪੰਜਾਬ ਦੀ ਗੱਲ ਕਰੀਏ ਤਾਂ ਇੱਥੇ ਕੈਂਸਰ ਨਾਲ ਹਰ ਰੋਜ਼ 18 ਮੌਤਾਂ ਹੋਣ ਲੱਗੀਆਂ ਹਨ। ਉੱਤਰੀ ਭਾਰਤ ਵਿੱਚੋਂ ਪੰਜਾਬ ਵਿਚ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਸਭ ਤੋਂ ਵੱਧ ਹੈ। ਇਕ ਤਾਜ਼ਾ ਰਿਪੋਰਟ ਅਨੁਸਾਰ ਪੰਜਾਬ ਦੇ ਮਾਲਵੇ ਖ਼ਿੱਤੇ ਵਿਚ ਇਕ ਲੱਖ ਪਿੱਛੇ 137 ਮਰੀਜ਼ਾਂ ਨੂੰ ਕੈਂਸਰ ਹੋਣ ਦੀ ਪੁਸ਼ਟੀ ਹੋਈ ਹੈ। ਮਾਲਵੇ ਵਿਚ ਹਰ ਤੀਜੇ-ਚੌਥੇ ਘਰ ਵਿਚ ਕੈਂਸਰ ਨਾਲ ਸੱਥਰ ਵਿਛਿਆ ਹੈ।

ਪੀਜੀਆਈ ਦੀ ਇਕ ਰਿਪੋਰਟ ਵਿੱਚੋਂ ਇਹ ਦੁਖਦਾਈ ਅੰਕੜੇ ਸਾਹਮਣੇ ਆਏ ਹਨ। ਬਠਿੰਡਾ ਤੋਂ ਬੀਕਾਨੇਰ ਜਾਣ ਵਾਲੀ ਰੇਲਗੱਡੀ ਕੈਂਸਰ ਪੀੜਤ ਮਰੀਜ਼ਾਂ ਨਾਲ ਭਰੀ ਹੁੰਦੀ ਹੈ। ਇਸੇ ਲਈ ਇਸ ਨੂੰ 'ਕੈਂਸਰ ਟਰੇਨ' ਦਾ ਲਕਬ ਮਿਲਿਆ ਹੋਇਆ ਹੈ। ਪ੍ਰਸਿੱਧ ਪੰਜਾਬੀ ਕਥਾਕਾਰ ਨਛੱਤਰ ਨੇ ਤਾਂ 'ਕੈਂਸਰ ਟਰੇਨ' ਨਾਂ ਦਾ ਨਾਵਲ ਵੀ ਲਿਖਿਆ ਹੈ। ਮੁਲਕ ਦੀ ਬਦਕਿਸਮਤੀ ਇਹ ਕਿ 64 ਫ਼ੀਸਦੀ ਜ਼ਿਲ੍ਹਾ ਹਸਪਤਾਲਾਂ ਵਿਚ ਕੈਂਸਰ ਦੀ ਜਾਂਚ ਦਾ ਬੰਦੋਬਸਤ ਨਹੀਂ ਹੈ। ਭਾਰਤ ਵਿਚ ਪ੍ਰਾਇਮਰੀ ਹੈਲਥ ਸੈਂਟਰਾਂ ਦੀ ਗਿਣਤੀ 31 ਹਜ਼ਾਰ ਹੈ ਤੇ ਇਨ੍ਹਾਂ ਵਿੱਚੋਂ 81 ਫ਼ੀਸਦੀ ਵਿਚ ਕੈਂਸਰ ਦੀ ਜਾਂਚ ਦੀ ਸਹੂਲਤ ਨਹੀਂ ਦਿੱਤੀ ਗਈ ਹੈ। ਇਸ ਤੋਂ ਬਿਨਾਂ 6 ਹਜ਼ਾਰ ਦੇ ਕਰੀਬ ਕਮਿਊਨਿਟੀ ਹੈਲਥ ਸੈਂਟਰ ਹਨ।

ਇੱਥੇ ਕੈਂਸਰ ਦੇ ਇਲਾਜ ਦੇ ਢੁੱਕਵੇਂ ਪ੍ਰਬੰਧ ਨਹੀਂ ਹਨ। ਭਾਰਤ ਦੇ 734 ਜ਼ਿਲ੍ਹਾ ਹਸਪਤਾਲਾਂ ਵਿੱਚੋਂ ਸਿਰਫ਼ 35 ਫ਼ੀਸਦੀ ਵਿਚ ਸਕਰੀਨਿੰਗ ਦੀ ਸਹੂਲਤ ਦਿੱਤੀ ਗਈ ਹੈ। ਇਹ ਹਸਪਤਾਲ ਭਾਰਤ ਦੀ 10 ਫ਼ੀਸਦੀ ਆਬਾਦੀ ਦੀ ਜਾਂਚ ਦਾ ਬੋਝ ਹੀ ਚੁੱਕ ਸਕਦੇ ਹਨ। ਆਯੁਸ਼ਮਾਨ ਯੋਜਨਾ ਤਹਿਤ ਇਕ ਲੱਖ 63 ਸਿਹਤ ਕੇਂਦਰਾਂ ਵਿਚ 32 ਲੱਖ ਕੈਂਸਰ ਦੇ ਮਰੀਜ਼ਾਂ ਦੀ ਜਾਂਚ ਤਾਂ ਕੀਤੀ ਗਈ ਪਰ ਰਿਜ਼ਲਟ ਨੂੰ ਲੈ ਕੇ ਹਨੇਰਾ ਰੱਖਿਆ ਗਿਆ ਹੈ।

ਕੈਂਸਰ ਦੀਆਂ ਦਵਾਈਆਂ ਵੀ ਏਨੀਆਂ ਮਹਿੰਗੀਆਂ ਹਨ ਕਿ ਬੰਦੇ ਦਾ ਘਰ ਖ਼ਾਲੀ ਹੋ ਜਾਂਦਾ ਹੈ। ਕੈਂਸਰ ਦੇ ਮਰੀਜ਼ ਦੀ ਓਪੀਡੀ ਵਿਜ਼ਿਟ ਦਾ ਖ਼ਰਚਾ ਔਸਤਨ 8000 ਹੈ। ਭਰਤੀ ਹੋਣ ਦੀ ਸੂਰਤ ਵਿਚ 50 ਹਜ਼ਾਰ ਦੇ ਕਰੀਬ ਔਸਤ ਖ਼ਰਚਾ ਹੋ ਜਾਂਦਾ ਹੈ। ਇਸ ਵਿੱਚੋਂ 36% ਖ਼ਰਚਾ ਜਾਂਚ ਤੇ 45 ਪ੍ਰਤੀਸ਼ਤ ਦਵਾਈਆਂ ਉੱਤੇ ਆ ਜਾਂਦਾ ਹੈ। ਕਰੀਬ 20 ਫ਼ੀਸਦੀ ਖ਼ਰਚ ਵਿਚ ਡਾਕਟਰਾਂ ਦੀ ਫ਼ੀਸ ਸ਼ਾਮਲ ਹੈ। ਪੀਜੀਆਈ ਵੱਲੋਂ 12000 ਤੋਂ ਵੱਧ ਮਰੀਜ਼ਾਂ ਉੱਤੇ ਸਟੱਡੀ ਕਰਨ ਤੋਂ ਬਾਅਦ ਇਹ ਅੰਕੜੇ ਦੱਸੇ ਗਏ ਹਨ। ਜਿਊਂਦੇ ਰਹਿਣ ਲਈ ਮਹਿੰਗੇ ਭਾਅ ਦੀਆਂ ਦਵਾਈਆਂ ਚੋਣਾਂ ਵਿਚ ਦਸ ਗੁਣਾ ਮਹਿੰਗੀਆਂ ਮਿਲਦੀਆਂ ਹਨ। ਇਕ ਹੋਰ ਜਾਣਕਾਰੀ ਅਨੁਸਾਰ ਆਯੁਸ਼ਮਾਨ ਯੋਜਨਾ ਤਹਿਤ ਹੁਣ ਤੱਕ ਦੇਸ਼ ਭਰ ਵਿਚ ਸਿਰਫ਼ 29 ਲੱਖ ਲੋਕਾਂ ਦੀ 66 ਹਜ਼ਾਰ ਕਰੋੜ ਰੁਪਏ ਦੀ ਮਦਦ ਕੀਤੀ ਗਈ ਹੈ। ਇਸ ਵਿਚ ਸਿਰਫ਼ 10 ਤੋਂ 12 ਫ਼ੀਸਦੀ ਮਰੀਜ਼ ਹੀ ਕਵਰ ਹੋਏ ਹਨ।

ਹੈਲਥ ਮਨਿਸਟਰ ਕੈਂਸਰ ਪੇਸ਼ੈਂਟ ਫੰਡ ਤਹਿਤ ਲੋੜਵੰਦ ਮਰੀਜ਼ਾਂ ਨੂੰ 15 ਲੱਖ ਤੱਕ ਆਰਥਿਕ ਮਦਦ ਦੇਣ ਦਾ ਵਾਅਦਾ ਕੀਤਾ ਗਿਆ ਹੈ ਅਤੇ ਪਿਛਲੇ ਦੋ ਸਾਲਾਂ ਦੌਰਾਨ 267 ਕਰੋੜ ਰੁਪਏ ਦੀ ਗਰਾਂਟ ਜਾਰੀ ਕੀਤੀ ਗਈ ਹੈ।

ਉੱਤਰ ਪ੍ਰਦੇਸ਼ ਵਿਚ ਕੈਂਸਰ ਨਾਲ ਸਭ ਤੋਂ ਵੱਧ ਮੌਤਾਂ ਹੋ ਰਹੀਆਂ ਹਨ ਜਦਕਿ ਚੰਡੀਗੜ੍ਹ ਤੇ ਪੰਜਾਬ ਵਿਚ ਲਗਾਤਾਰ ਕੇਸ ਵਧ ਰਹੇ ਹਨ। ਇੱਥੇ ਇਹ ਦੱਸਣਾ ਜ਼ਰੂਰੀ ਹੋਵੇਗਾ ਕਿ ਪੰਜਾਬ ਅਤੇ ਚੰਡੀਗੜ੍ਹ ਨਾਲੋਂ ਉੱਤਰ ਪ੍ਰਦੇਸ਼ ਖੇਤਰਫਲ ਅਤੇ ਆਬਾਦੀ ਪੱਖੋਂ ਕਿਤੇ ਵੱਡਾ ਹੈ।

ਚੰਡੀਗੜ੍ਹ ਦੀ ਗੱਲ ਕਰੀਏ ਤਾਂ 2019 ਵਿਚ ਕੈਂਸਰ ਦੇ 994 ਕੇਸ ਮਿਲੇ ਸਨ ਜਿਹੜੇ ਕਿ 2022 ਵਿਚ ਵਧ ਕੇ 1088 ਹੋ ਗਏ। ਇਸੇ ਤਰ੍ਹਾਂ ਪੰਜਾਬ ਵਿਚ 2019 'ਚ ਕੈਂਸਰ ਦੇ 3744 ਕੇਸ ਸਾਹਮਣੇ ਆਏ ਸਨ ਅਤੇ 2022 ਵਿਚ ਇਹ ਗਿਣਤੀ ਵਧ ਕੇ 4435 ਹੋ ਗਈ ਸੀ। ਭਾਰਤ ਵਿਚ ਪੰਜ ਤਰ੍ਹਾਂ ਦਾ ਕੈਂਸਰ ਸਭ ਤੋਂ ਵਧੇਰੇ ਮਾਰ ਕਰ ਰਿਹਾ ਹੈ। ਕੈਂਸਰ ਦੇ ਮਰੀਜ਼ਾਂ ਵਿੱਚੋਂ 14 ਫ਼ੀਸਦੀ ਨੂੰ ਛਾਤੀ ਦਾ ਕੈਂਸਰ, 10 ਪ੍ਰਤੀਸ਼ਤ ਨੂੰ ਮੂੰਹ ਦਾ ਕੈਂਸਰ, 9 % ਨੂੰ ਬੱਚੇਦਾਨੀ ਦਾ ਕੈਂਸਰ, ਪੰਜ ਫ਼ੀਸਦੀ ਨੂੰ ਫੇਫੜਿਆਂ ਦਾ ਅਤੇ 6 ਪ੍ਰਤੀਸ਼ਤ ਨੂੰ ਭੋਜਨ ਦੀ ਨਾਲੀ ਦਾ ਕੈਂਸਰ ਦੱਸੇ ਜਾ ਰਹੇ ਹਨ। ਪਿਛਲੇ ਸਮੇਂ ਵਿਚ ਗਦੂਦਾਂ ਦੇ ਕੈਂਸਰ ਦਾ ਇਕਦਮ ਤੇਜ਼ੀ ਨਾਲ ਵਾਧਾ ਹੋਇਆ ਹੈ।

ਰਿਪੋਰਟ ਅਨੁਸਾਰ ਉੱਤਰ ਪ੍ਰਦੇਸ਼, ਮਹਾਰਾਸ਼ਟਰ, ਬੰਗਾਲ, ਬਿਹਾਰ ਅਤੇ ਤਾਮਿਲਨਾਡੂ ਵਿਚ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਸਭ ਤੋਂ ਵੱਧ ਹੈ। ਉੱਤਰ ਪ੍ਰਦੇਸ਼ ਵਿਚ ਪਿਛਲੇ 10 ਸਾਲਾਂ ਦੌਰਾਨ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਵਿਚ 47 ਫ਼ੀਸਦੀ ਦਾ ਵਾਧਾ ਹੋਇਆ ਹੈ ਜਦਕਿ ਮਹਾਰਾਸ਼ਟਰ ਵਿਚ ਇਹ ਪ੍ਰਤੀਸ਼ਤਤਾ 52% ਦੱਸੀ ਗਈ ਹੈ। ਪੱਛਮੀ ਬੰਗਾਲ ਵਿਚ 2013 ਤੋਂ ਬਾਅਦ 2023 ਤੱਕ ਕੈਂਸਰ ਨਾਲ ਮਰਨ ਵਾਲਿਆਂ ਦੀ ਗਿਣਤੀ ਵਿਚ 73 ਫ਼ੀਸਦੀ, ਬਿਹਾਰ ਵਿਚ 45 ਫ਼ੀਸਦੀ ਅਤੇ ਤਾਮਿਲਨਾਡੂ ਵਿਚ 83 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਪਹਿਲੀ ਨਜ਼ਰੇ ਇਨ੍ਹਾਂ ਅੰਕੜਿਆਂ ਉੱਤੇ ਵਿਸ਼ਵਾਸ ਨਹੀਂ ਆਉਂਦਾ ਪਰ ਇਹ ਇਕ ਕੌੜਾ ਸੱਚ ਹੈ।

ਪੰਜਾਬ ਦਾ ਨਾਂ ਇਨ੍ਹਾਂ ਸੂਬਿਆਂ ਵਿਚ ਇਸ ਕਰਕੇ ਸ਼ੁਮਾਰ ਕੀਤਾ ਗਿਆ ਹੈ ਕਿਉਂਕਿ ਇਹ ਖੇਤਰਫਲ ਅਤੇ ਆਬਾਦੀ ਪੱਖੋਂ ਇਨ੍ਹਾਂ ਸੂਬਿਆਂ ਨਾਲੋਂ ਕਿਤੇ ਛੋਟਾ ਹੈ। ਇਕ ਹੋਰ ਜਾਣਕਾਰੀ ਅਨੁਸਾਰ ਕੇਵਲ 30 ਫ਼ੀਸਦੀ ਮਰੀਜ਼ਾਂ ਨੂੰ ਸਰਕਾਰੀ ਇਲਾਜ ਦੀ ਸਹੂਲਤ ਮਿਲ ਰਹੀ ਹੈ ਜਦਕਿ 70 ਪ੍ਰਤੀਸ਼ਤ ਆਪਣੀ ਕਿਸਮਤ ਪ੍ਰਾਈਵੇਟ ਹਸਪਤਾਲਾਂ ਦੇ ਭਰੋਸੇ ਛੱਡ ਦਿੰਦੇ ਹਨ। ਇੱਥੇ ਇਹ ਦੱਸਣਾ ਜ਼ਰੂਰੀ ਹੋਵੇਗਾ ਕਿ ਸਰਕਾਰੀ ਹਸਪਤਾਲਾਂ ਵਿਚ ਜਿਹੜਾ ਟੈਸਟ 10 ਰੁਪਏ ਦਾ ਹੁੰਦਾ ਹੈ, ਪ੍ਰਾਈਵੇਟ ਹਸਪਤਾਲ ਉਸੇ ਟੈਸਟ ਦੇ ਢਾਈ ਗੁਣਾ ਪੈਸੇ ਵਸੂਲ ਕਰਦੇ ਹਨ। ਇਕ ਹੋਰ ਮਹੱਤਵਪੂਰਨ ਟੈਸਟ ਜਿਸ ਨੂੰ ਬੇਓਪਸੀ ਦਾ ਨਾਂ ਦਿੱਤਾ ਗਿਆ ਹੈ, ਸਰਕਾਰੀ ਹਸਪਤਾਲਾਂ ਵਿਚ ਇਸ ਦੀ ਕੀਮਤ 25000 ਰੁਪਏ ਹੈ ਜਦਕਿ ਪ੍ਰਾਈਵੇਟ ਹਸਪਤਾਲ ਢਾਈ ਲੱਖ ਰੁਪਏ ਵਸੂਲ ਰਹੇ ਹਨ।

ਦਿੱਲੀ ਦੇ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ ਹਸਪਤਾਲ ਵਿਚ ਇਹ ਟੈਸਟ ਕਰਾਉਣ ਲਈ ਢਾਈ ਮਹੀਨੇ ਦੀ ਉਡੀਕ ਕਰਨੀ ਪੈਂਦੀ ਹੈ। ਇਕ ਹੋਰ ਕੌੜਾ ਸੱਚ ਇਹ ਵੀ ਹੈ ਕਿ ਕੈਂਸਰ ਦਾ ਪਤਾ ਪਹਿਲੀ ਸਟੇਜ ਉੱਤੇ ਨਹੀਂ ਲੱਗਦਾ ਹੈ। ਇਸੇ ਕਰਕੇ ਜ਼ਿਆਦਾਤਰ ਮਰੀਜ਼ ਡਾਕਟਰਾਂ ਦੇ ਹੱਥੋਂ ਤਿਲਕ ਜਾਂਦੇ ਹਨ।

ਪੀਜੀਆਈ ਦੇ ਇਕ ਡਾਕਟਰ ਦਾ ਕਹਿਣਾ ਹੈ ਕਿ ਕੈਂਸਰ ਇਕ ਇਹੋ ਜਿਹੀ ਬਿਮਾਰੀ ਹੈ ਕਿ ਜਦੋਂ ਬੰਦੇ ਦੇ ਬੈਂਕ ਵਿਚਲੇ ਖਾਤੇ ਖ਼ਾਲੀ ਹੋ ਜਾਂਦੇ ਹਨ ਅਤੇ ਘਰ-ਬਾਰ ਵਿਕ ਜਾਂਦਾ ਹੈ, ਉਦੋਂ ਵੀ ਮਰੀਜ਼ ਨਹੀਂ ਬਚਦਾ ਹੈ। ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਰਾਹਤ ਫੰਡ ਰਾਹੀਂ ਕੈਂਸਰ ਦੇ ਮਰੀਜ਼ਾਂ ਨੂੰ ਡੇਢ ਲੱਖ ਦੀ ਮਦਦ ਦਿੱਤੀ ਜਾਂਦੀ ਹੈ। ਇਕ ਤਾਂ ਇਹ ਰਕਮ ਹੈ ਬੜੀ ਨਿਗੂਣੀ ਜਿਹੀ, ਉਪਰੋਂ ਪੈਸਾ ਮਰੀਜ਼ ਦੇ ਹੱਥਾਂ ਵਿਚ ਪਹੁੰਚਣ ਤੋਂ ਪਹਿਲਾਂ ਹੀ ਉਹ ਦਮ ਤੋੜ ਜਾਂਦਾ ਹੈ। ਸਰਕਾਰ ਨੇ ਕਈ ਪ੍ਰਾਈਵੇਟ ਹਸਪਤਾਲਾਂ ਨੂੰ ਪੈਨਲ 'ਤੇ ਲਿਆ ਕੇ ਕੇਂਦਰ ਸਰਕਾਰ ਦੇ ਰੇਟਾਂ ਉੱਤੇ ਇਲਾਜ ਕਰਨ ਦਾ ਇਕਰਾਰਨਾਮਾ ਕੀਤਾ ਹੈ ਪਰ ਇਨ੍ਹਾਂ ਵਿੱਚੋਂ ਜ਼ਿਆਦਾਤਰ ਹਸਪਤਾਲ ਆਪਣੀ ਮਰਜ਼ੀ ਦੀ ਰਕਮ ਵਸੂਲ ਰਹੇ ਹਨ।

ਪੰਜਾਬ ਸਰਕਾਰ ਨੂੰ ਇਸ ਪਾਸੇ ਪਹਿਲ ਦੇ ਆਧਾਰ 'ਤੇ ਧਿਆਨ ਦੇਣ ਦੀ ਲੋੜ ਹੈ। ਮੀਡੀਆ ਰਿਪੋਰਟਾਂ ਤਾਂ ਇਹ ਵੀ ਹਨ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਨੂੰ ਕੈਂਸਰ ਦੇ ਇਲਾਜ ਲਈ ਭੇਜੀ ਕਰੋੜਾਂ ਦੀ ਗਰਾਂਟ ਅਣਵਰਤੀ ਪਈ ਰਹਿ ਗਈ ਹੈ। ਸਰਕਾਰ ਨੂੰ ਪਹਿਲ ਦੇ ਆਧਾਰ 'ਤੇ ਮਰੀਜ਼ਾਂ ਦੀ ਦੇਖਭਾਲ ਲਈ ਬੁਨਿਆਦੀ ਢਾਂਚੇ ਅਤੇ ਹਸਪਤਾਲਾਂ ਦੀ ਗਿਣਤੀ ਵਿਚ ਵਾਧਾ ਕਰਨਾ ਚਾਹੀਦਾ ਹੈ। ਦਵਾਈਆਂ ਦੀਆਂ ਕੀਮਤਾਂ ਅਤੇ ਟੈਸਟਾਂ ਦੇ ਭਾਅ ਨੂੰ ਕੰਟਰੋਲ ਕਰਨ ਦੀ ਲੋੜ ਹੈ।

# ਵਪਾਰ ਮੰਡਲ ਦੇ ਪ੍ਰਧਾਨ ਨੇ ਕੀਤਾ ਜਰਨਲਿਸਟ ਐਸੋਸੀਏਸ਼ਨ ਧਨੌਲਾ ਦਾ ਕੀਤਾ ਵਿਸੇਸ ਤੌਰ 'ਤੇ ਸਨਮਾਨ



ਧਨੌਲਾ ਮੰਡੀ, (ਸੰਜੀਵ ਗਰਗ ਕਾਲੀ) ਵਪਾਰ ਮੰਡਲ ਧਨੌਲਾ ਦੇ ਪ੍ਰਧਾਨ ਰਮਨ ਵਰਮਾ ਤੇ ਗਊਸ਼ਾਲਾ ਸਿਵਰ ਕਮੇਟੀ ਵੱਲੋਂ ਜਰਨਲਿਸਟ ਐਸੋਸੀਏਸ਼ਨ ਧਨੌਲਾ ਦੇ ਅਹੁਦੇਦਾਰਾਂ ਤੇ ਸਮੂਹ ਮੈਂਬਰਾਂ ਵਿਸੇਸ ਤੌਰ ਤੇ ਸਨਮਾਨ ਕੀਤਾ ਗਿਆ। ਇਸ ਸਮੇਂ ਜਰਨਲਿਸਟ ਐਸੋਸੀਏਸ਼ਨ ਧਨੌਲਾ ਦੇ ਚੇਅਰਮੈਨ ਕਰਮਜੀਤ ਸਿੰਘ ਸਾਗਰ, ਪ੍ਰਧਾਨ ਚਮਕੌਰ ਸਿੰਘ ਗੱਗੀ, ਸਕੱਤਰ ਡਾ ਸਨੀ ਦਿਓੜਾ, ਖ਼ਜਾਨਚੀ ਸੰਜੀਵ ਗਰਗ ਕਾਲੀ, ਰਾਕੇਸ ਗਰਗ ਮਾੜੀ, ਸੇਖਰ ਗਰਗ, ਡਾਕਟਰ ਸਰਾਜ ਘਨੌਰ, ਹਰਦੀਪ ਸਿੰਘ ਹੈਰੀ, ਅਮਨਦੀਪ ਸਿੰਘ ਚੀਮਾ, ਮਿੰਠੂ ਖਾਂ, ਅਮਨਦੀਪ ਸਿੰਘ ਸਦਿਓੜਾ ਆਦਿ ਮੌਜੂਦ ਸਨ। ਰਮਨ ਕੁਮਾਰ ਵਰਮਾ ਨੇ ਕਿਹਾ ਕਿ ਇੱਕ ਪ੍ਰੈਸ ਹੀ ਹੈ ਜੋ ਕਿ ਸਾਡੀ ਆਵਾਜ ਦੁਨੀਆਂ ਤੱਕ ਪਹੁੰਚਾਉਂਦੀ ਹੈ ਸਾਡੇ ਕੀਤੇ ਕੰਮਾਂ ਨੂੰ ਨਹੀਂ ਕੋਈ ਨਹੀਂ ਜਾਣਦਾ ਇਹਨਾਂ ਦੀ ਸਹਾਇਤਾ ਨਾਲ ਸਾਡੀ ਕੀਤੀ ਮਿਹਨਤ ਦੂਰ ਤੱਕ ਬੈਠੇ ਲੋਕਾਂ ਕੋਲ ਪਹੁੰਚ ਜਾਂਦੀ ਹੈ, ਇਸ ਮੌਕੇ ਗਗਨ ਵਰਮਾ, ਨੇਸੀ, ਪਵਨ ਸਿੰਗਲਾ, ਬਿੱਟੂ, ਰਿੰਕੂ, ਬੱਬੂ, ਦਾਨੀਆ, ਮੈਂਬਰ ਮੌਜੂਦ ਸਨ।

# ਕੁਦਰਤ ਨਾਲ ਖਿਲਵਾੜ ਦਾ ਸਿੱਟਾ

ਕੇਰਲ ਦੇ ਵਾਇਨਾਡ ਤੋਂ ਬਾਅਦ ਹੁਣ ਪੰਜਾਬ ਦੇ ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ਵਿਚ ਹੜ੍ਹ ਵਰਗੇ ਹਾਲਾਤ ਬਣ ਗਏ ਹਨ। ਹਿਮਾਚਲ 'ਚ 4 ਥਾਵਾਂ 'ਤੇ ਬੱਦਲ ਫਟੇ ਹਨ ਜਿਸ ਕਾਰਨ 50 ਲੋਕ ਲਾਪਤਾ ਹਨ ਜਦਕਿ 2 ਦੀ ਮੌਤ ਹੋ ਚੁੱਕੀ ਹੈ। ਸ਼ਿਮਲਾ ਦੇ ਰਾਮਪੁਰ 'ਚ ਭਾਰੀ ਤਬਾਹੀ ਹੋਈ ਹੈ। ਵਾਇਨਾਡ 'ਚ ਮੌਤਾਂ ਦਾ ਅੰਕੜਾ 178 ਤੱਕ ਪਹੁੰਚ ਗਿਆ ਅਤੇ 98 ਜਣੇ ਅਜੇ ਵੀ ਲਾਪਤਾ ਹਨ। ਕੇਰਲ ਵਿਚ ਸੀਪੀਐੱਮ ਦੀ ਅਗਵਾਈ 'ਚ ਖੱਬੇ-ਪੱਖੀ ਗੱਠਜੋੜ ਦੀ ਸਰਕਾਰ ਹੈ ਤੇ ਵਾਇਨਾਡ ਕਾਂਗਰਸੀ ਆਗੂ ਰਾਹੁਲ ਗਾਂਧੀ ਦੀ ਸੰਸਦੀ ਸੀਟ ਹੈ।

ਵਾਇਨਾਡ ਦੁਰਘਟਨਾ ਨੂੰ ਲੈ ਕੇ ਰਾਸ਼ਟਰੀ ਪੱਧਰ 'ਤੇ ਵੱਖ-ਵੱਖ ਸਿਆਸੀ ਪਾਰਟੀਆਂ ਆਪਸ 'ਚ ਉਲਝੀਆਂ ਪਈਆਂ ਹਨ। ਇਸ ਦੇ ਨਾਲ ਹੀ ਦਿੱਲੀ ਤੇ ਇਸ ਦੇ ਨੇੜੇ-ਤੇੜੇ ਦੇ ਇਲਾਕਿਆਂ 'ਚ ਵੀ ਭਾਰੀ ਬਾਰਿਸ਼ ਹੋ ਰਹੀ ਹੈ। ਦਿੱਲੀ ਹਵਾਈ ਅੱਡੇ 'ਤੇ ਉਤਰਨ ਵਾਲੀਆਂ 10 ਉਡਾਣਾਂ ਨੂੰ ਦੂਜੇ ਹਵਾਈ ਅੱਡਿਆਂ ਵੱਲ ਮੋੜਨਾ ਪਿਆ ਤੇ ਸਾਰੇ ਵਿੱਦਿਅਕ ਅਦਾਰਿਆਂ 'ਚ ਛੁੱਟੀ ਕਰ ਦਿੱਤੀ ਗਈ। ਬੁੱਧਵਾਰ ਸ਼ਾਮ ਨੂੰ ਹੋਈ ਬਾਰਿਸ਼ ਦਿੱਲੀ-ਐੱਨਸੀਆਰ ਵਿਚ ਇਸ ਮੌਸਮ ਦੀ ਸਭ ਤੋਂ ਵੱਧ ਬਾਰਿਸ਼ ਸੀ ਜਿਸ ਕਾਰਨ ਵੱਖ-ਵੱਖ



ਥਾਵਾਂ 'ਤੇ 9 ਮੌਤਾਂ ਹੋ ਗਈਆਂ।

ਸ਼ਹਿਰ ਦਾ ਵੱਡਾ ਹਿੱਸਾ ਪਾਣੀ 'ਚ ਡੁੱਬ ਗਿਆ ਹੈ। ਨਵੇਂ ਸੰਸਦ ਭਵਨ ਕੰਪਲੈਕਸ 'ਚ ਵੀ ਪਾਣੀ ਭਰ ਗਿਆ। ਇਸ ਨੂੰ ਲੈ ਕੇ ਵਿਰੋਧੀ ਪਾਰਟੀਆਂ ਨੇ ਸਰਕਾਰ ਨੂੰ ਨਿਸ਼ਾਨੇ 'ਤੇ ਲੈ ਲਿਆ। ਇਸ ਹਫ਼ਤੇ ਪਹਾੜੀ ਇਲਾਕਿਆਂ ਵਿਚ ਬੱਦਲ ਫਟਣ ਦੀਆਂ ਘਟਨਾਵਾਂ 'ਚ 220 ਲੋਕ ਲਾਪਤਾ ਹੋ ਗਏ। ਰਾਹਤ ਤੇ ਬਚਾਅ ਕਾਰਜ ਜਾਰੀ ਹਨ। ਮੌਨਸੂਨ ਦੌਰਾਨ ਹਰ ਸਾਲ ਉੱਤਰੀ ਭਾਰਤ ਦੇ ਪਹਾੜੀ ਇਲਾਕਿਆਂ 'ਚ ਬੱਦਲ ਫਟਣ ਦੀਆਂ ਘਟਨਾਵਾਂ ਵਾਪਰਦੀਆਂ ਹਨ ਤੇ ਉੱਤਰੀ ਭਾਰਤ ਦੇ ਗਰਮ ਇਲਾਕਿਆਂ ਤੋਂ ਪਹਾੜਾਂ 'ਚ ਸੈਰ ਕਰਨ ਗਏ ਯਾਤਰੀ ਤੇ ਸਥਾਨਕ ਲੋਕ ਹਾਦਸਿਆਂ ਦੇ ਸ਼ਿਕਾਰ ਹੁੰਦੇ ਹਨ।

ਉੱਤਰੀ ਭਾਰਤ ਨੂੰ ਪਿਛਲੇ ਹਫ਼ਤੇ ਤੱਕ ਬਾਰਿਸ਼ ਦੀ ਘਾਟ ਪਰੇਸ਼ਾਨ ਕਰ ਰਹੀ ਸੀ ਤੇ ਹੁਣ ਹੜ੍ਹਾਂ ਵਰਗੇ ਹਾਲਾਤ ਬਣੇ ਹੋਏ ਹਨ। ਇਸ ਵਿਚਾਲੇ ਪੰਜਾਬ ਦੇ ਵੀ ਕਈ ਇਲਾਕਿਆਂ ਵਿਚ ਭਾਰੀ ਮੀਂਹ ਪੈਣ ਦੀਆਂ ਖ਼ਬਰਾਂ ਹਨ ਪਰ ਹਾਲੇ ਤੱਕ ਕੋਈ ਅਲਰਟ ਜਾਰੀ ਨਹੀਂ ਕੀਤਾ ਗਿਆ।

ਹਾਲਾਂਕਿ ਇਸ ਸਾਲ ਗਰਮੀ ਦੇ ਮੌਸਮ ਵਿਚ ਪਿਛਲੇ ਸਾਲਾਂ ਦੇ ਮੁਕਾਬਲੇ ਕਾਫ਼ੀ ਘੱਟ ਬਾਰਿਸ਼ ਹੋਈ ਹੈ। ਪੰਜਾਬ ਦੀ ਔਸਤ ਸਾਲਾਨਾ ਬਾਰਿਸ਼ 650 ਮਿਲੀਮੀਟਰ ਹੈ ਜਿਸ 'ਚੋਂ 450 ਤੋਂ 480 ਮਿਲੀਮੀਟਰ ਜੂਨ ਤੋਂ ਸਤੰਬਰ ਤੱਕ ਹੁੰਦੀ ਹੈ। ਪੰਜਾਬ 'ਚ 1 ਤੋਂ 22 ਜੂਨ ਤੱਕ 31.9 ਮਿਲੀਮੀਟਰ ਬਾਰਿਸ਼ ਹੋਣੀ ਚਾਹੀਦੀ ਸੀ ਪਰ ਇਸ ਸਮੇਂ 'ਚ ਸਿਰਫ਼ 8.8 ਮਿਲੀਮੀਟਰ ਬਾਰਿਸ਼ ਹੀ ਪਈ। ਇਸੇ ਤਰ੍ਹਾਂ ਜੁਲਾਈ 'ਚ ਵੀ ਆਮ ਨਾਲੋਂ 44 ਫ਼ੀਸਦ ਘੱਟ ਮੀਂਹ ਪਿਆ। ਜੁਲਾਈ 'ਚ 161.4 ਐੱਮਐੱਮ ਦੇ ਮੁਕਾਬਲੇ ਸਿਰਫ਼ 89।6 ਐੱਮਐੱਮ ਮੀਂਹ ਪਿਆ। ਇਸ ਤੋਂ ਪਹਿਲਾਂ 2021 'ਚ ਆਮ ਨਾਲੋਂ 1.4 ਫ਼ੀਸਦ ਮੀਂਹ ਘੱਟ ਪਿਆ ਸੀ। ਦਰਅਸਲ, ਮੌਨਸੂਨ 'ਚ ਪਹਿਲਾਂ ਪੱਛਮੀ ਗੜਬੜੀਆਂ ਨਹੀਂ ਦੇਖੀਆਂ ਜਾਂਦੀਆਂ ਸਨ ਪਰ ਹੁਣ ਇਹ ਕੁਝ ਸਭ ਹੋ ਰਿਹਾ ਹੈ।

ਇਹ ਸਭ ਮੌਸਮ ਵਿਗਿਆਨੀਆਂ ਲਈ ਵੀ ਹੈਰਾਨ ਕਰਨ ਵਾਲਾ ਹੈ। ਹੌਲੀ-ਹੌਲੀ ਸਪਸ਼ਟ ਹੋ ਰਿਹਾ ਹੈ ਕਿ ਇਹ ਸਭ ਆਲਮੀ ਪੱਧਰ 'ਤੇ ਪੌਣ-ਪਾਣੀ ਤਬਦੀਲੀਆਂ ਕਾਰਨ ਵਾਪਰ ਰਿਹਾ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਪੌਣ-ਪਾਣੀ ਤਬਦੀਲੀਆਂ ਕਿਉਂ ਹੋ ਰਹੀਆਂ ਹਨ? ਜੇ ਬਹੁਤ ਹੀ ਸਾਧਾਰਨ ਸ਼ਬਦਾਂ 'ਚ ਕਹਿਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਇਹ ਸਭ ਮਨੁੱਖ ਦੇ ਲਾਲਚ ਕਾਰਨ ਹੀ ਹੋ ਰਿਹਾ ਹੈ। ਕੁਦਰਤ ਨਾਲ ਖਿਲਵਾੜ ਮਨੁੱਖ ਨੂੰ ਇਕ ਦਿਨ ਬਹੁਤ ਮਹਿੰਗਾ ਪੈ ਜਾਵੇਗਾ।

# ਵਿਦੇਸ਼ਾਂ 'ਚ ਭਾਰਤੀਆਂ ਦੀ ਵਧਦੀ ਦਿਲਚਸਪੀ

ਪੂਰੀ ਦੁਨੀਆ ਦੀਆਂ ਨਜ਼ਰਾਂ ਇਸ ਸਮੇਂ ਅਮਰੀਕੀ ਰਾਸ਼ਟਰਪਤੀ ਚੋਣਾਂ 'ਤੇ ਲੱਗੀਆਂ ਹੋਈਆਂ ਹਨ। ਇਸ ਵਾਰ ਦੀਆਂ ਚੋਣਾਂ ਦੇ ਨਾਲ ਭਾਰਤੀ ਕੜੀਆਂ ਦਾ ਦੁਰਲਭ ਸੰਯੋਗ ਜੁੜਿਆ ਹੈ। ਵਰਤਮਾਨ ਉਪ-ਰਾਸ਼ਟਰਪਤੀ ਕਮਲਾ ਹੈਰਿਸ ਜਿੱਥੇ ਡੈਮੋਕ੍ਰੈਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਬਣਨ ਦੇ ਕਰੀਬ ਹੈ, ਓਥੇ ਹੀ ਰਿਪਬਲਿਕਨ ਪਾਰਟੀ ਨੇ ਜਿਸ ਜੇਡੀ ਵੇਂਸ ਨੂੰ ਉਪ-ਰਾਸ਼ਟਰਪਤੀ ਅਹੁਦੇ ਦਾ ਉਮੀਦਵਾਰ ਬਣਾਇਆ ਹੈ, ਉਸ ਦੀ ਪਤਨੀ ਊਸ਼ਾ ਵੇਂਸ ਦੀਆਂ ਜੜ੍ਹਾਂ ਭਾਰਤ ਨਾਲ ਜੁੜੀਆਂ ਹਨ।

ਹੈਰਿਸ ਤੇ ਊਸ਼ਾ ਦੋਵੇਂ ਹੀ ਦੂਜੀ ਪੀੜ੍ਹੀ ਦੇ ਅਮਰੀਕਨ ਹਨ। ਵੇਂਸ ਦੇ ਆਪਣੇ ਸਹੁਰਿਆਂ ਨਾਲ ਬਹੁਤ ਨਿੱਘੇ ਸਬੰਧ ਹਨ ਤਾਂ ਸੁਭਾਵਿਕ ਤੌਰ 'ਤੇ ਊਸ਼ਾ ਆਪਣੇ ਪਤੀ ਦੀ ਮੁਹਿੰਮ ਵਿਚ ਅਹਿਮ ਭੂਮਿਕਾ ਨਿਭਾਵੇਗੀ।

ਹੈਰਿਸ ਸਿੱਧੇ ਅਤੇ ਊਸ਼ਾ ਅਸਿੱਧੇ ਤੌਰ 'ਤੇ ਭਾਰਤੀ ਮੂਲ ਦੇ ਉਨ੍ਹਾਂ ਲੋਕਾਂ ਦੀ ਸੂਚੀ ਦਾ ਇਕ ਹਿੱਸਾ ਬਣ ਗਈਆਂ ਹਨ ਜੋ ਪੱਛਮੀ ਦੇਸ਼ਾਂ ਵਿਚ ਉੱਚ ਰਾਜਨੀਤਕ ਅਹੁਦਿਆਂ 'ਤੇ ਆਪਣੀ ਹੋਂਦ ਦਰਜ ਕਰਵਾ ਰਹੇ ਹਨ। ਭਾਰਤੀ ਮੂਲ ਦੇ ਲੋਕਾਂ ਨੇ ਅਣਥੱਕ ਮਿਹਨਤ-ਮੁਸ਼ੱਕਤ ਕਰ ਕੇ ਸੱਤ ਸਮੁੰਦਰ ਪਾਰ ਦੇ ਦੇਸ਼ਾਂ ਵਿਚ ਆਪਣੀ ਧਾਂਕ ਜਮਾਈ ਹੈ। ਕਈ ਦੇਸ਼ਾਂ ਵਿਚ ਉਹ ਸੱਤਾ ਵਿਚ ਸ਼ਰੀਕ ਹਨ। ਇਸ ਦੇ ਬਾਵਜੂਦ ਉਹ ਆਪਣੀ ਮਿੱਟੀ ਦਾ ਮੋਹ ਕਦੇ ਨਹੀਂ ਭੁੱਲੇ। ਇਹ ਸੂਚੀ ਬਹੁਤ ਲੰਬੀ ਹੈ। ਭਾਰਤੀ ਮੂਲ ਦੇ ਰਿਸ਼ੀ ਸੁਨਕ ਕੁਝ ਸਮਾਂ ਪਹਿਲਾਂ ਤੱਕ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਹੇ। ਉਨ੍ਹਾਂ ਦੀ ਪਤਨੀ ਅਕਸ਼ਤਾ ਮੂਰਤੀ ਵੀ ਭਾਰਤੀ ਮੂਲ ਦੀ ਹੈ ਜੋ ਦਿੱਗਜ ਸਨਅਤਕਾਰ ਐੱਨਆਰ ਨਾਰਾਇਣਮੂਰਤੀ ਦੀ ਬੇਟੀ ਹੈ। ਰਿਸ਼ੀ ਤੇ ਅਕਸ਼ਤਾ ਨੇ ਹਿੰਦੂ ਧਰਮ ਵਿਚ ਆਪਣੀ ਆਸਥਾ ਕਦੇ ਵੀ ਨਹੀਂ ਛੁਪਾਈ। ਆਇਰਲੈਂਡ ਤੇ ਪੁਰਤਗਾਲ ਦੀ ਕਮਾਨ ਵੀ ਅਜਿਹੇ ਨੇਤਾ ਸੰਭਾਲ ਚੁੱਕੇ ਹਨ ਜਿਨ੍ਹਾਂ ਦੀਆਂ ਜੜ੍ਹਾਂ ਅੰਸ਼ਿਕ ਤੌਰ 'ਤੇ ਭਾਰਤੀ ਮੂਲ ਦੀਆਂ ਰਹੀਆਂ ਹਨ। ਆਇਰਲੈਂਡ ਦੇ ਸਾਬਕਾ ਪ੍ਰਧਾਨ ਮੰਤਰੀ ਲਿਓ ਵਰਾਡਕਰ ਦਾ ਪਿਤਾ ਭਾਰਤੀ ਜਦਕਿ ਪੁਰਤਗਾਲ ਦੇ ਸਾਬਕਾ ਪ੍ਰਧਾਨ ਮੰਤਰੀ ਐਂਟੋਨੀਓ ਕੋਸਟਾ ਦਾ ਪਿਤਾ ਅੰਸ਼ਿਕ ਤੌਰ 'ਤੇ ਭਾਰਤੀ ਸਨ।

ਭਾਰਤੀ ਮੂਲ ਦੇ ਲੋਕ ਕੈਨੇਡਾ ਦੀ ਸਿਆਸਤ 'ਤੇ ਵੀ ਆਪਣੀ ਛਾਪ ਛੱਡ ਰਹੇ ਹਨ। ਇਸ ਤੋਂ ਇਲਾਵਾ ਮਾਰੀਸ਼ਸ, ਗੁਆਨਾ, ਫਿਜੀ ਅਤੇ ਤ੍ਰਿਨੀਦਾਦ ਐਂਡ ਟੋਬੈਗੋ ਵਿਚ ਭਾਰਤੀ ਮੂਲ ਦੇ ਲੋਕ ਸਰਕਾਰਾਂ ਦੀ ਅਗਵਾਈ ਕਰ ਚੁੱਕੇ ਹਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਨੇਤਾ ਭਾਰਤ ਨਾਲ ਆਪਣੇ ਰਿਸ਼ਤੇ ਜੁੜੇ ਹੋਣਾ ਮਹਿਸੂਸ ਕਰਦੇ ਹਨ ਪਰ ਇਹ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਇਨ੍ਹਾਂ ਦੀ ਸਰਬਉੱਚ ਤਰਜੀਹ ਆਪਣੇ ਰਾਸ਼ਟਰ ਦੇ ਹਿੱਤਾਂ ਦੀ ਪੂਰਤੀ ਨਾਲ ਜੁੜੀ ਹੋਈ ਹੈ। ਹਾਲ ਹੀ ਵਿਚ ਸੁਨਕ ਦੇ ਮਾਮਲੇ ਵਿਚ ਇਹ ਸਪਸ਼ਟ ਤੌਰ 'ਤੇ ਦੇਖਣ ਨੂੰ ਮਿਲਿਆ।

ਉਨ੍ਹਾਂ ਦੇ ਕਾਰਜਕਾਲ ਦੌਰਾਨ ਨਾ ਤਾਂ ਮੁਕਤ ਵਪਾਰ ਸਮਝੌਤੇ ਨੂੰ ਲੈ ਕੇ ਗੱਲ ਅੱਗੇ ਵਧ ਸਕੀ ਅਤੇ ਨਾ ਹੀ ਵਿਜੈ ਮਾਲੀਆ ਵਰਗੇ ਭਗੌੜੇ ਦੀ ਹਵਾਲਗੀ 'ਤੇ ਸਹਿਮਤੀ ਬਣੀ। ਇੰਨਾ ਹੀ ਨਹੀਂ, ਭਾਰਤ ਵਿਰੋਧੀ ਅਨਸਰਾਂ ਨੂੰ ਨੱਥ ਪਾਉਣ ਵਿਚ ਵੀ ਉਨ੍ਹਾਂ ਦੀ ਸਰਕਾਰ ਨਾਕਾਮ ਰਹੀ। ਇਹ ਦਰਸਾਉਂਦਾ ਹੈ ਕਿ ਰਾਜਨੀਤਕ ਖੇਤਰ ਵਿਚ ਅਜਿਹੇ ਲੋਕਾਂ ਦੇ ਉੱਭਰਨ 'ਤੇ ਭਾਰਤ ਦੇ ਕੁਝ ਵਰਗਾਂ ਵਿਚ ਜਿਸ ਤਰ੍ਹਾਂ ਦਾ ਉਤਸ਼ਾਹ ਅਤੇ ਖਲੂਸ ਦਾ ਭਾਵ ਦਿਸਦਾ ਹੈ, ਉਹ ਭਾਰਤ ਲਈ ਕਿਸੇ ਤਰ੍ਹਾਂ ਦੇ ਰਾਜਨੀਤਕ ਜਾਂ ਕੂਟਨੀਤਕ ਲਾਭ ਵਿਚ ਤਬਦੀਲ ਨਹੀਂ ਹੋ ਪਾਉਂਦਾ। ਹਾਲਾਤ ਇਹੀ ਕਹਿੰਦੇ ਹਨ ਕਿ

**ਵਿਵੇਕ ਕਾਟਜੂ**

ਵਿਦੇਸ਼ ਵਿਚ ਰਹਿਣ ਵਾਲੇ ਭਾਰਤੀਆਂ ਨੂੰ ਲੈ ਕੇ ਸਪਸ਼ਟ ਦ੍ਰਿਸ਼ਟੀਕੋਣ ਜ਼ਰੂਰੀ ਹੈ। ਇਸ ਮਕਸਦ ਦੀ ਪੂਰਤੀ ਲਈ ਸਾਨੂੰ ਭਾਰਤੀ ਮੂਲ ਦੇ ਲੋਕਾਂ ਯਾਨੀ ਪੀਆਈਓ ਅਤੇ ਪਰਵਾਸੀ ਭਾਰਤੀਆਂ ਅਰਥਾਤ ਐੱਨਆਰਆਈ ਵਿਚਾਲੇ ਫ਼ਰਕ ਨੂੰ ਸਮਝਣਾ ਹੋਵੇਗਾ। ਇਨ੍ਹਾਂ 'ਚੋਂ ਐੱਨਆਰਆਈ ਤਾਂ ਪੂਰੀ ਤਰ੍ਹਾਂ



ਨਾਲ ਭਾਰਤੀ ਹਨ ਅਤੇ ਉਨ੍ਹਾਂ ਦੇ ਹਿੱਤਾਂ ਦੀ ਰੱਖਿਆ ਅਤੇ ਭਲਾਈ ਦਾ ਪੂਰਾ ਦਾਰੋਮਦਾਰ ਸਰਕਾਰ ਦਾ ਹੈ ਜਦਕਿ ਪੀਆਈਓ ਵਿਦੇਸ਼ੀ ਹਨ ਜਿਨ੍ਹਾਂ ਨੂੰ ਭਾਰਤ ਦੇ ਇਕ ਤਰ੍ਹਾਂ ਨਾਲ 'ਅਣ-ਐਲਾਨੇ ਨਾਗਰਿਕ' ਦੇ ਤੌਰ 'ਤੇ ਓਸੀਆਈ ਕਾਰਡਧਾਰਕ ਦੇ ਰੂਪ ਵਿਚ ਗਿਣਿਆ ਜਾਂਦਾ ਹੈ। ਇਸ ਨਾਲ ਕਈ ਵਾਰ ਭਰਮ ਦੀ ਸਥਿਤੀ ਬਣ ਜਾਂਦੀ ਹੈ। ਭਾਰਤੀ ਸੰਵਿਧਾਨ ਦੋਹਰੀ ਰਾਸ਼ਟਰੀਅਤਾ ਨੂੰ ਮਾਨਤਾ ਨਹੀਂ ਦਿੰਦਾ।

ਇਸ ਲਈ, ਜਦ ਕੋਈ ਭਾਰਤੀ ਕਿਸੇ ਹੋਰ ਦੇਸ਼ ਦਾ ਨਾਗਰਿਕ ਬਣ ਜਾਂਦਾ ਹੈ ਤਾਂ ਉਸ ਦੀ ਭਾਰਤੀ ਨਾਗਰਿਕਤਾ ਆਪਣੇ-ਆਪ ਖ਼ਤਮ ਹੋ ਜਾਂਦੀ ਹੈ। ਇਸ ਲਈ ਓਸੀਆਈ ਕਾਰਡਧਾਰਕਾਂ ਕੋਲ ਕੋਈ ਰਾਜਨੀਤਕ ਅਧਿਕਾਰ ਨਹੀਂ ਹੁੰਦਾ। ਇਨ੍ਹਾਂ ਕਾਰਡਧਾਰਕਾਂ ਕੋਲ ਭਾਰਤ ਲਈ ਵਿਸਥਾਰਤ ਵੀਜ਼ਾ ਹੁੰਦਾ ਹੈ ਅਤੇ ਉਹ ਹੋਰ ਵਿਦੇਸ਼ੀ ਨਾਗਰਿਕਾਂ ਦੀ ਤੁਲਨਾ ਵਿਚ ਭਾਰਤੀ ਅਰਥਚਾਰੇ ਵਿਚ ਕਿਤੇ ਜ਼ਿਆਦਾ ਵੱਡੇ ਦਾਇਰੇ ਵਿਚ ਭਾਗੀਦਾਰੀ ਕਰ ਸਕਦੇ ਹਨ।

ਅਜਿਹੇ ਵਿਚ ਬਿਹਤਰ ਹੋਵੇਗਾ ਕਿ ਓਸੀਆਈ ਕਾਰਡ ਨੂੰ ਕੁਝ ਨਵਾਂ ਨਾਮ ਦਿੱਤਾ ਜਾਵੇ ਤਾਂ ਕਿ ਕਿਸੇ ਵੀ ਤਰ੍ਹਾਂ ਦੇ ਭਰਮ ਦੀ ਗੁੰਜਾਇਸ਼ ਨਾ ਰਹੇ। ਭਾਜਪਾ ਸਰਕਾਰ ਨੇ ਭਾਰਤੀ ਮੂਲ ਦੇ ਲੋਕਾਂ ਅਤੇ ਭਾਰਤ ਵਿਚਾਲੇ ਕੜੀਆਂ ਜੋੜਨ ਵੱਲ ਕਾਫ਼ੀ ਧਿਆਨ ਦਿੱਤਾ ਹੈ। ਇਸੇ ਕੜੀ ਵਿਚ ਪਰਵਾਸੀ ਭਾਰਤੀ ਦਿਵਸ ਵਰਗੇ ਸਾਲਾਨਾ ਆਯੋਜਨ ਦੇ ਨਾਲ ਹੀ ਪਰਵਾਸੀ ਭਾਰਤੀ ਸਨਮਾਨ ਵੀ ਦਿੱਤੇ ਜਾਂਦੇ ਹਨ। ਪੀਆਈਓ ਦੀਆਂ ਭਾਰਤੀ ਸੰਸਕ੍ਰਿਤਕ ਜੜ੍ਹਾਂ ਨੂੰ ਖ਼ੁਸ਼ਹਾਲ ਕਰਨ ਲਈ ਉਨ੍ਹਾਂ ਨੂੰ ਸੇਧਣ ਵਿਚ ਕੋਈ ਹਰਜ ਵੀ ਨਹੀਂ। ਪੀਆਈਓ ਨੂੰ ਵੀ ਭਾਰਤ ਨਾਲ ਆਰਥਿਕ ਪੱਖੋਂ ਜੁੜਨ ਵਾਲੇ ਪਾਸੇ ਹਰਸੰਭਵ ਮੌਕੇ ਦਿੱਤੇ ਜਾਣੇ ਚਾਹੀਦੇ ਹਨ ਜਿਸ ਨਾਲ ਪਰਸਪਰ ਲਾਭ ਮਿਲ ਸਕੇ। ਇਸ ਦੇ ਨਾਲ ਹੀ ਸਾਨੂੰ ਇਹ ਵੀ ਸਵੀਕਾਰ ਕਰਨਾ ਚਾਹੀਦਾ ਹੈ ਕਿ ਇਕ ਸਮੇਂ ਮਜ਼ਦੂਰਾਂ ਦੇ ਤੌਰ 'ਤੇ ਗਏ ਭਾਰਤੀਆਂ ਨੇ ਵੀ ਵਿਦੇਸ਼ ਵਿਚ ਸਥਾਨਕ ਸੰਸਕ੍ਰਿਤੀ ਨੂੰ ਅਪਨਾ ਲਿਆ ਹੈ।

ਮਾਰੀਸ਼ਸ ਦੀ ਹੀ ਮਿਸਾਲ ਲਈਏ ਤਾਂ ਉੱਥੇ ਉਮਰਦਰਾਜ ਪੀਆਈਓ ਭਾਵੇਂ ਹੀ ਅੱਜ ਵੀ ਭੋਜਪੁਰੀ ਬੋਲਦੇ ਹੋਣ ਪਰ ਉਨ੍ਹਾਂ ਦੀ ਨੌਜਵਾਨ ਪੀੜ੍ਹੀ ਨੇ ਉਸ ਕ੍ਰਿਯੋਲ ਭਾਸ਼ਾ ਨੂੰ ਅਪਨਾ ਲਿਆ ਹੈ ਜਿਸ ਨੂੰ ਜ਼ਿਆਦਾਤਰ ਮਾਰੀਸ਼ਸ ਵਾਸੀ ਬੋਲਦੇ ਹਨ। ਇਹ ਪ੍ਰਕਿਰਿਆ ਪਰਵਾਸੀ ਭਾਈਚਾਰੇ ਦੀ ਪਰਪੱਕਤਾ ਨੂੰ ਹੀ ਦਰਸਾਉਂਦੀ ਹੈ। ਅਮਰੀਕਾ ਵਰਗੇ ਦੇਸ਼ਾਂ ਵਿਚ ਪਰਵਾਸੀ ਭਾਈਚਾਰਿਆਂ ਨੂੰ ਆਪਣੀ ਲਾਬੀ ਬਣਾਉਣ ਦੀ ਗੁੰਜਾਇਸ਼ ਦਿੱਤੀ ਜਾਂਦੀ ਹੈ ਤਾਂ ਕਿ ਉਹ ਆਪਣੇ ਮੂਲ ਦੇਸ਼ ਅਤੇ ਅਮਰੀਕਾ ਵਿਚਾਲੇ ਰਾਜਨੀਤਕ ਕੜੀਆਂ ਜੋੜਨੇ ਦਾ ਮਾਧਿਅਮ ਬਣ ਸਕਣ। ਉੱਥੇ ਸਭ ਤੋਂ ਤਾਕਤਵਰ ਲਾਬੀ ਯਹੂਦੀਆਂ ਦੀ ਹੈ ਜੋ ਇਜ਼ਰਾਈਲ ਲਈ ਕੰਮ ਕਰਦੀ ਹੈ। ਭਾਰਤ ਨੂੰ ਵੀ ਭਾਰਤੀ ਪੀਆਈਓ ਸੰਗਠਨਾਂ ਦੇ ਨਾਲ ਭਾਗੀਦਾਰੀ ਨੂੰ ਲੈ ਕੇ ਝਿਜਕਣਾ ਨਹੀਂ ਚਾਹੀਦਾ ਅਤੇ ਉੱਥੇ ਭਾਰਤੀ ਲਾਬੀ ਨੂੰ ਮਜ਼ਬੂਤ ਕਰਨ ਦੇ ਯਤਨ ਕਰਨੇ ਚਾਹੀਦੇ ਹਨ ਜੋ ਪਹਿਲਾਂ ਹੀ ਕਾਫ਼ੀ ਮਜ਼ਬੂਤ ਹੋ ਚੁੱਕੀ ਹੈ। ਇਸੇ ਲਾਬੀ ਨੇ ਪਰਮਾਣੂ ਸਮਝੌਤੇ ਵਿਚ ਅਹਿਮ ਭੂਮਿਕਾ ਨਿਭਾਈ ਸੀ। ਉਸ ਸਮਝੌਤੇ ਨੇ ਭਾਰਤ-ਅਮਰੀਕਾ ਸਬੰਧਾਂ ਦੀ ਦਸ਼ਾ-ਦਿਸ਼ਾ ਹੀ ਬਦਲ ਦਿੱਤੀ ਸੀ।

ਕਈ ਯੂਰਪੀ ਦੇਸ਼ਾਂ ਖ਼ਾਸ ਤੌਰ 'ਤੇ ਬਰਤਾਨੀਆ ਵਿਚ ਵੀ ਅਜਿਹਾ ਹੀ ਦੇਖਣ ਨੂੰ ਮਿਲਿਆ। ਹਾਲਾਂਕਿ ਰਾਜਨੀਤਕ ਤੌਰ 'ਤੇ ਸਰਗਰਮ ਪੀਆਈਓ ਦੀ ਕੁਝ ਮੁੱਦਿਆਂ 'ਤੇ ਅਲੱਗ ਰਾਇ ਕਾਰਨ ਅਸਹਿਜਤਾ ਦੀ ਸਥਿਤੀ ਵੀ ਬਣ ਜਾਂਦੀ ਹੈ।

ਖ਼ਾਲਿਸਤਾਨ ਨੂੰ ਲੈ ਕੇ ਅਮਰੀਕਾ ਤੇ ਕੈਨੇਡਾ ਵਿਚ ਅਜਿਹਾ ਦੇਖਿਆ ਵੀ ਗਿਆ ਹੈ। ਭਾਰਤ ਨੂੰ ਵੀ ਪੀਆਈਓ ਦੀ ਆਪਣੇ ਦੇਸ਼ਾਂ ਪ੍ਰਤੀ ਨਿਸ਼ਠਾ ਨੂੰ ਲੈ ਕੇ ਸੰਦੇਹ ਨਹੀਂ ਕਰਨਾ ਚਾਹੀਦਾ ਕਿਉਂਕਿ ਅਜਿਹੀ ਸਥਿਤੀ ਵਿਚ ਭਾਰਤ ਨਾਲ ਉਨ੍ਹਾਂ ਦੇ ਜੁੜੇ ਹੋਣ ਦੀ ਕੜੀ ਫ਼ਾਇਦੇ ਦੀ ਥਾਂ ਨੁਕਸਾਨ ਦਾ ਸਬੱਬ ਬਣ ਜਾਵੇਗੀ।

ਕਈ ਵਾਰ ਵਿਦੇਸ਼ੀ ਨੇਤਾ ਪੀਆਈਓ ਵਿਚਾਲੇ ਕਿਸੇ ਭਾਰਤੀ ਨੇਤਾ ਦੀ ਲੋਕਪ੍ਰਿਅਤਾ ਦਾ ਲਾਭ ਵੀ ਚੁੱਕਣਾ ਚਾਹੁੰਦੇ ਹਨ। ਇਸੇ ਲਈ ਉਹ ਚੋਣਾਂ ਦੇ ਦੌਰ ਦੌਰਾਨ ਅਜਿਹੇ ਨੇਤਾਵਾਂ ਨੂੰ ਬੁਲਾ ਕੇ ਭਾਰਤੀ ਮੂਲ ਦੇ ਲੋਕਾਂ ਨੂੰ ਆਪਣੇ ਹੱਕ ਵਿਚ ਭੁਗਤਾਉਣ ਲਈ ਤਰੱਦਦ ਕਰਦੇ ਰਹਿੰਦੇ ਹਨ। ਅਜਿਹਾ ਕਰਨਾ ਉਨ੍ਹਾਂ ਦੀ ਮਜਬੂਰੀ ਵੀ ਹੁੰਦੀ ਹੈ ਕਿਉਂਕਿ ਭਾਰਤੀ ਮੂਲ ਦੇ ਲੋਕ ਉਨ੍ਹਾਂ ਦੀ ਜਿੱਤ-ਹਾਰ ਵਿਚ ਨਿਰਣਾਇਕ ਭੂਮਿਕਾ ਨਿਭਾਉਂਦੇ ਹਨ।

ਸੁਭਾਵਿਕ ਹੈ ਕਿ ਭਾਰਤੀ ਨੇਤਾਵਾਂ ਨੂੰ ਅਜਿਹੇ ਮਾਮਲਿਆਂ ਵਿਚ ਨਹੀਂ ਪੈਣਾ ਚਾਹੀਦਾ ਕਿਉਂਕਿ ਅਜਿਹੀ ਸਥਿਤੀ ਦੋ-ਧਾਰੀ ਤਲਵਾਰ ਦੀ ਤਰ੍ਹਾਂ ਹੋ ਜਾਂਦੀ ਹੈ। ਚੰਗੀ ਗੱਲ ਹੈ ਕਿ ਭਾਰਤ ਦੀਆਂ ਸਿਆਸੀ ਪਾਰਟੀਆਂ ਨੇ ਵਿਦੇਸ਼ ਵਿਚ ਵੀ ਆਪਣੇ ਸੈੱਲ ਬਣਾਉਣੇ ਸ਼ੁਰੂ ਕਰ ਦਿੱਤੇ ਹਨ। ਐੱਨਆਰਆਈ ਨੂੰ ਭਾਰਤ ਦੀ ਰਾਜਨੀਤਕ ਹਲਚਲ ਵਿਚ ਦਖ਼ਲ ਦੇਣ ਦਾ ਪੂਰਾ ਹੱਕ ਹੈ। ਹਾਲਾਂਕਿ ਉਨ੍ਹਾਂ ਨੂੰ ਲਾਮਬੱਧ ਕਰਨ ਨੂੰ ਲੈ ਕੇ ਪਾਰਟੀਆਂ ਨੂੰ ਕੁਝ ਸੰਜਮ ਦਾ ਸਬੂਤ ਵੀ ਦੇਣਾ ਚਾਹੀਦਾ ਹੈ।

# ਭਾਰਤ ਖ਼ੁਦ ਨੂੰ ਦੁਨੀਆ ਅੱਗੇ ਇਕ ਭਰੋਸੇਮੰਦ ਮੁਲਕ ਦੇ ਤੌਰ 'ਤੇ ਪੇਸ਼ ਕਰੇ

**ਡਾ. ਜੈਅੰਤੀ ਲਾਲ ਭੰਡਾਰੀ**

ਇਸ ਸਮੇਂ ਭਾਰਤ ਕੋਲ ਚੀਨ ਤੋਂ ਦਰਾਮਦ ਘਟਾਉਣ ਤੇ ਆਲਮੀ ਬਰਾਮਦ ਵਿਚ ਉਸ ਦੇ ਦਬਦਬੇ ਨੂੰ ਖ਼ਤਮ ਕਰਨ ਦਾ ਇਕ ਵੱਡਾ ਮੌਕਾ ਹੈ। ਇਸ ਮੌਕੇ ਦੇ ਤਿੰਨ ਮੁੱਖ ਆਧਾਰ ਹਨ। ਪਹਿਲਾ, ਸੰਸਦ ਵਿਚ ਵਿੱਤੀ ਸਾਲ 2024-25 ਲਈ ਪੇਸ਼ ਆਮ ਬਜਟ ਵਿਚ ਕੀਤੀਆਂ ਗਈਆਂ ਵਿਵਸਥਾਵਾਂ ਨਾਲ ਭਾਰਤ ਦੀ ਦਰਾਮਦ ਘਟਣ ਤੇ ਬਰਾਮਦ ਵਧਣ ਦੀ ਸੰਭਾਵਨਾ ਹੈ। ਦੂਜਾ, ਚੀਨ ਤੋਂ ਨਿਕਲਦੇ ਹੀ ਵੱਡੇ ਉਦਯੋਗਾਂ, ਕੰਪਨੀਆਂ ਤੇ ਨਿਵੇਸ਼ ਦੇ ਭਾਰਤ ਵਿਚ ਆਉਣ ਦੀ ਸਭ ਤੋਂ ਵੱਧ ਉਮੀਦ ਹੈ। ਇਸ ਨਾਲ ਭਾਰਤ ਦਾ ਮੈਨੂਫੈਕਚਰਿੰਗ ਸੈਕਟਰ ਮਜ਼ਬੂਤ ਹੋਵੇਗਾ।

ਤੀਜਾ, ਚੀਨ ਪਲੱਸ ਵਨ ਰਣਨੀਤੀ ਤਹਿਤ ਭਾਰਤ ਖ਼ੁਦ ਨੂੰ ਦੁਨੀਆ ਅੱਗੇ ਇਕ ਭਰੋਸੇਮੰਦ ਮੁਲਕ ਦੇ ਤੌਰ 'ਤੇ ਪੇਸ਼ ਕਰ ਕੇ ਬਰਾਮਦ ਵਧਾ ਸਕਦਾ ਹੈ। ਅਮਰੀਕਾ ਸਮੇਤ ਯੂਰਪੀ ਤੇ ਕਈ ਵਿਕਸਤ ਦੇਸ਼ ਇਨ੍ਹੀਂ ਦਿਨੀਂ ਚੀਨ ਤੋਂ ਦਰਾਮਦ ਘਟਾਉਣ ਲਈ ਉਸ ਦੇ ਉਤਪਾਦਾਂ 'ਤੇ ਜਿਸ ਤਰ੍ਹਾਂ ਅਸਾਧਾਰਨ ਦਰਾਮਦ ਪਾਬੰਦੀਆਂ ਲਗਾ ਰਹੇ ਹਨ, ਉਸ ਨਾਲ ਇਨ੍ਹਾਂ ਦੇਸ਼ਾਂ ਵਿਚ ਭਾਰਤ ਦੇ ਉਤਪਾਦਾਂ ਦੀ ਬਰਾਮਦ ਵਧਣ ਦੀ ਉਮੀਦ ਹੈ।

ਯਕੀਨਨ ਇਸ ਵਾਰ ਦਾ ਬਜਟ ਸਨਅਤਾਂ ਨੂੰ ਖ਼ੁਸ਼ਹਾਲ ਕਰਨ ਵਾਲਾ ਵੀ ਹੈ। ਇਸ ਵਿਚ ਮੈਨੂਫੈਕਚਰਿੰਗ ਸੈਕਟਰ ਨੂੰ ਮਜ਼ਬੂਤ ਕਰਦੇ ਹੋਏ ਦਰਾਮਦ ਘਟਾਉਣ ਤੇ ਬਰਾਮਦ ਵਧਾਉਣ ਲਈ ਅਦੁੱਤੀ ਵਿਵਸਥਾਵਾਂ ਕੀਤੀਆਂ ਗਈਆਂ ਹਨ। ਇਸ ਨਾਲ ਚੀਨ ਦਾ ਭਾਰਤੀ ਬਾਜ਼ਾਰਾਂ 'ਤੇ ਜੋ ਪ੍ਰਭਾਵ ਬਣਿਆ ਹੋਇਆ ਹੈ, ਉਸ ਵਿਚ ਕਮੀ ਲਿਆਉਣ 'ਚ ਮਦਦ ਮਿਲ ਸਕਦੀ ਹੈ।

ਹਾਲੇ ਲਗਪਗ 118.41 ਅਰਬ ਡਾਲਰ ਦੇ ਦੁਵੱਲੇ ਵਪਾਰ ਨਾਲ ਚੀਨ ਭਾਰਤ ਦਾ ਇਕ ਵੱਡਾ ਵਪਾਰਕ ਜੋਟੀਦਾਰ ਬਣਿਆ ਹੋਇਆ ਹੈ। ਬੀਤੇ ਵਿੱਤੀ ਵਰ੍ਹੇ 2023-24 ਵਿਚ ਚੀਨ ਤੋਂ ਭਾਰਤ ਦੀ ਦਰਾਮਦ 101.75 ਅਰਬ ਡਾਲਰ ਸੀ ਜਦਕਿ ਚੀਨ ਨੂੰ ਭਾਰਤ ਦੀ ਬਰਾਮਦ 16.66 ਅਰਬ ਡਾਲਰ ਸੀ।

ਮੈਨੂਫੈਕਚਰਿੰਗ ਸੈਕਟਰ ਬਰਾਮਦ ਤੇ ਰੁਜ਼ਗਾਰ ਸਿਰਜਣਾ ਦੋਵਾਂ 'ਚ ਅਹਿਮ ਯੋਗਦਾਨ ਦਿੰਦਾ ਹੈ। ਇਸ ਨੂੰ ਹੱਲਾਸ਼ੇਰੀ ਦੇਣ ਲਈ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਬਜਟ 'ਚ ਦੇਸ਼ ਦੇ 100 ਸ਼ਹਿਰਾਂ ਵਿਚ ਪਲੱਗ ਐਂਡ ਪਲੇ ਵਾਲੇ ਸਨਅਤੀ ਪਾਰਕ ਬਣਾਉਣ ਦਾ ਐਲਾਨ ਕੀਤਾ ਹੈ। ਉੱਦਮੀ ਨੂੰ ਅਜਿਹੇ ਸਨਅਤੀ ਪਾਰਕ 'ਚ ਜਾ ਕੇ ਸਿਰਫ਼ ਉਤਪਾਦਨ ਸ਼ੁਰੂ ਕਰਨਾ ਹੁੰਦਾ ਹੈ। ਇਸ ਨਾਲ ਘੱਟੋ-ਘੱਟ 100 ਤਰ੍ਹਾਂ ਦੀਆਂ ਵਸਤਾਂ ਦਾ ਵੱਡੇ ਪੈਮਾਨੇ 'ਤੇ ਉਤਪਾਦਨ ਹੋ ਸਕਦਾ ਹੈ।

ਬਜਟ ਵਿਚ ਸੂਖਮ, ਲਘੂ ਤੇ ਦਰਮਿਆਨੇ ਆਕਾਰ ਦੇ ਉਦਯੋਗਾਂ (ਐੱਮਐੱਸਐੱਮਈ) ਨੂੰ ਬਰਾਮਦ ਵਧਾਉਣ ਦੇ ਮੱਦੇਨਜ਼ਰ ਮਜ਼ਬੂਤ ਬਣਾਉਣ ਦੀ ਵੀ ਗੱਲ ਹੈ। ਸਰਕਾਰ ਨੇ ਜ਼ਰੂਰੀ ਈਕੋ ਸਿਸਟਮ ਨੂੰ ਤਿਆਰ ਕਰ ਕੇ ਠੰਢੇ ਪਏ ਮੈਨੂਫੈਕਚਰਿੰਗ ਸੈਕਟਰ ਵਿਚ ਜਾਨ ਪਾਉਣ ਤੇ ਉਤਪਾਦਨ ਆਧਾਰਤ ਪ੍ਰੋਤਸਾਹਨ ਸਕੀਮ ਨੂੰ ਮਜ਼ਬੂਤੀ ਦੇਣ ਦੀਆਂ ਵਿਵਸਥਾਵਾਂ ਕੀਤੀਆਂ ਹਨ। ਆਲਮੀ ਵਿੱਤੀ ਦਿੱਗਜ ਨੋਮੂਰਾ ਨੇ ਆਪਣੀ ਰਿਪੋਰਟ ਵਿਚ ਕਿਹਾ ਹੈ ਕਿ ਚੀਨ ਤੋਂ ਗਲੋਬਲ ਕੰਪਨੀਆਂ ਬਾਹਰ ਨਿਕਲ ਰਹੀਆਂ ਹਨ ਜਿਸ ਦਾ ਵੱਡਾ ਫ਼ਾਇਦਾ ਭਾਰਤ ਨੂੰ ਮਿਲਦਾ ਦਿਸ ਰਿਹਾ ਹੈ।

# ਆਓ ! ਰੁਜ਼ਗਾਰ ਦੇ ਨਵੇਂ ਢੰਗ-ਤਰੀਕੇ ਲੱਭੀਏ

ਹੁਣ ਇਹ ਬਿਲਕੁਲ ਸਾਫ਼ ਹੋ ਗਿਆ ਹੈ ਤੇ ਆਰਥਿਕ ਸਮੀਖਿਆ 2024 ਵੀ ਸਪਸ਼ਟ ਤੌਰ 'ਤੇ ਉਹ ਸਭ ਕੁਝ ਦੱਸਦੀ ਹੈ ਜਿਸ 'ਤੇ ਦੇਸ਼ ਦੇ ਚਿੰਤਤ ਬੁੱਧੀਜੀਵੀ ਸਦੀਆਂ ਤੋਂ ਜ਼ੋਰ ਦੇ ਰਹੇ ਸਨ। ਭਾਰਤ ਉਸ ਜਨਸੰਖਿਆ ਸਬੰਧੀ ਫ਼ਾਇਦੇ ਨੂੰ ਵਰਤਣ ਵਿਚ ਅਸਫਲ ਰਿਹਾ ਹੈ ਜਿਸ ਨਾਲ ਇੰਡੀਆ@75 ਚਮਕ-ਦਮਕ ਸਕਦਾ ਸੀ। ਅੰਕੜਿਆਂ ਨੂੰ ਤੋੜ-ਮੋੜ ਕੇ ਅਤੇ ਤੱਥਾਂ ਨੂੰ ਲੁਕਾ ਕੇ ਸੱਚ ਨੂੰ ਲੁਕਾਇਆ ਜਾ ਸਕਦਾ ਹੈ ਪਰ ਇਸ ਨਾਲ ਸਮੱਸਿਆ ਹੋਰ ਵਧ ਜਾਂਦੀ ਹੈ ਅਤੇ ਇਹ ਸਪਸ਼ਟ ਹੈ ਕਿ ਇਹ ਇਕ ਦਹਾਕੇ ਤੋਂ ਵੱਧ ਦੀ ਨਜ਼ਰਅੰਦਾਜ਼ੀ ਕਾਰਨ ਹੋਇਆ ਹੈ।

ਸਾਡੀਆਂ ਵਿੱਦਿਅਕ ਸੰਸਥਾਵਾਂ ਵਿੱਚੋਂ ਹਰ ਦੋ ਵਿੱਚੋਂ ਇਕ ਗ੍ਰੈਜੂਏਟ ਰੁਜ਼ਗਾਰ ਦੇ ਯੋਗ ਨਹੀਂ ਹੈ। ਇਸ ਦੇ ਉਲਟ ਦੇਸ਼ ਦੇ ਸਿਰਫ਼ 51.25% ਪੜ੍ਹੇ-ਲਿਖੇ ਨੌਜਵਾਨ ਹੀ ਨੌਕਰੀਆਂ ਪ੍ਰਾਪਤ ਕਰਨ ਦੇ ਯੋਗ ਹਨ ਅਤੇ ਉਹ ਵੀ ਉਦੋਂ ਜੇ ਉਨ੍ਹਾਂ ਨੂੰ ਨੌਕਰੀਆਂ ਮਿਲ ਜਾਂਦੀਆਂ ਹਨ। ਹੁਣ ਇਸ ਨੂੰ ਨੌਜਵਾਨਾਂ ਦੁਆਰਾ ਖ਼ੁਦਕੁਸ਼ੀ, ਨਸ਼ਾਖੋਰੀ ਅਤੇ ਅਪਰਾਧ ਦੇ ਅੰਕੜਿਆਂ ਨਾਲ ਜੋੜਿਆ ਜਾਵੇ ਤਾਂ ਸ਼ਾਇਦ ਇਸ ਸਥਿਤੀ ਨੂੰ ਤਬਾਹੀ ਦਾ ਨੁਸਖ਼ਾ ਸਮਝਿਆ ਜਾ ਸਕਦਾ ਹੈ।

ਜਦੋਂ ਦੁਨੀਆ ਦਾ ਸਭ ਤੋਂ ਛੋਟੀ ਉਮਰ ਦੀ ਆਬਾਦੀ ਵਾਲਾ ਦੇਸ਼ ਆਪਣੇ ਸਭ ਤੋਂ ਵੱਡੇ

**ਗੁਣਬੀਰ ਸਿੰਘ**

ਸਰੋਤ ਉਤਪਾਦਕ ਉਦਯੋਗ ਨੂੰ ਸੰਭਾਲਣ ਲਈ ਅਣਥੱਕ ਯਤਨ ਨਹੀਂ ਕਰਦਾ, ਇਹ ਸਿਰਫ਼ ਨਿੰਦਾ ਯੋਗ ਗੱਲ ਹੀ ਨਹੀਂ ਸਗੋਂ ਡਾਇਨਾਮਾਈਟ ਦਾ ਇਕ ਪੀਪਾ ਤਿਆਰ ਕਰਨ ਦੇ ਬਰਾਬਰ ਹੈ ਜਿਸ ਨੂੰ ਸਮਾਜ ਦੇ ਚੀਥੜੇ ਉਡਾਉਣ ਲਈ ਨਿਰਾਸ਼ਾ ਦੀ ਇਕ ਚੰਗਿਆੜੀ ਦੀ ਹੀ ਲੋੜ ਹੁੰਦੀ ਹੈ। ਨਵੀਂ ਰਾਸ਼ਟਰੀ ਸਿੱਖਿਆ ਨੀਤੀ ਇਨ੍ਹਾਂ 'ਚੋਂ ਕੁਝ ਲੱਛਣਾਂ ਦਾ ਇਲਾਜ ਕਰ ਸਕਦੀ ਹੈ ਪਰ ਮੁਲਤਵੀ ਕਰਨ ਦੀ ਰਾਜਨੀਤੀ ਨੇ ਇਹ ਯਕੀਨੀ ਬਣਾਇਆ ਹੈ ਕਿ ਇਕ ਪੀੜ੍ਹੀ ਦਾ ਮੌਕਾ ਸੱਚਮੁੱਚ ਗੁਆ ਬੈਠੇ ਹਾਂ ਅਤੇ ਪੀਪਾ ਨੱਕੋ-ਨੱਕ ਭਰ ਗਿਆ ਹੈ। ਇਹ ਜਾਣਦੇ ਹੋਏ ਕਿ ਅਕਾਦਮਿਕ ਢਾਂਚਾ ਪੂਰੀ ਤਰ੍ਹਾਂ ਅਧੂਰਾ ਸੀ, ਬਹੁਤ ਸਾਰੇ ਲੋਕਾਂ ਨੂੰ ਵਪਾਰ ਅਤੇ ਉਦਯੋਗ ਨੂੰ ਮਿਆਰੀ ਤੌਰ 'ਤੇ ਵਧਾਉਣ ਦੀ ਬਜਾਏ ਆਪਣੇ ਵਸੀਲਿਆਂ 'ਤੇ ਛੱਡਿਆ ਜਾ ਰਿਹਾ ਹੈ।

ਹੁਨਰ ਵਿਕਾਸ ਕਾਰਜ ਦੇ ਸ਼ੋਰਗੁਲ ਨੇ ਸੁਧਾਰ ਕਰਨ ਲਈ ਜੋ ਕੀਤਾ ਹੈ, ਅਸਲ ਵਿਚ ਪ੍ਰਸ਼ਨਾਤਮਕ ਹੈ। ਜ਼ਾਹਰਾ ਤੌਰ 'ਤੇ ਲੋਕਾਂ ਨੂੰ ਉੱਚ ਸਿੱਖਿਆ ਪ੍ਰਾਪਤੀ ਵਿਚ ਅਸਫਲ ਕਰ ਕੇ ਅਤੇ ਉਨ੍ਹਾਂ ਨੂੰ ਵਿਹਾਰਕ ਮੁਹਾਰਤ ਪ੍ਰਦਾਨ ਕਰ ਕੇ ਅਸੀਂ ਉਨ੍ਹਾਂ ਨੂੰ ਜੀਵਨ ਦੇ ਹੁਨਰਾਂ ਵਿਚ ਸਿਖਲਾਈ ਦੇ ਸਕਦੇ ਸਾਂ। ਘੱਟੋ-ਘੱਟ ਸ਼ਾਇਦ ਉਨ੍ਹਾਂ ਨੂੰ ਨਲਸਾਜ਼ੀ, ਇੱਟਾਂ ਵਿਛਾਉਣਾ, ਯੰਤਰਾਂ ਨੂੰ ਠੀਕ ਕਰਨਾ ਆਦਿ ਸਿਖਾ ਕੇ ਇਨ੍ਹਾਂ ਜੀਵਨਾਂ ਨੂੰ ਬਿਹਤਰ ਬਣਾਇਆ ਜਾ ਸਕਦਾ ਸੀ।

ਉਨ੍ਹਾਂ ਦੀਆਂ ਯੋਗਤਾਵਾਂ ਦਾ ਵਿਸ਼ਲੇਸ਼ਣ ਸਕੂਲ ਵਿਚ ਸਭ ਤੋਂ ਵਧੀਆ ਕੀਤਾ ਜਾ ਸਕਦਾ ਹੈ ਪਰ ਇਹ ਨਹੀਂ ਕੀਤਾ ਜਾ ਰਿਹਾ। ਫਿਰ ਵੀ ਦੂਰਅੰਦੇਸ਼ੀ ਦਿਖਾ ਕੇ ਕਾਲਜਾਂ ਵਿਚ ਪਰਖੀਆਂ ਗਈਆਂ ਯੋਗਤਾਵਾਂ ਸਦਕਾ ਕਾਉਂਸਲਿੰਗ ਦੁਆਰਾ ਢੁੱਕਵੀਂ ਸਿਖਲਾਈ ਨਾਲ ਜੋੜ ਕੇ ਨੌਜਵਾਨਾਂ ਨੂੰ ਕਿਸੇ ਵਪਾਰ ਵਿਚ ਸਫਲ ਅਤੇ ਉਤਪਾਦਕ ਸਿੱਧ ਕੀਤਾ ਜਾ ਸਕਦਾ ਸੀ। ਇਸ ਆਰਥਿਕ ਸਰਵੇਖਣ ਨਾਲ ਬਿੱਲੀ ਹੁਣ ਸੱਚਮੁੱਚ ਕਬੂਤਰਾਂ ਵਿਚ ਆ ਬੈਠੀ ਹੈ।

ਨਿਰਮਲਾ ਸੀਤਾਰਮਨ ਦੇ ਸੱਤਵੇਂ ਬਜਟ ਵਿਚ ਇਸ ਮੁੱਦੇ ਨੂੰ ਹੱਲ ਕਰਨ ਦੀ ਕੋਸ਼ਿਸ਼ ਜ਼ਰੂਰ ਕੀਤੀ ਗਈ ਹੈ ਪਰ ਇਹ ਸਮੇਂ ਦੇ ਨਾਲ ਹੋਈ ਘੋਰ ਬੇਇਨਸਾਫ਼ੀ ਦਾ ਨਿਸ਼ਚਤ ਰੂਪ ਵਿਚ ਕੋਈ ਪੂਰਨ ਉਪਾਅ ਨਹੀਂ ਹੈ। ਨੌਜਵਾਨਾਂ ਦੇ ਪਾਸ ਆਊਟ ਹੋਣ 'ਤੇ ਉਨ੍ਹਾਂ ਨੂੰ ਇਕ ਮਹੀਨੇ ਦੀ ਤਨਖ਼ਾਹ ਦੇਣਾ ਖ਼ੈਰਾਤ ਦੇਣ ਦੀ ਤਰ੍ਹਾਂ ਹੈ। ਘੱਟ ਲਾਗਤ ਵਾਲੇ ਕਰਜ਼ੇ ਉਨ੍ਹਾਂ ਲਈ ਚੰਗੇ ਹਨ ਜਿਨ੍ਹਾਂ ਨੂੰ ਜ਼ਰੂਰੀ ਹੁਨਰ ਜਾਂ ਉੱਦਮੀ ਮਾਨਸਿਕਤਾ ਪ੍ਰਦਾਨ ਕੀਤੀ ਗਈ ਹੈ। ਪੰਜ ਸਾਲਾਂ ਦੀ ਮਿਆਦ ਵਿਚ ਦੋ ਲੱਖ ਕਰੋੜ ਰੁਪਏ ਦਾ ਵਿੱਤੀ ਟੀਚਾ ਤੈਅ ਕਰਨਾ ਚੰਗਾ ਹੈ ਪਰ ਇਸ ਤੋਂ ਇਹ ਸਾਫ਼ ਨਹੀਂ ਹੁੰਦਾ ਕਿ ਕੰਧ 'ਤੇ ਲਿਖੀ ਗੱਲ ਨੂੰ ਅੱਜ ਤੱਕ ਨਜ਼ਰਅੰਦਾਜ਼ ਕਿਉਂ ਕੀਤਾ ਗਿਆ ਹੈ ਅਤੇ ਇਸ ਫੰਡਿੰਗ ਦੇ ਪ੍ਰਭਾਵ ਦਾ ਮੁਲਾਂਕਣ ਇਸ ਮਿਆਦ ਤੋਂ ਬਾਅਦ ਸੰਭਵ ਤੌਰ 'ਤੇ ਕੀਤਾ ਜਾਵੇਗਾ।

ਇਸ ਲਈ ਬੱਚਿਓ, ਸਬਰ ਰੱਖੋ। ਜਿਹੜੇ ਸੱਤਾ 'ਚ ਹਨ, ਉਨ੍ਹਾਂ ਨੇ ਘੱਟੋ-ਘੱਟ ਤੁਹਾਡੀ ਅਸਲੀਅਤ ਨੂੰ ਸਵੀਕਾਰ ਕਰ ਲਿਆ ਹੈ। ਵੱਡੇ ਪੈਮਾਨੇ 'ਤੇ ਨੌਜਵਾਨਾਂ ਦੀ ਭਾਰੀ ਆਮਦ ਨੂੰ ਸੰਭਾਲਣ ਲਈ ਅਸਰਦਾਰ ਨਵੀਨਤਾਕਾਰੀ ਯੋਜਨਾਵਾਂ ਅਤੇ ਵਿਲੱਖਣ ਹੱਲ ਦੀ ਲੋੜ ਹੈ। ਨਿੱਜੀ ਖੇਤਰ ਨੂੰ ਅਯੋਗ ਕਾਮਿਆਂ ਲਈ ਆਪਣੇ ਦਰਵਾਜ਼ੇ ਖੋਲ੍ਹਣ ਲਈ ਧਮਕਾਉਣਾ ਵੀ ਬੇਇਨਸਾਫ਼ੀ ਹੈ। ਸਰਕਾਰ ਨੂੰ ਆਪਣਾ ਘਰ ਠੀਕ ਕਰ ਕੇ ਸੁਧਾਰ, ਮਿਹਨਤਾਨੇ, ਰੁਜ਼ਗਾਰ ਪ੍ਰਦਾਨ ਕਰਨ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਜੇ ਅਸੀਂ ਹੋਰ ਘੋਖ ਕਰੀਏ ਤੇ ਵਰਤਮਾਨ ਹਾਲਾਤ ਬਦਲਣ ਲਈ ਪੁਕਾਰ ਰਹੇ ਹਾਂ ਤਾਂ ਜ਼ਰਾ ਸੋਚੋ ਕਿ ਭਾਰਤ ਦੀ ਕੰਮ ਕਰਨ ਯੋਗ 95 ਕਰੋੜ ਆਬਾਦੀ 'ਚੋਂ ਅੱਧੀ ਤੋਂ ਵੱਧ ਨੂੰ ਮਿਹਨਤਾਨਾ ਨਹੀਂ ਮਿਲਦਾ, ਯਾਨੀ ਉਹ ਪਰਿਵਾਰਕ ਕੰਮਕਾਜ ਵਿਚ ਆਪਣਾ ਹੱਥ ਵਟਾ ਰਹੀ ਹੈ। ਹੋਰ ਤਾਂ ਹੋਰ, ਸਿਰਫ਼ 32.7% ਔਰਤਾਂ ਨੂੰ ਘਰ-ਪਰਿਵਾਰ ਤੋਂ ਇਲਾਵਾ ਕਿਸੇ ਕੰਮ ਦਾ ਮੌਕਾ ਮਿਲਦਾ ਹੈ। ਨੌਜਵਾਨ ਪੀੜ੍ਹੀ ਵੰਨ-ਸੁਵੰਨੇ ਭਾਰਤ ਦਾ ਸਭ ਤੋਂ ਵੱਡਾ ਇਕੱਲਾ ਵਿਭਾਜਕ ਬਣ ਗਈ ਹੈ ਜਿਸ ਨੂੰ ਲੱਖਾਂ ਦੀ ਤਾਦਾਦ ਵਿਚ ਅਰਥਪੂਰਨ ਯਤਨਾਂ ਤੇ ਉਤਪਾਦਕ ਕੰਮ-ਕਾਜ ਦੀ ਲੋੜ ਹੈ।

ਪੰਜਾਬ ਵਰਗੇ ਰਾਜਾਂ 'ਚ ਵੀ ਇਹ ਸਮੇਂ ਦੀ ਲੋੜ ਹੈ। ਹੈਰਾਨੀ ਵਾਲੀ ਗੱਲ ਹੈ ਕਿ ਸੂਬੇ ਦੇ ਸੱਤਾਧਾਰੀ ਲੋਕ ਵੀ ਇਸ ਸੰਭਾਵਨਾ ਪ੍ਰਤੀ ਜਾਗਰੂਕ ਨਹੀਂ ਹਨ। ਸਾਨੂੰ ਨੌਜਵਾਨਾਂ ਦੇ ਪਰਵਾਸ ਤੇ ਮੌਜੂਦਾ ਪਾਬੰਦੀਆਂ, ਵਧ ਰਹੇ ਨਸ਼ਿਆਂ ਅਤੇ ਵਿਦੇਸ਼ੀ ਸਰਕਾਰਾਂ ਦੀਆਂ ਇਮੀਗ੍ਰੇਸ਼ਨ ਅਤੇ ਦੇਸ਼ ਨਿਕਾਲੇ ਦੀਆਂ ਨੀਤੀਆਂ ਨੂੰ ਨਹੀਂ ਭੁੱਲਣਾ ਚਾਹੀਦਾ। ਨੌਜਵਾਨ ਹੁਣ ਪੱਛਮ ਵੱਲ ਜਾਣ ਦੀ ਅਸਮਰੱਥਾ ਕਾਰਨ ਆਪਣੀ ਮਰਜ਼ੀ ਦੇ ਖ਼ਿਲਾਫ਼ ਪੂਰਬੀ ਯੂਰਪੀ ਮਾਫ਼ੀਆ ਦੁਆਰਾ ਇਸ ਹੱਦ ਤੱਕ ਹਥਿਆਏ ਜਾ ਰਹੇ ਹਨ ਕਿ ਉਨ੍ਹਾਂ ਨੂੰ ਰੂਸੀ ਹਮਲੇ ਲਈ ਲੜਾਕਿਆਂ ਵਜੋਂ ਭਰਤੀ ਕੀਤਾ ਜਾ ਰਿਹਾ ਹੈ। ਬਿਨਾਂ ਨੌਕਰੀ ਵਾਲਾ ਦਲੇਰ ਪੰਜਾਬੀ ਵਿਸਫੋਟਕ ਹੋ ਸਕਦਾ ਹੈ, ਜਦਕਿ ਇਕ ਸਿੱਖਿਅਤ ਨੌਜਵਾਨ ਵਰਦਾਨ ਹੁੰਦਾ ਹੈ। ਇਤਿਹਾਸ ਨੇ ਇਸ ਨੂੰ ਸੱਚ ਸਾਬਿਤ ਕੀਤਾ ਹੈ ਤੇ ਭਵਿੱਖ ਵੀ ਅਜਿਹਾ ਹੀ ਕਰੇਗਾ। ਇਹ ਮੁੱਦਾ ਅਸਲ 'ਚ ਗੁੰਝਲਦਾਰ ਹੈ।

ਇਕੱਲੇ ਸ਼ਹਿਰੀ ਖੇਤਰ 'ਚ ਹੀ ਹਰ ਸਾਲ ਭਾਰਤ ਵਿਚ 78.5 ਲੱਖ ਨੌਕਰੀਆਂ ਪੈਦਾ ਕਰਨ ਦੀ ਲੋੜ ਹੈ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਖੇਤੀ 'ਤੇ ਨਿਰਭਰ ਭਾਰਤ ਦੀ 42.5 ਫ਼ੀਸਦੀ ਆਬਾਦੀ ਵੀ ਬੇਚੈਨ ਹੋ ਚੁੱਕੀ ਹੈ ਅਤੇ ਨੌਜਵਾਨ ਵੀ ਹੁਣ ਮਿੱਟੀ ਨਾਲ ਜੁੜੇ ਨਹੀਂ ਰਹਿ ਗਏ ਹਨ। ਇਸ ਮੁੱਦੇ ਦਾ ਹੱਲ ਇਕ ਬਹੁ-ਆਯਾਮੀ ਪਹੁੰਚ ਵਿਚ ਪਾਇਆ ਜਾਂਦਾ ਹੈ ਜੋ ਸਮੁੱਚੇ ਟੀਚੇ ਨਾਲ ਗੂੰਜਦਾ ਹੈ। ਰੁਜ਼ਗਾਰ ਪੈਦਾ ਕਰਨ ਲਈ ਸਰਕਾਰ ਨੂੰ ਨਰੇਗਾ ਅਤੇ ਆਪਣੇ ਬੁਨਿਆਦੀ ਢਾਂਚੇ 'ਤੇ ਜ਼ੋਰ ਦੇਣ ਤੋਂ ਇਲਾਵਾ ਆਪਣੀਆਂ ਸਾਰੀਆਂ ਏਜੰਸੀਆਂ ਨੂੰ ਇਕਜੁੱਟ ਕਰਨਾ ਹੋਵੇਗਾ।


ਨਿਰਮਾਣ ਤੇ ਸੇਵਾ ਖੇਤਰਾਂ ਵਿਚ ਨਿਵੇਸ਼ ਦੇ ਮਾਹੌਲ ਨੂੰ ਹੱਲਾਸ਼ੇਰੀ ਦੇਣ ਤੇ ਨਿੱਜੀ ਖੇਤਰ ਦੇ ਵਿਕਾਸ ਨੂੰ ਵਧਾਉਣ ਦੀ ਲੋੜ ਹੋਵੇਗੀ। ਸਿੱਖਿਆ ਪ੍ਰਣਾਲੀ 'ਚ ਵੀ ਪਲੇਸਮੈਂਟ ਓਰੀਐਂਟੇਸ਼ਨ ਹੋਣੀ ਚਾਹੀਦੀ ਹੈ। ਅਕਾਦਮਿਕਤਾ ਤੇ ਉਦਯੋਗ ਵਿਚਕਾਰ ਸਹੀ ਰੁਜ਼ਗਾਰ ਲਈ ਸਹੀ ਕਾਮੇ ਤਿਆਰ ਕਰਨ ਲਈ ਨਜ਼ਦੀਕੀ ਤਾਲਮੇਲ ਲਾਜ਼ਮੀ ਹੈ। ਇਹ ਸਭਨਾਂ ਲਈ ਰੁਜ਼ਗਾਰ ਜਾਂ ਉੱਦਮ ਦੀ ਗਾਰੰਟੀ ਬਣ ਸਕਦਾ ਹੈ।

ਹੇਠਲੇ ਪੱਧਰ ਤੱਕ ਇਕ ਸਮਰੱਥ, ਸਿੱਖਿਅਤ ਅਤੇ ਅਨੁਸ਼ਾਸਿਤ ਭਾਰਤ ਦੇ ਵਿਆਪਕ ਪ੍ਰਭਾਵ ਨੂੰ ਸ਼ਾਇਦ ਅਜੇ ਤੱਕ ਮਾਪਿਆ ਨਹੀਂ ਗਿਆ ਜਾਂ ਇਸ ਦੀ ਕਲਪਨਾ ਵੀ ਨਹੀਂ ਕੀਤੀ ਗਈ ਹੈ। ਜੇਕਰ ਇਹੀ ਹਾਲਾਤ ਰਹੇ ਤਾਂ ਬੇਰੁਜ਼ਗਾਰਾਂ ਲਈ ਇੰਡੀਆ@100 ਵਿਚ ਹੀ ਉਮੀਦ ਦੀ ਕਿਰਨ ਨਜ਼ਰ ਆ ਸਕਦੀ ਹੈ।

# ਹਾਕੀ ਓਲੰਪੀਅਨ ਮੁਖਬੈਨ ਸਿੰਘ

## ਆਸਟਰੇਲੀਆ ਖਿਲਾਫ਼ ਗੋਲਾਂ ਦੀ ਹੈਟ੍ਰਿਕ ਦਾ ਰਿਕਾਰਡ ਕੋਈ ਨਹੀਂ ਤੋੜ ਸਕਿਆ

ਸ਼ੁੱਕਰਵਾਰ ਨੂੰ ਭਾਰਤੀ ਪੁਰਸ਼ ਹਾਕੀ ਟੀਮ ਨੇ 2024 ਪੈਰਿਸ ਓਲੰਪਿਕ ਦੇ ਇੱਕ ਲੀਗ ਪੜਾਅ ਦੇ ਮੈਚ ਵਿੱਚ ਆਸਟ੍ਰੇਲੀਆ ਨੂੰ 3-2 ਨਾਲ ਹਰਾ ਕੇ ਮਹੱਤਵਪੂਰਨ ਜਿੱਤ ਹਾਸਿਲ ਕੀਤੀ ਸੀ। ਇਸ ਤੋਂ ਬਾਅਦ ਇਸੇ ਸਿਲਸਿਲੇ ਨੂੰ ਬਰਕਰਾਰ ਰੱਖਦੇ ਹੋਏ 4 ਅਗਸਤ ਨੂੰ ਭਾਰਤ ਨੇ ਗ੍ਰੇਟ ਬ੍ਰਿਟੇਨ ਟੀਮ ਨੂੰ ਹਰਾ ਕੇ ਸੈਮੀਫਾਇਨਲ ਵਿੱਚ ਪ੍ਰਵੇਸ਼ ਲੈ ਲਿਆ।



ਇਸ ਪੈਰਿਸ ਓਲੰਪਿਕ ਮੁਕਾਬਲੇ ਤੋਂ ਪਹਿਲਾਂ ਭਾਰਤੀ ਪੁਰਸ਼ ਹਾਕੀ ਟੀਮ ਨੇ ਆਸਟ੍ਰੇਲੀਆ ਨੂੰ ਆਖ਼ਰੀ ਵਾਰ 1972 ਦੀ ਮਿਊਨਿਕ ਓਲੰਪਿਕ ਵਿੱਚ ਹਰਾਇਆ ਸੀ। ਭਾਰਤ ਨੇ ਲੀਗ ਮੈਚ ਵਿੱਚ 3-1 ਨਾਲ ਜਿੱਤ ਹਾਸਿਲ ਕੀਤੀ ਅਤੇ ਅੰਤ ਵਿੱਚ ਕਾਂਸੀ ਦਾ ਤਗਮਾ ਜਿੱਤਿਆ। ਮਿਊਨਿਕ ਓਲੰਪਿਕ ਆਖਰੀ ਓਲੰਪਿਕ ਸੀ ਜਿੱਥੇ ਹਾਕੀ ਮੈਚ ਘਾਹ 'ਤੇ ਖੇਡਿਆ ਗਿਆ ਸੀ, ਉਸ ਤੋਂ ਬਾਅਦ 1972 ਵਿੱਚ ਐਸਟ੍ਰੋਟਰਫ 'ਤੇ ਹਾਕੀ ਦੇ ਖੇਡ ਦੀ ਸ਼ੁਰੂਆਤ ਹੋਈ। 1968 ਦੇ ਮੈਕਸੀਕੋ ਓਲੰਪਿਕ ਦੇ ਦੌਰਾਨ ਆਸਟ੍ਰੇਲੀਆ ਨੇ ਸੈਮੀਫਾਈਨਲ ਵਿੱਚ ਭਾਰਤ ਨੂੰ 2-1 ਨਾਲ ਹਰਾ ਕੇ ਭਾਰਤ ਦੀ ਜਿੱਤ ਦੀ ਲੜੀ ਨੂੰ ਤੋੜ ਦਿੱਤਾ ਸੀ, ਜਿਸ ਨਾਲ ਭਾਰਤ 1928 ਵਿੱਚ ਓਲੰਪਿਕ ਵਿੱਚ ਸ਼ੁਰੂਆਤ ਤੋਂ ਬਾਅਦ ਪਹਿਲੀ ਵਾਰ ਫਾਈਨਲ ਵਿੱਚ ਪਹੁੰਚਣ ਤੋਂ ਰਹਿ ਗਿਆ ਸੀ। ਭਾਰਤ ਨੂੰ ਕਾਂਸੀ ਦੇ ਤਗਮੇ ਨਾਲ ਹੀ ਸਬਰ ਕਰਨਾ ਪਿਆ ਜਿਸ ਨੇ ਹਾਕੀ ਦੇ ਖੇਤਰ ਵਿੱਚ ਇੱਕ ਮਹੱਤਵਪੂਰਨ ਤਬਦੀਲੀ ਲਿਆਂਦੀ।

**ਮਿਊਨਿਕ ਲੰਪਿਕ: ਭਾਰਤ-ਆਸਟ੍ਰੇਲੀਆ ਮੁਕਾਬਲੇ ਦੀ ਯਾਦ**

1972 ਮਿਊਨਿਖ ਓਲੰਪਿਕ ਵਿੱਚ ਭਾਰਤ ਨੇ ਗਰੁੱਪ ਪੜਾਅ ਵਿੱਚ ਆਸਟ੍ਰੇਲੀਆ ਨੂੰ 3-1 ਨਾਲ ਹਰਾ ਕੇ ਆਪਣੀ ਪਿਛਲੀ ਹਾਰ ਦਾ ਬਦਲਾ ਲਿਆ। 1968 ਓਲੰਪਿਕ ਦੇ ਚਾਂਦੀ ਦਾ ਤਗ਼ਮਾ ਜੇਤੂ ਮਿਊਨਿਕ ਵਿੱਚ ਗਰੁੱਪ ਪੜਾਅ ਤੋਂ ਅੱਗੇ ਨਹੀਂ ਵਧ ਸਕੇ। ਪੈਨਲਟੀ ਕਾਰਨਰ ਮਾਹਿਰ ਮੁਖਬੈਨ ਸਿੰਘ ਭਾਰਤ ਦੀ ਆਸਟ੍ਰੇਲੀਆ 'ਤੇ ਜਿੱਤ ਵਿੱਚ ਸਭ ਤੋਂ ਮਹੱਤਵਪੂਰਨ ਖਿਡਾਰੀ ਸੀ। ਮੁਖਬੈਨ ਸਿੰਘ ਨੇ 3-1 ਦੀ ਜਿੱਤ ਵਿੱਚ ਸਾਰੇ ਤਿੰਨ ਗੋਲ ਕੀਤੇ ਅਤੇ ਇਸ ਤਰ੍ਹਾਂ ਉਹ ਓਲੰਪਿਕ ਵਿੱਚ ਆਸਟ੍ਰੇਲੀਆ ਦੇ ਖਿਲਾਫ਼ ਹੈਟ੍ਰਿਕ ਬਣਾਉਣ ਵਾਲੇ ਪਹਿਲੇ ਭਾਰਤੀ ਬਣ ਗਏ। ਇਹ ਇੱਕ ਰਿਕਾਰਡ ਹੈ ਜੋ ਅਜੇ ਵੀ ਕਾਇਮ ਹੈ। ਉਹ ਮਿਊਨਿਕ ਵਿੱਚ ਭਾਰਤ ਲਈ ਸਭ ਤੋਂ ਵੱਧ 9 ਗੋਲ ਕਰਨ ਵਾਲੇ ਖਿਡਾਰੀ ਵੀ ਰਹੇ।

ਮੁਖਬੈਨ ਸਿੰਘ ਜੋ ਹੁਣ 79 ਸਾਲ ਦੇ ਹਨ, ਨੇ ਕਿਹਾ, "2024 ਪੈਰਿਸ ਓਲੰਪਿਕ ਵਿੱਚ ਆਸਟ੍ਰੇਲੀਆ ਦੇ ਖ਼ਿਲਾਫ਼ ਭਾਰਤੀ ਟੀਮ ਦੇ ਪ੍ਰਦਰਸ਼ਨ ਨੇ ਮੇਰੀਆਂ 1972 ਦੇ ਮਿਊਨਿਖ ਪ੍ਰਦਰਸ਼ਨ ਦੀਆਂ ਯਾਦਾਂ ਨੂੰ ਤਾਜ਼ਾ ਕਰਵਾ ਦਿੱਤਾ ਹੈ।" "ਆਸਟ੍ਰੇਲੀਆ ਇਸ ਸਮੇਂ ਵਿਸ਼ਵ ਦੀਆਂ ਚੋਟੀ ਦੀਆਂ ਰੈਂਕਿੰਗ ਵਾਲੀਆਂ ਟੀਮਾਂ ਵਿੱਚੋਂ ਇੱਕ ਹੈ ਅਤੇ ਸਾਡੇ ਖਿਡਾਰੀਆਂ ਨੇ ਉਨ੍ਹਾਂ ਖਿਲਾਫ਼ ਜਿਸ ਤਰ੍ਹਾਂ ਨਾਲ ਖੇਡਿਆ, ਉਹ ਕਮਾਲ ਦਾ ਸੀ।" "52 ਸਾਲਾਂ ਦੇ ਵਕਫ਼ੇ ਤੋਂ ਬਾਅਦ ਆਸਟ੍ਰੇਲੀਆ ਨੂੰ ਹਰਾਉਣਾ ਪੈਰਿਸ ਵਿੱਚ ਉਨ੍ਹਾਂ ਦੀ ਖੇਡ ਦੀ ਖਾਸ ਗੱਲ ਹੋਵੇਗੀ।" "ਮੈਨੂੰ ਵਿਸ਼ਵਾਸ ਹੈ ਕਿ ਭਾਰਤੀ ਟੀਮ ਪੈਰਿਸ ਵਿੱਚ ਟੋਕੀਓ ਓਲੰਪਿਕ ਵਿੱਚ ਜਿੱਤੇ ਕਾਂਸੀ ਦੇ ਤਗਮੇ ਦੇ ਆਪਣੇ ਪ੍ਰਦਰਸ਼ਨ ਨੂੰ ਜਾਰੀ ਰੱਖੇਗੀ।"

ਮੁਖਬੈਨ ਸਿੰਘ ਨੇ ਅੱਗੇ ਕਿਹਾ, "ਮਿਊਨਿਕ ਓਲੰਪਿਕ ਦੇ ਸਮੇਂ, ਪੈਨਲਟੀ ਕਾਰਨਰ ਨਿਯਮਾਂ ਅਨੁਸਾਰ ਗੋਲ ਕੇਜ (ਪਿੰਜਰੇ) 'ਤੇ ਸਿੱਧਾ ਹਿੱਟ ਕਰਨਾ ਲਾਜ਼ਮੀ ਸੀ ਅਤੇ ਜੇਕਰ ਹਿੱਟ ਬੋਰਡ ਦੀ ਉਚਾਈ ਤੋਂ ਉੱਪਰ ਹੁੰਦਾ ਸੀ, ਤਾਂ ਉਸ ਨੂੰ ਗਿਣਿਆ ਨਹੀਂ ਜਾਂਦਾ ਸੀ।" "ਸਾਡੇ ਕੋਲ ਮਜ਼ਬੂਤ ਸੁਮੇਲ ਸੀ-ਹਰਬਿੰਦਰ ਨੇ ਗੇਂਦ ਨੂੰ ਅੱਗੇ ਵਧਾਇਆ, ਹਰਮੀਤ ਨੇ ਆਪਣੇ ਹੱਥ ਨਾਲ ਉਸ ਨੂੰ ਰੋਕਿਆ ਅਤੇ ਮੈਂ ਹਿੱਟ ਕੀਤਾ।"

ਕਿਉਂਕਿ ਮੈਨੂੰ ਪੈਨਲਟੀ ਕਾਰਨਰ ਦੌਰਾਨ ਸਪੱਸ਼ਟ ਪਤਾ ਸੀ ਕਿ ਬਾਲ ਨੂੰ ਕਿੱਥੇ ਮਾਰਨਾ ਹੈ।" ਇੱਕ ਹਾਕੀ ਪਰਿਵਾਰ ਨਾਲ ਸਬੰਧ ਰੱਖਣ ਵਾਲੇ ਮੁਖਬੈਨ ਦੇ ਪਿਤਾ ਦਰਬਾਰਾ ਸਿੰਘ ਭਾਰਤੀ ਫੌਜ ਵਿੱਚ ਖਿਡਾਰੀ ਸਨ ਅਤੇ ਮੇਜਰ ਧਿਆਨ ਚੰਦ ਨਾਲ ਖੇਡਦੇ ਸਨ।

ਮੁਖਬੈਨ ਦਾ ਹਾਕੀ ਸਫ਼ਰ ਪੰਜਾਬ ਵਿੱਚ ਸ਼ੁਰੂ ਹੋਇਆ, ਜਿੱਥੇ ਉਨ੍ਹਾਂ ਨੇ ਰਾਸ਼ਟਰੀ ਟੀਮ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਸਥਾਨਕ ਕਲੱਬਾਂ ਲਈ ਖੇਡਿਆ। ਉਨ੍ਹਾਂ ਦਾ ਭਰਾ ਸੰਤੋਖ ਸਿੰਘ ਵੀ ਅੰਤਰਰਾਸ਼ਟਰੀ ਪੱਧਰ ਦਾ ਹਾਕੀ ਖਿਡਾਰੀ ਸੀ ਅਤੇ ਵਰਤਮਾਨ ਵਿੱਚ ਪਰਿਵਾਰ ਦੀ ਤੀਜੀ ਪੀੜ੍ਹੀ ਯਾਨਿ ਮੁਖਬੈਨ ਸਿੰਘ ਦੇ ਪੁੱਤਰ ਬਿਕਰਮਜੀਤ ਸਿੰਘ ਰਾਸ਼ਟਰੀ ਪੱਧਰ 'ਤੇ ਪੰਜਾਬ ਲਈ ਖੇਡ ਚੁੱਕੇ ਹਨ। ਮੁਖਬੈਨ ਸਿੰਘ ਨੇ ਕਿਹਾ, "ਮੈਂ ਪੰਜਾਬ ਵਿੱਚ ਪੈਦਾ ਹੋਇਆ ਅਤੇ ਵੱਡਾ ਹੋਇਆ ਹਾਂ, ਇਸ ਲਈ ਹਾਕੀ ਮੇਰੀ ਕੁਦਰਤੀ ਪਸੰਦ ਸੀ। ਬਟਾਲਾ ਵਿੱਚ ਖੇਡਣ ਤੋਂ ਬਾਅਦ ਮੈਂ ਅੰਮ੍ਰਿਤਸਰ ਖਾਲਸਾ ਕਾਲਜ ਕਲੱਬ ਵਿੱਚ ਸ਼ਾਮਲ ਹੋ ਗਿਆ, ਜਿੱਥੇ ਮੇਰੀ ਖੇਡ ਨੂੰ ਨਿਖਾਰਿਆ ਗਿਆ।"

"ਮਿਊਨਿਕ ਓਲੰਪਿਕ ਵਿੱਚ ਭਾਰਤੀ ਟੀਮ ਦਾ ਬਹੁਤਾ ਹਿੱਸਾ ਪੰਜਾਬ ਦੇ ਖਿਡਾਰੀਆਂ ਦਾ ਸੀ ਅਤੇ ਮੌਜੂਦਾ ਟੀਮ ਵਿੱਚ ਵੀ ਅੱਧਾ ਹਿੱਸਾ ਪੰਜਾਬ ਤੋਂ ਹੀ ਹੈ।" "ਕਪਤਾਨ ਹਰਮਨਪ੍ਰੀਤ ਸਿੰਘ, ਜਿਸ ਨੇ ਆਸਟ੍ਰੇਲੀਆ ਦੇ ਖ਼ਿਲਾਫ਼ ਪੈਨਲਟੀ ਕਾਰਨਰ ਲਏ ਅਤੇ ਦੋ ਗੋਲ ਕੀਤੇ, ਟੀਮ ਲਈ ਇੱਕ ਮਹੱਤਵਪੂਰਨ ਖਿਡਾਰੀ ਹੈ।" "ਉਸ ਦੀ ਮੌਜੂਦਾ ਫਾਰਮ ਨੂੰ ਦੇਖਦੇ ਹੋਏ, ਮੈਨੂੰ ਉਮੀਦ ਹੈ ਕਿ ਉਹ ਪੈਰਿਸ ਵਿੱਚ ਫਾਈਨਲ ਵਿੱਚ ਪਹੁੰਚਣਗੇ।"

ਮਿਊਨਿਕ ਓਲੰਪਿਕ ਦੇ ਦੌਰਾਨ ਇੱਕ ਫ਼ਲਸਤੀਨੀ ਅੱਤਵਾਦੀ ਸਮੂਹ ਦੁਆਰਾ ਕੀਤੇ ਗਏ ਅੱਤਵਾਦੀ ਹਮਲੇ ਕਾਰਨ ਖੇਡ ਪ੍ਰਭਾਵਿਤ ਹੋਈ



ਸਾਲ 2008 ਵਿੱਚ ਧਿਆਨਚੰਦ ਪੁਰਸਕਾਰ ਨਾਲ ਸਨਮਾਨਿਤ ਕੀਤੇ ਗਏ ਮੁਖਬੈਨ ਸਿੰਘ ਨੇ ਕਿਹਾ, "ਹਾਲਾਂਕਿ ਮਾਈਕਲ ਕਿੱਡੋ ਵੀ ਪੈਨਲਟੀ ਕਾਰਨਰ ਵਿੱਚ ਬਾਲ ਮਾਰਦਾ ਸੀ, ਪਰ ਮੇਰੇ ਹਿੱਟ ਨਤੀਜੇ ਦੇ ਰਹੇ ਸਨ, ਇਸ ਲਈ ਮੈਂ ਸਾਰੇ ਪੈਨਲਟੀ ਕਾਰਨਰ ਲਏ, ਜਿਸ ਨਾਲ ਖੇਡ ਵਿੱਚ ਸਾਡਾ ਦਬਦਬਾ ਬਣਿਆ ਰਿਹਾ।" "ਮਿਊਨਿਕ ਵਿੱਚ ਮੈਂ ਸਾਰੀਆਂ ਟੀਮਾਂ ਦੇ ਮੈਚ ਦੇਖਦਾ ਸੀ, ਖਾਸ ਤੌਰ 'ਤੇ ਗੋਲਕੀਪਰਾਂ 'ਤੇ ਧਿਆਨ ਕੇਂਦਰਿਤ ਕਰਦਾ ਸੀ, ਉਨ੍ਹਾਂ ਦੀ ਤਾਕਤ ਅਤੇ ਕਮਜ਼ੋਰੀਆਂ ਦਾ ਵਿਸ਼ਲੇਸ਼ਣ ਕਰਦਾ ਸੀ।"

"ਇਸ ਰਣਨੀਤੀ ਨਾਲ ਮੈਨੂੰ ਮੈਚਾਂ ਦੌਰਾਨ ਮਦਦ ਮਿਲੀ ਸੀ। ਇਸ ਹਮਲੇ ਵਿੱਚ ਦੋ ਇਜ਼ਰਾਈਲੀ ਐਥਲੀਟਾਂ ਦੀ ਮੌਤ ਹੋ ਗਈ ਸੀ ਅਤੇ ਨੌਂ ਹੋਰਾਂ ਨੂੰ ਅਗਵਾ ਕਰਕੇ ਕਤਲ ਕਰ ਦਿੱਤਾ ਗਿਆ ਸੀ।

ਮੁਖਬੈਨ ਨੇ ਦੱਸਿਆ, "ਮੈਂ ਇਜ਼ਰਾਈਲੀ ਟੀਮ ਦੀ ਬਾਲਕੋਨੀ ਵਿੱਚ ਦੋ ਅੱਤਵਾਦੀਆਂ ਨੂੰ ਅਸਾਲਟ ਰਾਈਫਲਾਂ ਨਾਲ ਦੇਖਿਆ।" "ਇਸ ਹਮਲੇ ਨਾਲ ਕਾਫ਼ੀ ਤਣਾਅ ਪੈਦਾ ਹੋ ਗਿਆ। ਇੱਥੋਂ ਤੱਕ ਕਿ ਓਲੰਪਿਕ ਨੂੰ ਰੱਦ ਕਰਨ ਦੀ ਵੀ ਚਰਚਾ ਹੋਣ ਲੱਗੀ ਸੀ।"

"ਇਸ ਤੋਂ ਇਲਾਵਾ, ਸੁਰੱਖਿਆ ਵਧਾ ਦਿੱਤੀ ਗਈ ਸੀ, ਖਾਸ ਤੌਰ 'ਤੇ 1971 ਦੀ ਤਾਜ਼ਾ ਜੰਗ ਕਾਰਨ ਭਾਰਤੀ ਅਤੇ ਪਾਕਿਸਤਾਨੀ ਦਲਾਂ ਵਿਚਕਾਰ।"

# ਮਹਾਰਾਜਾ ਦਲੀਪ ਸਿੰਘ ਉਰਫ ਬਲੈਕ ਪ੍ਰਿੰਸ ਦੇ ਵਾਰਸ



ਬਲਰਾਜ ਸਿੰਘ ਸਿੱਧੂ
ਐਸ. ਪੀ.

ਸਤਿੰਦਰ ਸਰਤਾਜ ਦੀ ਫਿਲਮ ਬਲੈਕ ਪ੍ਰਿੰਸ ਕਾਰਨ ਮਹਾਰਾਜਾ ਦਲੀਪ ਸਿੰਘ ਮੁੜ ਚਰਚਾ ਵਿੱਚ ਹੈ। ਦਲੀਪ ਸਿੰਘ ਦਾ ਜਨਮ 6 ਸਤੰਬਰ 1838 ਨੂੰ ਮਹਾਰਾਜਾ ਰਣਜੀਤ ਸਿੰਘ ਦੇ ਘਰ ਮਹਾਰਾਣੀ ਜਿੰਦਾਂ ਦੀ ਕੁੱਖੋਂ ਹੋਇਆ ਸੀ। ਉਸ ਨੇ ਮਹਾਰਾਜਾ ਸ਼ੇਰ ਸਿੰਘ ਦੀ ਮੌਤ ਤੋਂ ਬਾਅਦ 15 ਸਤੰਬਰ 1843 ਤੋਂ ਲੈ ਕੇ ਅੰਗਰੇਜਾਂ ਵੱਲੋਂ ਪੰਜਾਬ ਨੂੰ ਹੜੱਪ ਲਏ ਜਾਣ ਤੱਕ 29 ਮਾਰਚ 1849 ਤੱਕ, 5 ਸਾਲ 6 ਮਹੀਨੇ ਪੰਜਾਬ 'ਤੇ ਰਾਜ ਕੀਤਾ। 21 ਦਸੰਬਰ 1849 ਨੂੰ ਉਸ ਨੂੰ ਡਾਕਟਰ ਜਾਹਨ ਲਾਗਨ ਦੀ ਸਰਪ੍ਰਸਤੀ ਹੇਠ ਯੂ.ਪੀ. ਵਿੱਚ ਫਤਿਹਗੜ੍ਹ ਭੇਜ ਦਿੱਤਾ ਗਿਆ। 1853 ਵਿੱਚ ਆਪਣੇ ਪੁਰਾਣੇ ਨੌਕਰ ਭਜਨ ਲਾਲ ਅਤੇ ਜਾਹਨ ਲਾਗਨ ਦੇ ਪ੍ਰਭਾਵ ਹੇਠ ਉਸ ਨੇ ਇਸਾਈ ਧਰਮ ਸਵੀਕਾਰ ਕਰ ਲਿਆ। 1854 ਵਿੱਚ ਉਸ ਨੂੰ ਇੰਗਲੈਂਡ ਭੇਜ ਦਿੱਤਾ ਗਿਆ। ਪਰ ਸਮਝਦਾਰ ਹੋਣ 'ਤੇ 1858 ਈ. ਵਿੱਚ 20 ਸਾਲ ਦੀ ਉਮਰ ਵਿੱਚ ਉਸ ਨੇ ਦੁਬਾਰਾ ਸਿੱਖ ਧਰਮ ਧਾਰਨ ਕਰ ਲਿਆ।

ਇੰਗਲੈਂਡ ਦੀ ਮਹਾਰਾਣੀ ਵਿਕਟੋਰੀਆ ਦਲੀਪ ਸਿੰਘ ਨੂੰ ਦਿਲੀ ਪਿਆਰ ਕਰਦੀ ਸੀ। ਉਹ ਕਾਫੀ ਦੇਰ ਉਸ-ਬੋਰਨ ਵਿਖੇ ਸ਼ਾਹੀ ਪਰਿਵਾਰ ਨਾਲ ਰਿਹਾ। ਇੰਗਲੈਂਡ ਵਿੱਚ ਉਹ ਵਿੰਬਲਡਨ, ਰੋਹੈਂਪਟਨ, ਔਚਲੀਨ ਅਤੇ ਅਖੀਰ ਪਰਥਸ਼ਾਇਰ ਦੇ 17000 ਏਕੜ ਜ਼ਮੀਨ ਵਿੱਚ ਸਥਿੱਤ ਮੈਨ-ਜੀਜ਼ ਮਹਿਲ ਵਿੱਚ ਵੱਸ ਗਿਆ। ਇਥੇ ਹੀ ਮਹਿੰਗੀ ਜੀਵਨ ਸ਼ੈਲੀ, ਸ਼ਿਕਾਰ ਪਾਰਟੀਆਂ ਅਤੇ ਸ਼ਾਨਦਾਰ ਕੱਪੜੇ ਪਹਿਨਣ ਕਾਰਨ ਉਸ ਨੂੰ ਬਲੈਕ ਪ੍ਰਿੰਸ ਆਫ ਪਰਥਸ਼ਾਇਰ ਦਾ ਨਾਮ ਮਿਲਿਆ। 16 ਜਨਵਰੀ 1861 ਨੂੰ ਉਹ ਕਲਕੱਤਾ ਦੇ ਸਪੈਂਸਰ ਹੋਟਲ ਵਿੱਚ ਆਪਣੀ ਅੰਨ੍ਹੀ ਮਾਂ ਨੂੰ ਮਿਲਿਆ ਅਤੇ ਉਸ ਨੂੰ ਵਾਪਸ ਇੰਗਲੈਂਡ ਲੈ ਆਇਆ। ਉਸ ਨੂੰ ਅੱਗੇ ਪੰਜਾਬ ਜਾਣ ਦੀ ਆਗਿਆ ਨਾ ਮਿਲੀ। ਜਿੰਦਾ ਉਸ ਨਾਲ ਹੀ ਪਰਥਸ਼ਾਇਰ ਰਹਿਣ ਲੱਗੀ ਤੇ ਉਥੇ ਹੀ 1 ਅਗਸਤ 1863 ਵਿੱਚ ਉਸ ਦੀ ਮੌਤ ਹੋ ਗਈ। 1863 ਵਿੱਚ ਦਲੀਪ ਸਿੰਘ ਦੂਸਰੀ ਵਾਰ ਆਪਣੀ ਮਾਂ ਦੀ ਰਾਖ ਪਾਉਣ ਲਈ ਭਾਰਤ ਆਇਆ। ਉਸ ਨੂੰ ਸਿਰਫ ਗੋਦਾਵਰੀ ਤੱਕ ਜਾਣ ਦੀ ਹੀ ਆਗਿਆ ਮਿਲੀ। ਹੌਲੀ-ਹੌਲੀ ਉਸ ਵਿੱਚ ਪੰਜਾਬ ਜਾਣ ਦੀ ਇੱਛਾ ਪ੍ਰਬਲ ਹੋ ਗਈ। ਬ੍ਰਿਟਿਸ਼ ਸਰਕਾਰ ਦੀ ਇੱਛਾ ਦੇ ਵਿਰੁੱਧ ਉਹ 30 ਮਾਰਚ 1886 ਨੂੰ ਭਾਰਤ ਲਈ ਚੱਲ ਪਿਆ ਪਰ ਯਮਨ ਦੀ ਬੰਦਰਗਾਹ ਅਦਨ ਤੋਂ ਵਾਪਸ ਮੋੜ ਦਿੱਤਾ ਗਿਆ।

ਦੁਖੀ ਹੋਇਆ ਦਲੀਪ ਸਿੰਘ ਫਰਾਂਸ ਚਲਾ ਗਿਆ। ਉਸ ਨੇ ਰੂਸ ਦੀ ਯਾਤਰਾ ਵੀ ਕੀਤੀ ਪਰ ਜ਼ਾਰ (ਰੂਸ ਦਾ ਬਾਦਸ਼ਾਹ) ਨੂੰ ਭਾਰਤ 'ਤੇ ਹਮਲਾ ਕਰਨ ਲਈ ਨਾ ਮਨਾ ਸਕਿਆ। ਅਖੀਰ 1893 ਈ. ਨੂੰ ਮਾੜੀ ਸਿਹਤ ਅਤੇ ਡਿਪਰੈਸ਼ਨ ਕਾਰਨ 55 ਸਾਲ ਦੀ ਉਮਰ ਵਿੱਚ ਉਸ ਦੀ ਪੈਰਿਸ ਦੇ ਇੱਕ ਸਧਾਰਨ ਹੋਟਲ ਦੇ ਕਮਰੇ ਵਿੱਚ ਮੌਤ ਹੋ ਗਈ। ਉਸ ਦੀ ਆਖਰੀ ਇੱਛਾ ਸੀ ਕਿ ਉਸ ਦਾ ਅੰਤਿਮ ਸੰਸਕਾਰ ਲਾਹੌਰ ਵਿੱਚ ਕੀਤਾ ਜਾਵੇ। ਪਰ ਗੜਬੜ ਹੋਣ ਦੇ ਡਰੋਂ ਉਸ ਦੀ ਲਾਸ਼ ਨੂੰ ਪੰਜਾਬ ਲਿਜਾਉਣ ਦੀ ਬਜਾਏ ਲੰਡਨ ਦੀ ਐਲਵਡਨ ਚਰਚ ਵਿੱਚ ਉਸ ਦੀ ਪਤਨੀ ਮਹਾਰਾਣੀ ਬੰਬਾ ਅਤੇ ਪੁੱਤਰ ਐਡਵਰਡ ਅਲਬਰਟ ਦਲੀਪ ਸਿੰਘ ਦੀਆਂ ਕਬਰਾਂ ਦੇ ਨਜ਼ਦੀਕ ਇਸਾਈ ਰੀਤੀ ਰਿਵਾਜਾਂ ਮੁਤਾਬਕ ਦਫਨ ਕਰ ਦਿੱਤਾ ਗਿਆ। ਦਲੀਪ ਸਿੰਘ ਦੀਆਂ ਦੋ ਪਤਨੀਆਂ ਅਤੇ ਅੱਠ ਬੱਚੇ ਸਨ। ਪਹਿਲੇ ਵਿਆਹ ਤੋਂ ਤਿੰਨ ਲੜਕੇ ਤੇ ਤਿੰਨ ਲੜਕੀਆਂ ਅਤੇ ਦੂਸਰੇ ਤੋਂ ਦੋ ਲੜਕੀਆਂ। ਉਸ ਦੇ ਸਾਰੇ ਬੱਚੇ ਅਤੇ ਦੋਵੇਂ ਪਤਨੀਆਂ ਇਸਾਈ ਸਨ। ਉਹਨਾਂ ਨੇ ਸਾਰੀ ਉਮਰ ਇਸਾਈ ਧਰਮ ਦੇ ਨੇਮਾਂ ਅਨੁਸਾਰ ਬਤੀਤ ਕੀਤੀ ਤੇ ਈਸਾਈ ਧਰਮ ਮੁਤਾਬਕ ਹੀ ਦਫਨਾਏ ਗਏ। ਉਸ ਦੀ ਪਹਿਲੀ ਪਤਨੀ ਦਾ ਨਾਮ ਬੰਬਾ ਮੂਲਰ ਸੀ। ਬੰਬਾ ਇੱਕ ਅਰਬੀ ਸ਼ਬਦ ਹੈ ਜਿਸ ਦਾ ਮਤਲਬ ਗੁਲਾਬੀ ਹੁੰਦਾ ਹੈ। ਉਸ ਦਾ ਜਨਮ 6 ਜੁਲਾਈ 1848 ਨੂੰ ਮਿਸਰ ਦੀ ਰਾਜਧਾਨੀ ਕਾਹਿਰਾ ਵਿੱਚ ਹੋਇਆ ਸੀ। ਉਸ ਦਾ ਬਾਪ ਲੁਡਵਿਗ ਮੂਲਰ ਇੱਕ ਜਰਮਨ ਬੈਂਕਰ ਅਤੇ ਵਪਾਰੀ ਸੀ। ਉਸ ਦੀ ਮਾਤਾ ਸੋਫੀਆ ਐਬੀਸੀਨੀਅਨ ਇਸਾਈ ਸੀ ਤੇ ਲੁਡਵਿਗ ਦੀ ਰਖੇਲ ਸੀ। ਲੁਡਵਿਗ ਨੇ ਸਮਾਜਿਕ ਪਰੇਸ਼ਾਨੀ ਤੋਂ ਬਚਣ ਲਈ ਬੰਬਾ ਨੂੰ ਕਾਹਿਰਾ ਦੇ ਅਮਰੀਕਨ ਪਰੈਸਬੀਟੇਰੀਅਨ ਮਿਸ਼ਨਰੀ ਸਕੂਲ ਵਿੱਚ ਭਰਤੀ ਕਰਵਾ ਦਿੱਤਾ। ਆਪਣੀ ਮਾਤਾ ਦੀਆਂ ਆਖਰੀ ਰਸਮਾਂ ਕਰ ਕੇ ਮੁੰਬਈ ਤੋਂ ਵਾਪਸ ਜਾਂਦਾ ਦਲੀਪ ਸਿੰਘ ਕੁੱਝ ਦੇਰ ਲਈ ਕਾਹਿਰਾ ਰੁਕਿਆ। ਮਿਸ਼ਨਰੀ ਸਕੂਲ ਦਾ ਦੌਰਾ ਕਰਦੇ ਸਮੇਂ ਉਹ ਬੰਬਾ ਦੀ ਖੂਬਸੂਰਤੀ 'ਤੇ ਮਰ ਮਿਟਿਆ। 7 ਜੂਨ 1864 ਨੂੰ ਬ੍ਰਿਟਿਸ਼ ਦੂਤਘਰ ਵਿੱਚ ਦੋਵਾਂ ਦਾ ਵਿਆਹ ਹੋ ਗਿਆ ਤੇ ਉਹ ਲੰਡਨ ਪਹੁੰਚ ਗਏ। ਬੰਬਾ ਇੱਕ ਸੁਘੜ ਸਿਆਣੀ ਔਰਤ ਸੀ ਤੇ ਦਲੀਪ ਸਿੰਘ ਉਸ ਨੂੰ ਬਹੁਤ ਜਿਆਦਾ ਪਿਆਰ ਕਰਦਾ ਸੀ। 18 ਸਤੰਬਰ 1887 ਨੂੰ ਗੁਰਦੇ ਖਰਾਬ ਹੋ ਜਾਣ ਕਾਰਨ ਉਸ ਦੀ 39 ਸਾਲ ਦੀ ਉਮਰ ਵਿੱਚ ਮੌਤ ਹੋ ਗਈ। ਉਸ ਦੀ ਕੁੱਖੋਂ ਪੈਦਾ ਹੋਏ ਬੱਚੇ ਇਸ ਪ੍ਰਕਾਰ ਹਨ।

**1. ਪ੍ਰਿੰਸ ਵਿਕਟਰ ਅਲਬਰਟ ਜੇ ਦਲੀਪ ਸਿੰਘ--** ਵਿਕਟਰ ਦਲੀਪ ਸਿੰਘ ਅਤੇ ਬੰਬਾ ਦਾ ਸਭ ਤੋਂ ਵੱਡਾ ਬੱਚਾ ਸੀ। ਉਸ ਦਾ ਜਨਮ 10 ਜੁਲਾਈ 1866 ਨੂੰ ਲੰਡਨ ਵਿਖੇ ਹੋਇਆ ਸੀ। ਉਸ ਨੇ ਈਟਨ ਅਤੇ ਟ੍ਰਿਨਟੀ ਕਾਲਜ ਕੈਂਬਰਿਜ਼ ਤੋਂ ਸਿੱਖਿਆ ਪ੍ਰਾਪਤ ਕੀਤੀ। ਰਾਇਲ ਮਿਲ-ਟਰੀ ਕਾਲਜ ਸੈਂਡਹਰਸਟ ਤੋਂ ਸੈਨਿਕ ਸਿਖਲਾਈ ਪ੍ਰਾਪਤ ਕਰ ਕੇ ਉਹ 1887 ਵਿੱਚ ਫਸਟ ਰਾਇਲ ਡਰੈਗੂਨਜ਼ ਪਲਟਣ ਵਿੱਚ ਸੈਕੰਡ ਲੈਫਟੀਨੈਂਟ ਭਰਤੀ ਹੋ ਗਿਆ ਜਿੱਥੇ ਉਸ ਨੇ 1898 ਤੱਕ ਨੌਕਰੀ ਕੀਤੀ। ਉਸ ਨੇ ਕੈਨੇਡਾ ਸਮੇਤ ਕਈ ਦੇਸ਼ਾਂ ਵਿੱਚ ਮਿਲਟਰੀ ਸੇਵਾ ਨਿਭਾਈ। 4 ਜਨਵਰੀ 1898 ਨੂੰ ਉਸ ਨੇ ਕਵੈਂਟਰੀ ਦੇ ਅਰਲ (ਜਗੀਰਦਾਰ) ਜਾਰਜ ਵਿਲੀਅਮ ਦੀ ਬੇਟੀ ਲੇਡੀ ਐਨ ਨਾਲ ਸ਼ਾਦੀ ਕਰਵਾ ਲਈ। ਇਸ ਵਿਆਹ ਨੇ ਇੰਗਲੈਂਡ ਵਿੱਚ ਬਹੁਤ ਵਿਵਾਦ ਪੈਦਾ ਕੀਤਾ ਕਿਉਂਕਿ ਇਹ ਪਹਿਲੀ ਵਾਰ ਹੋਇਆ ਸੀ ਕਿ ਕਿਸੇ ਭਾਰਤੀ ਰਾਜਕੁਮਾਰ ਦਾ ਵਿਆਹ ਬ੍ਰਿਟਿਸ਼ ਸ਼ਾਹੀ ਖਾਨਦਾਨ ਦੀ ਔਰਤ ਨਾਲ ਹੋਇਆ ਹੋਵੇ। ਇਹ ਵਿਆਹ ਪ੍ਰਿੰਸ ਆਫ ਵੇਲਜ਼ (ਬਾਅਦ ਵਿੱਚ ਇੰਗ-ਲੈਂਡ ਦਾ ਬਾਦਸ਼ਾਹ ਐਡਵਰਡ 7ਵਾਂ ਬਣਿਆ) ਦੀ ਮਦਦ ਕਾਰਨ ਹੀ ਸੰਭਵ ਹੋ ਸਕਿਆ। ਬਹੁਤ ਹੀ ਠਾਠ ਬਾਠ ਨਾਲ ਹੋਏ ਇਸ ਵਿਆਹ ਵਿੱਚ ਮਹਾਰਾਣੀ ਵਿਕਟੋਰੀਆ ਸਮੇਤ ਇੰਗ-ਲੈਂਡ ਦੀਆਂ ਅਨੇਕਾਂ ਮਹਾਨ ਹਸਤੀਆਂ ਨੇ ਸ਼ਿਰਕਤ ਕੀਤੀ ਸੀ। ਸ਼ਾਹ ਖਰਚ ਜੀਵਨ ਸ਼ੈਲੀ ਅਤੇ ਜੂਏ ਦੀ ਬੁਰੀ ਆਦਤ ਕਾਰਨ ਵਿਕਟਰ ਸਤੰਬਰ 1902 ਵਿੱਚ ਦੀਵਾਲੀਆ ਘੋਸ਼ਿਤ ਕਰ ਦਿੱਤਾ ਗਿਆ। 7 ਜੂਨ 1918 ਵਿੱਚ ਬਿਨਾਂ ਕਿਸੇ ਔਲਾਦ ਦੇ ਉਸ ਦੀ 51 ਸਾਲ ਦੀ ਉਮਰ ਵਿੱਚ ਮੌਂਟੇ ਕਾਰਲੋ ਵਿਖੇ ਮੌਤ ਹੋ ਗਈ। ਉਸ ਨੂੰ ਮੌਂਟੇ ਕਾਰਲੋ ਦੇ ਐਂਗਲੀਕਨ ਕਬਰਸਤਾਨ ਵਿੱਚ ਦਫਨ ਕੀਤਾ ਗਿਆ। ਉਸ ਦੀ ਕਬਰ ਦੇ ਨਾਲ ਹੀ ਉਸ ਦੀ ਪਤਨੀ ਐਨ ਦੀ ਕਬਰ ਹੈ ਜਿਸ ਦੀ ਮੌਤ 2 ਜੁਲਾਈ 1956 ਨੂੰ 82 ਸਾਲ ਦੀ ਉਮਰ ਵਿੱਚ ਹੋਈ। ਵਿਕਟਰ ਦੀ ਮੌਤ ਤੋਂ ਕਾਫੀ ਸਾਲ ਬਾਅਦ ਤੱਕ ਇਹ ਚਰਚਾ ਜ਼ੋਰਾਂ 'ਤੇ ਚੱਲਦੀ ਰਹੀ ਕਿ ਉਹ ਕਾਰਨਾਰਵਨ ਕਾਊਂਟੀ ਦੇ 6ਵੇਂ ਅਰਲ ਹੈਨਰੀ ਹਰਬਰਟ ਦਾ ਅਸਲੀ ਬਾਪ ਸੀ ਕਿਉਂਕਿ ਉਸ ਦੇ ਹੈਨਰੀ ਦੀ ਮਾਂ ਅਲਮੀਨਾ ਨਾਲ ਗੂੜੇ ਪ੍ਰੇਮ ਸਬੰਧ ਸਨ।



**2. ਪ੍ਰਿੰਸ ਫਰੈਡਰਿਕ ਵਿਕਟਰ ਦਲੀਪ ਸਿੰਘ –** ਫਰੈਡਰਿਕ ਦਾ ਜਨਮ 23 ਜਨਵਰੀ 1868 ਨੂੰ ਲੰਡਨ ਵਿਖੇ ਹੋਇਆ। ਉਸ ਦਾ ਵਿਆਹ ਸੋਫੀਆ ਅਲੈਕ-ਸਡਰੋਨਾ ਨਾਲ ਹੋਇਆ। ਉਸ ਨੂੰ ਆਪਣੇ ਖਾਨਦਾਨ 'ਤੇ ਹੱਦੋਂ ਵੱਧ ਮਾਣ ਸੀ। ਉਸ ਨੇ ਈਟਨ ਅਤੇ ਟ੍ਰਿਨਟੀ ਕਾਲਜ ਕੈਂਬਰਿਜ਼ ਤੋਂ ਸਿੱਖਿਆ ਪ੍ਰਾਪਤ ਕੀਤੀ ਤੇ ਉਹ ਵੀ ਫੌਜੀ ਅਫਸਰ ਸੀ। ਉਹ 12 ਅਗਸਤ 1893 ਵਿੱਚ ਯੀਉਮੈਨਰੀ ਰੈਜਮੈਂਟ ਵਿੱਚ ਸੈਕੰਡ ਲੈਫਟੀਨੈਂਟ ਭਰਤੀ ਹੋਇਆ ਅਤੇ 1919 ਤੱਕ ਨੌਕਰੀ ਕੀਤੀ। ਉਸ ਨੇ ਪਹਿਲੇ ਸੰਸਾਰ ਯੁੱਧ ਵੇਲੇ ਦੋ ਸਾਲ ਤੱਕ ਫਰਾਂਸ ਦੇ ਫਰੰਟ 'ਤੇ ਯੁੱਧ ਵਿੱਚ ਹਿੱਸਾ ਲਿਆ। ਈਟਨ ਸਕੂਲ ਵਿੱਚ ਵਿਕਟਰ ਅਤੇ ਫਰੈਡਰਿਕ ਦੀ ਯਾਦ ਵਿੱਚ ਇਕ ਯਾਦਗਾਰ ਬਣੀ ਹੋਈ ਹੈ। ਫਰੈਡਰਿਕ ਕਲਾ ਦਾ ਬਹੁਤ ਵੱਡਾ ਕਦਰਦਾਨ ਸੀ। ਉਸ ਕੋਲ ਮਹਾਨ ਪੇਂਟਰਾਂ ਦੀਆਂ ਬੇਸ਼ਕੀਮਤੀ ਪੇਟਿੰਗਾਂ ਦੀ ਵੱਡੀ ਕੁਲੈਕਸ਼ਨ ਸੀ। ਇਹ ਸਾਰੀਆਂ ਉਸ ਨੇ ਬਾਅਦ ਵਿੱਚ ਥੈਟਫੋਰਡ ਸ਼ਹਿਰ ਨੂੰ ਆਪਣੇ ਇੱਕ ਮਹਿੰਗੇ ਮਕਾਨ ਸਮੇਤ ਮਿਊਜ਼ੀਅਮ ਬਣਾਉਣ ਲਈ ਦਾਨ ਦੇ ਦਿ-ੱਤੀਆਂ। ਉਸ ਬਾਰੇ ਵੀ ਦਾਅਵਾ ਕੀਤਾ ਜਾਂਦਾ ਹੈ ਕਿ ਉਹ ਆਪਣੀ ਨੌਕਰਾਣੀ ਮਿਸ ਗੋਡਾਰਡ ਦੇ ਇੱਕ ਨਜਾਇਜ਼ ਬੇਟੇ ਦਾ ਬਾਪ ਸੀ। 23 ਜਨਵਰੀ 1868 ਨੂੰ 58 ਸਾਲ ਦੀ ਉਮਰ ਵਿੱਚ ਉਸ ਦੀ ਬਿਨਾਂ ਕਿਸੇ ਔਲਾਦ ਦੇ ਮੌਤ ਹੋ ਗਈ। ਉਸ ਨੂੰ ਇੰਗਲੈਂਡ ਵਿੱਚ ਨਾਰਫਾਕ ਸ਼ਹਿਰ ਦੇ ਬਲੋ ਨਾਰਟਨ ਚਰਚ ਵਿਖੇ ਦਫਨਾਇਆ ਗਿਆ।

**3. ਰਾਜਕੁਮਾਰੀ ਬੰਬਾ ਸੋਫੀਆ ਜਿੰਦਾਂ–** ਬੰਬਾ ਦਾ ਜਨਮ 29 ਸਤੰਬਰ 1869 ਨੂੰ ਲੰਡਨ ਵਿਖੇ ਹੋਇਆ। ਉਸ ਨੇ ਸਮਰਵਿਲੇ ਕਾਲਜ ਤੋਂ ਵਿਦਿਆ ਪ੍ਰਾਪਤ ਕੀਤੀ। ਉਸ ਨੇ ਕਈ ਵਾਰ ਲਾਹੌਰ, ਪੇਸ਼ਾਵਰ, ਦਿੱਲੀ ਅਤੇ ਸ਼ਿਮਲੇ ਆਦਿ ਦੀ ਯਾਤਰਾ ਕੀਤੀ ਤੇ ਅਖੀਰ ਉਹ ਲਾਹੌਰ ਵਿੱਚ ਵੱਸ ਗਈ। ਉਸ ਨੇ ਕਿੰਗ ਐਡਵਰਡ ਮੈਡੀਕਲ ਕਾਲਜ ਲਾਹੌਰ ਦੇ ਪ੍ਰਿੰਸੀਪਲ ਡਾ. ਡੇਵਿਡ ਵਾਟਰਜ਼ ਸਦਰਲੈਂਡ ਨਾਲ ਸ਼ਾਦੀ ਕੀਤੀ ਜਿਸ ਕਾਰਨ ਉਸ ਨੂੰ ਬੰਬਾ ਸਦਰਲੈਂਡ ਪੁਕਾ-ਰਿਆ ਜਾਂਦਾ ਸੀ। ਬੰਬਾ ਨੇ ਆਪਣੀ ਦਾਦੀ ਮਹਾਰਾਣੀ ਜਿੰਦਾਂ ਦੀਆਂ ਅਸਥੀਆਂ ਮੁੰਬਈ ਤੋਂ ਲਾਹੌਰ ਲਿਆਉਣ ਲਈ ਬਹੁਤ ਯਤਨ ਕੀਤੇ। ਕਈ ਵਾਰ ਗਵਰਨਰ ਪੰਜਾਬ ਨਾਲ ਮੁਲਾਕਾਤ ਕਰਨ ਤੋਂ ਬਾਅਦ 1924 ਵਿੱਚ ਆਗਿਆ ਮਿਲੀ। ਉਹ ਖੁਦ ਮੁੰਬਈ ਜਾ ਕੇ ਆਪਣੀ ਨਿਗਰਾਨੀ ਹੇਠ ਅਸਥੀਆਂ ਲੈ ਕੇ ਆਈ ਤੇ ਪੂਰੇ ਸਨਮਾਨਾਂ ਨਾਲ ਲਾਹੌਰ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਨੇ ਨਾਲ ਦਫਨਾਈਆਂ। ਡਾ. ਸਦਰਲੈਂਡ ਦੀ 1939 ਅਤੇ ਬੰਬਾ ਦੀ 10 ਮਾਰਚ 1957 ਨੂੰ 88 ਸਾਲ ਦੀ ਉਮਰ ਵਿੱਚ ਬਿਨਾਂ ਕਿਸੇ ਵਾਰਸ ਦੇ ਮੌਤ ਹੋ ਗਈ। ਉਸ ਨੂੰ ਲਾਹੌਰ ਗੋਰਿਆਂ ਦੇ ਕਬਰਸਤਾਨ ਵਿੱਚ ਦਫਨਾ ਦਿੱਤਾ ਗਿਆ। ਬੰਬਾ ਕੋਲ ਸਿੱਖ ਰਾਜ ਨਾਲ ਸੰਬੰਧਿਤ ਬੇਸ਼ਕੀਮਤੀ ਕਲਾ ਕ੍ਰਿਤਾਂ ਦਾ ਬਹੁਤ ਵੱਡਾ ਖਜ਼ਾਨਾ ਸੀ ਜੋ ਉਸ ਦੀ ਵਸੀਅਤ ਮੁਤਾਬਕ ਉਸ ਦੇ ਸੈਕਟਰੀ ਪੀਰ ਕਰੀਮ ਬਖਸ਼ ਸਪਰਾ ਨੂੰ ਮਿਲ ਗਿਆ। ਕੁੱਝ ਸਾਲ ਬਾਅਦ ਸਪਰਾ ਨੇ ਉਹ ਸਮਾਨ ਪਾਕਿਸਤਾਨ ਸਰਕਾਰ ਨੂੰ ਵੇਚ ਦਿੱਤਾ ਜੋ ਹੁਣ ਲਾਹੌਰ ਸ਼ਾਹੀ ਕਿਲੇ ਦੇ ਮਿਊਜ਼ੀਅਮ ਵਿੱਚ ਪ੍ਰਿੰਸਿਸ ਬੰਬਾ ਕੁ-ਲੈਕਸ਼ਨ ਦੇ ਨਾਮ ਹੇਠ ਪ੍ਰਦਰਸ਼ਿਤ ਹਨ।

**4. ਰਾਜਕੁਮਾਰੀ ਕੈਥਰੀਨ ਹਿਲਡਾ ਦਲੀਪ ਸਿੰਘ–** ਕੈਥਰੀਨ ਦਾ ਜਨਮ 27 ਅਕਤੂਬਰ 1871 ਨੂੰ ਸਫੋਲਕ ਵਿਖੇ ਹੋਇਆ ਸੀ। ਉਸ ਨੇ ਵੀ ਬੰਬਾ ਵਾਂਗ ਸਮ-ਰਵਿਲੇ ਕਾਲਜ ਆਕਸਫੋਰਡ ਤੋਂ ਵਿਦਿਆ ਪ੍ਰਾਪਤ ਕੀਤੀ। ਉਸ ਨੇ ਵਾਇਲਨ ਵਜਾਉਣ ਅਤੇ ਗਾਉਣ ਵਿੱਚ ਉੱਚ ਕੋਟੀ ਦੀ ਸਿੱਖਿਆ ਪ੍ਰਾਪਤ ਕੀਤੀ। ਉਸ ਨੂੰ ਘੁੰਮਣ ਫਿਰਨ ਦਾ ਬਹੁਤ ਸ਼ੌਕ ਸੀ। ਉਸ ਨੇ ਕਰੀਬ ਸਾਰੇ ਯੂਰਪ ਦੀ ਸੈਰ ਕੀਤੀ। ਉਹ ਆਪਣੀ ਭੈਣ ਸੋਫੀਆ ਵਾਂਗ ਔਰਤਾਂ ਦੇ ਅਧਿਕਾਰਾਂ ਲਈ ਅੰਦੋਲਨ ਵਿੱਚ ਵੀ ਹਿੱਸਾ ਲੈਂਦੀ ਸੀ। 1903 ਵਿੱਚ ਉਹ ਭਾਰਤ ਆਈ ਤੇ ਲਾਹੌਰ, ਡਲਹੌਜ਼ੀ, ਸ਼ਿਮਲਾ ਅਤੇ ਅੰਮ੍ਰਿਤਸਰ ਦੀ ਸੈਰ ਕੀਤੀ। ਉਸ ਨੇ ਪਟਿਆਲਾ, ਨਾਭਾ, ਜੀਂਦ ਅਤੇ ਕਪੂਰਥਲਾ ਦੇ ਰਾਜਿਆਂ ਨਾਲ ਵੀ ਮੁਲਾਕਾਤ ਕੀਤੀ। ਉਸ ਨੇ ਸ਼ਾਦੀ ਨਹੀਂ ਸੀ ਕੀਤੀ। ਉਸ ਦੇ ਆਪਣੀ ਜਰਮਨ ਸਹਾਇਕ ਲੀਨਾ ਸ਼ੈਫਰ ਨਾਲ ਬਹੁਤ ਗਹਿਰੇ ਸਬੰਧ ਸਨ। ਦੋਵੇਂ ਸਾਰੀ ਉਮਰ ਇਕੱਠੀਆਂ ਰਹੀਆਂ।

ਇਥੋਂ ਤੱਕ ਕਿ ਇੰਗਲੈਂਡ ਵੱਲੋਂ ਗੱਦਾਰ ਘੋਸ਼ਿਤ ਕੀਤੇ ਜਾਣ ਦੇ ਖਤਰੇ ਦੇ ਬਾਵਜੂਦ ਉਹ ਪਹਿਲੇ ਸੰਸਾਰ ਯੁੱਧ ਸਮੇਂ ਸ਼ੈਫਰ ਨਾਲ ਜਰਮਨੀ ਵਿੱਚ ਹੀ ਰਹਿੰਦੀ ਰਹੀ। 1938 ਵਿੱਚ ਸ਼ੈਫਰ ਦੀ ਮੌਤ ਹੋਣ ਤੋਂ ਬਾਅਦ ਹੀ ਉਹ ਇੰਗਲੈਂਡ ਵਾਪਸ ਆਈ। ਉਸ ਦੀ ਮੌਤ 8 ਨਵੰਬਰ 1942 ਨੂੰ 71 ਸਾਲ ਦੀ ਉਮਰ ਵਿੱਚ ਆਪਣੀ ਭੈਣ ਸੋਫੀਆ ਦੇ ਕੋਲ ਪੈਨ ਸ਼ਹਿਰ ਵਿੱਚ ਹਾਰਟ ਅਟੈਕ ਨਾਲ ਹੋਈ। ਉਸ ਦੀ ਮੌਤ ਤੋਂ 55 ਸਾਲ ਬਾਅਦ 1997 ਵਿੱਚ ਉਸ ਦੇ ਨਾਮ ਦਾ ਲਾਕਰ ਇੱਕ ਸਵਿੱਸ ਬੈਂਕ ਵਿੱਚ ਲੱਭਾ।

ਉਸ ਵਿੱਚੋਂ 137323 ਸਵਿੱਸ ਫਰੈਂਕ (ਕਰੀਬ 40 ਲੱਖ ਰੁ.) ਮਿਲੇ ਸਨ ਜੋ ਦਾਅਵਾ ਕਰਨ 'ਤੇ ਬੰਬਾ ਸਦਰ-ਲੈਂਡ ਦੇ ਸੈਕਟਰੀ ਕਰੀਮ ਬਖਸ਼ ਸਪਰਾ ਦੇ 5 ਲੜਕਿਆਂ ਨੂੰ ਮਿਲ ਗਏ। ਕਿਉਂਕਿ ਕੈਥਰੀਨ ਨੇ ਆਪਣੀ ਵਸੀਅਤ ਬੰਬਾ ਦੇ ਨਾਮ ਕੀਤੀ ਸੀ ਤੇ ਬੰਬਾ ਨੇ ਸਪਰਾ ਦੇ। ਹੁਣ ਭਾਵੇਂ ਇਹ ਰਕਮ ਘੱਟ ਲੱਗਦੀ ਹੈ, ਪਰ ਉਸ ਵੇਲੇ ਐਨੇ ਪੈਸੇ ਕਿਸੇ ਵਿਰਲੇ ਅਮੀਰ ਕੋਲ ਹੀ ਹੁੰਦੇ ਸਨ।

**5. ਰਾਜਕੁਮਾਰੀ ਸੋਫੀਆ ਅਲੈਗਜੈਂਡਰਾ ਦਲੀਪ ਸਿੰਘ–** ਸੋਫੀਆ ਦਾ ਜਨਮ 8 ਅਗਸਤ 1876 ਨੂੰ ਐਲਵੇਡਨ ਹਾਲ, ਸਫੌਲਕ ਵਿਖੇ ਹੋਇਆ ਸੀ। ਉਹ ਕ੍ਰਾ-ਂਤੀਕਾਰੀ ਅਤੇ ਬਾਗੀ ਤੇਵਰਾਂ ਵਾਲੀ ਔਰਤ ਸੀ। ਔਰਤਾਂ ਦੇ ਅਧਿਕਾਰਾਂ ਅਤੇ ਹੋਰ ਮੁੱਦਿਆਂ 'ਤੇ ਉਸ ਦਾ ਸਾਰੀ ਉਮਰ ਬ੍ਰਿਟਿਸ਼ ਸਰਕਾਰ ਨਾਲ ਟਕਰਾਉ ਚੱਲਦਾ ਰਿਹਾ। ਰਾਣੀ ਵਿਕਟੋਰੀਆਂ ਇਸ ਨੂੰ ਬਹੁਤ ਪਿਆਰ ਕਰਦੀ ਸੀ ਕਿਉਂਕਿ ਉਹ ਇਸ ਦੀ ਗਾਡ ਮਦਰ ਸੀ। ਸੋਫੀਆ ਆਪਣੀ ਭੈਣ ਬੰਬਾ ਨਾਲ 1903 ਵਿੱਚ ਦਿੱਲੀ ਦਰਬਾਰ ਵਿੱਚ ਹਿੱਸਾ ਲੈਣ ਲਈ ਗਈ। 1907 ਵਿੱਚ ਉਹ ਲਾਹੌਰ ਅਤੇ ਅੰਮ੍ਰਿਤਸਰ ਗਈ ਤੇ ਆਪਣੇ ਰਿਸ਼ਤੇਦਾਰਾਂ ਨੂੰ ਮਿਲੀ।

ਉਥੋਂ ਆਪਣੇ ਬਾਪ ਅਤੇ ਦਾਦੀ ਨਾਲ ਹੋਈ ਬੇਇਨਸਾਫੀ ਬਾਰੇ ਪਤਾ ਲੱਗਣ 'ਤੇ ਉਸ ਦਾ ਦਿਲ ਬ੍ਰਿਟਿਸ਼ ਸਰਕਾਰ ਪ੍ਰਤੀ ਨਫਰਤ ਨਾਲ ਭਰ ਗਿਆ। ਉਸ ਦੇ ਗੋਪਾਲ ਕ੍ਰਿਸ਼ਨ ਗੋਖਲੇ, ਸਰਲਾ ਦੇਵੀ ਅਤੇ ਲਾਲਾ ਲਾਜਪਤ ਰਾਏ ਵਰਗੇ ਦੇਸ਼ ਭਗਤਾਂ ਨਾਲ ਨੇੜਲੇ ਸੰਬੰਧ ਸਨ। 1909 ਵਿੱਚ ਉਹ ਮਹਾਤਮਾ ਗਾਂਧੀ ਨੂੰ ਲੰਡਨ ਵਿੱਚ ਮਿਲੀ ਅਤੇ ਵੈਸਟਮਿੰ-ਸਟਰ ਪੈਲਸ ਹੋਟਲ ਵਿੱਚ ਉਸ ਦੀ ਵਿਦਾਇਗੀ ਪਾਰਟੀ ਵਿੱਚ ਹਿੱਸਾ ਲਿਆ। 1909 ਵਿੱਚ ਉਹ ਇੰਗਲੈਂਡ ਵਿੱਚ ਔਰਤਾਂ ਦੇ ਅਧਿਕਾਰਾਂ ਦੀ ਰਾਖੀ ਲਈ ਅੰ-ਦੋਲਨ ਵਿੱਚ ਕੁੱਦ ਪਈ। ਉਸ ਨੇ ਔਰਤਾਂ ਨੂੰ ਵੋਟਾਂ ਪਾਉਣ ਦਾ ਅਧਿਕਾਰ ਦੇਣ ਲਈ ਅੰਦੋਲਨ ਚਲਾਇਆ ਤੇ ਅਜਿਹਾ ਅਧਿਕਾਰ ਮਿਲਣ ਤੱਕ ਟੈਕਸ ਦੇਣ ਤੋਂ ਇਨਕਾਰ ਕਰ ਦਿੱਤਾ।

ਉਸ ਨੇ ਇੰਗਲੈਂਡ ਦੀਆਂ ਬਸਤੀਆਂ ਵਿੱਚ ਵੀ ਇਹ ਅੰਦੋਲਨ ਚਲਾਇਆ। ਇਸ ਕਾਰਨ ਉਸ ਨੂੰ ਅਨੇਕਾਂ ਵਾਰ ਜਰਮਾਨਾ ਭਰਨਾ ਪਿਆ। ਬ੍ਰਿਟਿਸ਼ ਸਰਕਾਰ ਐਨੀ ਪਰੇਸ਼ਾਨ ਹੋ ਗਈ ਕਿ ਖੁਦ ਬਾਦਸ਼ਾਹ ਜਾਰਜ 5ਵੇਂ ਨੇ ਪੁੱਛਿਆ ਕਿ ਕੀ ਸਾਡਾ ਉਸ ਉੱਪਰ ਕੋਈ ਕੰਟਰੋਲ ਨਹੀਂ ਹੈ? ਪਹਿਲੇ ਸੰਸਾਰ ਯੁੱਧ ਵੇਲੇ ਉਸ ਨੇ ਰੈੱਡ ਕਰਾਸ ਵੱਲੋਂ ਨਰਸ ਦੀ ਵਰਦੀ ਪਾ ਕੇ ਬਰਾਈਟਨ ਹਸਪਤਾਲ (ਇੰਗਲੈਂਡ) ਵਿੱਚ ਜ਼ਖਮੀ ਭਾਰਤੀ ਫੌਜੀਆਂ ਦੀ ਰੱਜ ਕੇ ਸੇਵਾ ਕੀਤੀ। ਸਿੱਖ ਫੌਜੀ ਉਸ ਨੂੰ ਸਨਮਾਨ ਦੇਣ ਲਈ ਜ਼ਖਮੀ ਹਾਲਤ ਵਿੱਚ ਵੀ ਬਿਸਤਰੇ ਤੋਂ ਖੜੇ ਹੋ ਜਾਂਦੇ ਸਨ ਕਿ ਸ਼ੇਰੇ ਪੰਜਾਬ ਦੀ ਪੋਤਰੀ ਉਹਨਾਂ ਦੀ ਸੇਵਾ ਕਰ ਰਹੀ ਹੈ। ਉਸ ਵਰਗੇ ਅਨੇਕਾਂ ਲੋਕਾਂ ਦੀ ਸੰਘਰਸ਼ ਕਾਰਨ ਇੰਗਲੈਂਡ ਵਿੱਚ 1918 ਵਿੱਚ ਔਰਤਾਂ ਨੂੰ ਵੋਟ ਦੇਣ ਦਾ ਅਧਿਕਾਰ ਮਿਲ ਗਿਆ। ਉਸ ਨੇ ਵਿਆਹ ਨਹੀਂ ਸੀ ਕਰਵਾਇਆ। 22 ਅਗਸਤ 1948 ਨੂੰ 82 ਸਾਲ ਦੀ ਉਮਰ ਵਿੱਚ ਨੀਂਦ ਦੌਰਾਨ ਸ਼ਾਂਤੀ ਨਾਲ ਉਸ ਦੀ ਮੌਤ ਹੋ ਗਈ। ਉਸ ਦੀ ਇੱਛਾ ਮੁਤਾਬਕ ਉਸ ਦਾ ਅੰਤਿਮ ਸੰਸਕਾਰ ਸਿੱਖ ਰੀਤੀ ਰਿਵਾਜਾਂ ਅਨੁਸਾਰ ਗੋਲਡਨ ਗਰੀਨ ਸ਼ਮਸ਼ਾਨ ਘਾਟ ਵਿੱਚ ਕਰ ਦਿੱਤਾ ਗਿਆ।

**6. ਪ੍ਰਿੰਸ ਅਲਬਰਟ ਐਡਵਰਡ ਅਲੈਕਸੈਂਡਰ ਦਲੀਪ ਸਿੰਘ –** ਇਹ ਦਲੀਪ ਸਿੰਘ ਅਤੇ ਬੰਬਾ ਦਾ ਸਭ ਤੋਂ ਛੋਟਾ ਪੁੱਤਰ ਸੀ। ਉਸ ਦਾ ਜਨਮ 20 ਅਗਸਤ 1879 ਨੂੰ ਲੰਡਨ ਵਿਖੇ ਹੋਇਆ। ਨਮੂਨੀਏ ਕਾਰਨ ਇਸ ਦੀ ਮੌਤ 31 ਅਪਰੈਲ 1893 ਨੂੰ 13 ਸਾਲ ਦੀ ਉਮਰ ਹੀ ਹੋ ਗਈ ਸੀ।

ਮਹਾਰਾਜਾ ਦਲੀਪ ਸਿੰਘ ਦੀ ਦੂਸਰੀ ਪਤਨੀ ਦਾ ਨਾਮ ਆਡਾ ਡਗਲਸ ਵੈਦਰਿਲ ਸੀ। ਉਸ ਦਾ ਜਨਮ 15 ਜਨਵਰੀ 1869 ਨੂੰ ਸਰੀ ਸ਼ਹਿਰ ਵਿੱਚ ਹੋਇਆ ਸੀ। ਉਸ ਦੇ ਬਾਪ ਦਾ ਨਾਮ ਚਾਰਲਸ ਡਗਲਸ ਵੈਦਰਿਲ ਅਤੇ ਮਾਤਾ ਦਾ ਨਾਮ ਸਾਰਾਹ ਚਾਰਲੋਟ ਸੀ। ਚਾਰਲਸ ਸਿਵਲ ਇੰਜੀਅਨਰ ਸੀ ਤੇ ਸਾਰਾਹ ਵੀ ਪ੍ਰਈਵੇਟ ਨੌਕਰੀ ਕਰਦੀ ਸੀ। ਇਹ ਪਰਿਵਾਰ 1881 ਵਿੱਚ ਲੰਡਨ ਪ੍ਰਵਾਸ ਕਰ ਗਿਆ। ਆਡਾ ਉਥੇ ਕਾਕਸ ਹੋਟਲ ਵਿੱਚ ਵੇਟਰ ਦੇ ਤੌਰ 'ਤੇ ਕੰਮ ਕਰਨ ਲੱਗੀ। ਇਥੇ ਹੀ 16 ਸਾਲ ਦੀ ਆਡਾ ਦੀ 46 ਸਾਲਾ ਦਲੀਪ ਸਿੰਘ ਨਾਲ ਮੁਲਾਕਾਤ ਹੋਈ ਜੋ ਪਿਆਰ ਵਿੱਚ ਬਦਲ ਗਈ। ਜਦੋਂ ਦਲੀਪ ਸਿੰਘ ਪੈਰਿਸ ਗਿਆ ਤਾਂ ਉਹ ਵੀ ਉਥੇ ਉਸ ਕੋਲ ਪਹੁੰਚ ਗਈ। ਉਹ ਉਸ ਦੇ ਨਾਲ ਹੀ ਸੇਂਟ ਪੀਟਰਜ਼ਬਰਗ, ਰੂਸ ਵੀ ਗਈ। 1187 ਵਿੱਚ ਬੰਬਾ ਦੀ ਮੌਤ ਹੋਣ ਤੋਂ ਬਾਅਦ ਦਲੀਪ ਸਿੰਘ ਨੇ ਆਡਾ ਨਾਲ ਵਿਆਹ ਕਰ ਲਿਆ। ਰਾਣੀ ਵਿਕਟੋਰੀਆ ਆਡਾ ਨੂੰ ਬਿਲਕੁਲ ਵੀ ਪਸੰਦ ਨਹੀਂ ਕਰਦੀ ਸੀ। ਉਸ ਨੂੰ ਲੱਗਦਾ ਸੀ ਕਿ ਆਡਾ ਨੇ ਹੀ ਦਲੀਪ ਸਿੰਘ ਨੂੰ ਬਗਾਵਤ ਲਈ ਭੜਕਾਇਆ ਹੈ।

ਆਡਾ ਤੋਂ ਦਲੀਪ ਸਿੰਘ ਦੀਆਂ ਦੋ ਬੇਟੀਆਂ ਸਨ। ਰਾਜਕੁਮਾਰੀ ਪਾਉਲੀਨ ਅਲੈਕਜ਼ੈਂਡਰਾ ਦਲੀਪ ਸਿੰਘ ਅਤੇ ਰਾਜਕੁਮਾਰੀ ਆਡਾ ਈਰੀਨ ਬੈਰੀਲ ਦਲੀਪ ਸਿੰਘ। ਪਾਉਲੀਨ ਬਾਰੇ ਤਾਂ ਕੁਝ ਪਤਾ ਲੱਗਦਾ ਹੈ ਪਰ ਈਰੀਨ ਬਾਰੇ ਅਜੇ ਬਹੁਤੀ ਖੋਜ ਨਹੀਂ ਕੀਤੀ ਗਈ। ਉਸ ਦੀ ਜ਼ਿੰਦਗੀ ਆਪਣੇ ਅਮੀਰ ਮਤਰੇਏ ਭੈਣਾਂ ਭਰਾਵਾਂ ਤੋਂ ਇੱਕ ਦਮ ਅਲੱਗ ਸੀ। ਉਸ ਦੇ ਜਨਮ ਵੇਲੇ ਦਲੀਪ ਸਿੰਘ ਬਗਾਵਤ ਕਰਨ ਕਾਰਨ ਗਰੀਬ ਹੋ ਚੁੱਕਾ ਸੀ। ਉਸ ਦਾ ਜਨਮ 1887 ਵਿੱਚ ਮਾਸਕੋ ਦੇ ਇੱਕ ਸਧਾਰਨ ਜਿਹੇ ਹੋਟਲ ਵਿੱਚ ਹੋਇਆ।

ਜਦੋਂ ਉਸ ਦੀ ਛੋਟੀ ਭੈਣ ਈਰੀਨ ਨੇ 1926 ਵਿੱਚ ਮੋਨਾਕੋ ਵਿਖੇ ਆਤਮ ਹੱਤਿਆ ਕਰ ਲਈ ਤਾਂ ਪਾਉਲੀਨ ਦਾ ਮਤਰੇਈ ਭੈਣ ਬੰਬਾ ਨਾਲ ਈਰੀਨ ਦੀ ਜਾਇਦਾਦ ਕਾਰਨ ਝਗੜਾ ਪੈ ਗਿਆ। ਬੰਬਾ ਨੇ ਵਸੀਅਤ ਦੇ ਖਿਲਾਫ ਅਦਾਲਤੀ ਕੇਸ ਕਰ ਦਿੱਤਾ ਕਿ ਈਰੀਨ ਦੀ 20000 ਪੌਂਡ ਦੀ ਜਾਇਦਾਦ 'ਤੇ ਸਾਰੇ ਭੈਣ ਭਰਾਵਾਂ ਦਾ ਹੱਕ ਬਣਦਾ ਹੈ। ਪਰ ਅਦਾਲਤ ਨੇ ਸਿਰਫ ਪਾਉਲੀਨ ਨੂੰ ਹੀ ਈਲੀਨ ਦਾ ਵਾਰਸ ਮੰਨਿਆਂ। ਇਸ ਤੋਂ ਬਾਅਦ ਉਹ ਪੈਰਿਸ ਚਲੀ ਗਈ ਤੇ ਦੂਸਰੇ ਸੰਸਾਰ ਯੁੱਧ ਦੌਰਾਨ ਇੱਕ ਤਰਾਂ ਨਾਲ ਗਾਇਬ ਹੀ ਹੋ ਗਈ। ਉਸ ਦੇ ਬੰਬਾਰੀ ਵਿੱਚ ਮਾਰੇ ਜਾਣ ਦੀਆਂ ਖਬਰਾਂ ਚੱਲ ਪਈਆਂ। ਬਹੁਤ ਖੋਜਬੀਣ ਤੋਂ ਬਾਅਦ 2014 ਵਿੱਚ ਇੰਗਲੈਂਡ ਦੇ ਇਤਿਹਾਸਕਾਰ ਪੀਟਰ ਸਿੰਘ ਬੈਂਸ ਨੇ ਪਤਾ ਲਗਾ ਲਿਆ ਹੈ ਕਿ ਪਾਉਲੀਨ ਦੀ ਮੌਤ ਬੰਬਾਰੀ ਕਾਰਨ ਨਹੀਂ ਸਗੋਂ 10 ਅਪਰੈਲ 1941 ਨੂੰ ਫਰਾਂਸ ਦੇ ਪਾਉ ਹਸਪਤਾਲ ਵਿੱਚ ਟੀ.ਬੀ. ਦੀ ਬਿਮਾਰੀ ਕਾਰਨ ਹੋਈ ਸੀ। ਪਰ ਉਸ ਦੀ ਕਬਰ ਬਾਰੇ ਕੋਈ ਪਤਾ ਨਹੀਂ ਲੱਗ ਸਕਿਆ।

# ਦੋ ਹੰਝੂ

*ਕਹਾਣੀ/ – ਮਹਿੰਦਰ ਸਿੰਘ ਜੋਸ਼ੀ*

ਮੈਂ ਆਪਣੀਆਂ ਸਾਲਾਨਾ ਛੁੱਟੀਆਂ ਵਿਚੋਂ ਕੁਝ ਦਿਨ ਕੱਟਣ ਪਿੰਡ ਗਿਆ ਸਾਂ। ਇਕ ਸਵੇਰ ਧਰਮਸ਼ਾਲਾ ਕੋਲੋਂ ਲੰਘਦਿਆਂ ਆਪਣੇ ਬਚਪਨ ਦੇ ਮਿੱਤਰ ਸਾਧੂ ਨੂੰ ਉਥੇ ਬੈਠਾ ਦੇਖ ਕੇ ਰੁਕ ਗਿਆ। ਨਾਲ ਦੇ ਘਰ ਧਾਲੀਵਾਲਾਂ ਦੇ ਸੰਤੋਖ ਦਾ ਵਿਆਹ ਸੀ, ਤੇ ਸੁਨਾਮੋਂ ਆਇਆ ਬੈਂਡ ਵੱਜ ਰਿਹਾ ਸੀ। ਇਕ ਬਿਰਧ ਜਿਹੜਾ ਪਹਿਲਾਂ ਕਦੇ ਮੇਰਾ ਦੇਖਿਆ ਪ੍ਰਤੀਤ ਨਹੀਂ ਸੀ ਹੁੰਦਾ, ਅੱਗੇ ਜਾਂਦਾ ਖੜ੍ਹੋ ਕੇ ਵਾਜਾ ਸੁਣਨ ਲੱਗਾ। ਉਹਨੇ ਸੋਟੀ ਜ਼ਮੀਨ 'ਤੇ ਟੇਕ ਕੇ ਆਪਣੀ ਕੁੱਬੀ ਕਮਰ ਨੂੰ ਸਹਾਰਾ ਦਿੱਤਾ ਹੋਇਆ ਸੀ, ਤਦ ਵੀ ਉਹਦੀਆਂ ਮਾਸ-ਵਿਲਕੀਆਂ ਲੱਤਾਂ ਥਰ ਥਰ ਕੰਬ ਰਹੀਆਂ ਸਨ। ਉਹਨੂੰ ਬਾਹੋਂ ਫੜ ਕੇ ਮੈਂ ਆਪਣੇ ਕੋਲ ਬਹਾਇਆ ਤਾਂ ਉਹਦੀਆਂ ਅੱਖਾਂ ਦੇ ਕੋਇਆਂ ਵਿਚ ਦੋ ਨਿੱਕੇ ਨਿੱਕੇ ਹੰਝੂ ਅਟਕੇ ਨਜ਼ਰ ਆਏ। ਮੈਂ ਇਕ ਪਾਸੇ ਮੂੰਹ ਕੀਤਾ ਤਾਂ ਉਹਨੇ ਪਾਣੀ ਦੀਆਂ ਉਹ ਛਿੱਟਾਂ ਆਪਣੇ ਮੋਢੇ 'ਤੇ ਰੱਖੇ ਪਰਨੇ ਨਾਲ ਪੂੰਝ ਛੱਡੀਆਂ।

ਮੈਂ ਸਾਧੂ ਤੋਂ ਪੁੱਛਿਆ, "ਕਿਥੋਂ ਵਿਆਹ ਕੇ ਲਿਆਏ ਨੇ ਇਹ ਕੁੜੀ?"

ਉਹ ਕਹਿੰਦਾ, "ਕੁੜੀ ਕਿਉਂ ਜੀ, ਪਰੀ ਕਹੋ। ਦੱਸਦੇ ਨੇ ਬਾਰਾਂ ਜਮਾਤਾਂ ਪੜ੍ਹੀ ਐ, ਤੇ ਹੱਥ ਲਾਏ ਤੋਂ ਮੈਲੀ ਹੁੰਦੀ ਐ। ਉਹਦੇ ਨਾਲ ਦੀ ਇਕ ਵੀ ਬਹੂ ਅੱਜ ਤੱਕ ਪਿੰਡ 'ਚ ਨ੍ਹੀਂ ਆਈ।"

ਮੈਂ ਕਿਹਾ, "ਮੁੰਡੇ ਦਾ ਮੂੰਹ ਤਾਂ ਕਿਸੇ ਲੰਗੂਰ ਤੋਂ ਉਧਾਰ ਲਿਆ ਲੱਗਦੈ।"

"ਜੀ ਤੀਵੀਂ ਤਾਂ ਘਰ ਨੂੰ ਮਿਲਦੀ ਐ, ਬੰਦੇ ਨੂੰ ਕੌਣ ਪੁੱਛਦੈ!" ਸਾਧੂ ਨੇ ਜਵਾਬ ਦਿੱਤਾ।

ਸਾਡੀ ਵਾਰਤਾਲਾਪ ਬਾਬੇ ਦੇ ਕੰਨੀਂ ਪੈ ਗਈ, ਤੇ ਉਹ ਇਹਦੇ ਵਿਚ ਸ਼ਾਮਲ ਹੁੰਦਿਆਂ ਬੋਲਿਆ,

"ਇਹ ਝੂਠ ਐ, ਬਿਓਹ ਮਾਤਾ ਜਿਹੜੇ ਅੱਖਰ ਲਿਖ ਦਿੰਦੀ ਐ, ਬਿਨ ਪੁੱਛੇ ਪਾਰ ਹੋ ਜਾਂਦੇ ਨੇ। ਚੰਗੀ ਕੁੜੀ ਘਰ ਨੂੰ ਨ੍ਹੀਂ, ਭਾਗ ਨੂੰ ਜੁੜਦੀ ਐ।"

ਇਹ ਕਿਸਮਤ ਦੀਆਂ ਲਕੀਰਾਂ ਵਾਲਾ ਸਿਧਾਂਤ ਮੈਂ ਪੜ੍ਹੇ ਲਿਖੇ ਨੇ ਤਾਂ ਕੀ ਸਵੀਕਾਰ ਕਰਨਾ ਸੀ, ਸਾਧੂ ਨੇ ਵੀ ਨਾ ਮੰਨਿਆ।

ਸਾਨੂੰ ਆਪਣੇ ਮਤ ਦਾ ਅਨੁਆਈ ਬਣਾਉਣ ਲਈ ਬਾਬੇ ਨੇ ਗੱਲ ਛੇੜੀ, ਜਿੰਨਾ ਮੇਰਾ ਬਾਪ ਹੱਸਮੁਖ ਸੀ, ਮਾਂ ਓਨੀ ਹੀ ਕਬੈੜੀ ਸੀ। ਬਿੱਸਵਾ ਬਹੁਤ ਸੀ, ਘਰ ਨੂੰ ਅੰਗ ਲਾਈ ਨ੍ਹੀਂ ਸੀ ਲੱਗਦੀ। ਤਾਂ ਵੀ ਪਤਾ ਨਹੀਂ ਕੀ ਉਹਦੇ ਢਿੱਡ 'ਚ ਸੂਲ ਉਠਦਾ, ਬਿਨਾਂ ਬਹਾਨੇ ਉਹਦੇ ਨਾਲ ਆਢਾ ਬੰਨ੍ਹੀ ਰੱਖਦੀ। ਇਕ ਵਾਰੀ ਉਹ ਪਾਣੀ ਭਾਰੇ ਨਾਲ ਮੰਜੇ ਪੈ ਕੇ ਇੱਕੀ ਦਿਨਾਂ ਪਿੱਛੋਂ ਸੱਥ 'ਚ ਗਿਆ ਤਾਂ ਉਥੇ ਪਹੁੰਚ ਕੇ ਵੀ ਉਹਦੇ ਅਗਲੇ ਪਿਛਲੇ ਪੁਣਨ ਲੱਗ ਪਈ। ਬਿਮਾਰ ਆਦਮੀ ਚਿੜਚਿੜਾ ਹੋ ਜਾਂਦੈ। ਮੇਰੇ ਬਾਪ ਨੇ ਤਾਓ ਖਾ ਕੇ ਗੋਰਲੇ ਖੂਹ 'ਚ ਛਾਲ ਜਾ ਮਾਰੀ। ਲੋਕਾਂ ਨੇ ਕਈ ਕੰਡੇ ਸਿੱਟ ਕੇ ਹਲਾਏ, ਪਰ ਉਹ ਮਰ ਕੇ ਈ ਬਾਹਰ ਆਇਆ।

ਅੰਦਰੋਂ ਪਿਆਰ ਦੋਹਾਂ ਜੀਆਂ ਦਾ ਐਨਾ ਸੀ, ਬੁੱਢੇ ਗੁਜਰੇ ਪਿੱਛੋਂ ਮਾਂ ਨੇ ਚਾਰ ਮਹੀਨੇ ਬੀ ਨਾ ਕੱਟੇ। ਐਵੇਂ ਘੁਰ ਘੁਰ ਕਰਨ ਦੀ ਬਾਣ ਹੁੰਦੀ ਐ ਜ਼ਨਾਨੀਆਂ ਨੂੰ। ਕਹਿੰਦੇ, ਜੇ ਅੰਦਰ ਦਾ ਗੁਬਾਰ ਨਾ ਕੱਢਣ, ਅੰਨ੍ਹੀਆਂ ਹੋ ਜਾਣ।

ਮੈਂ ਤੜਕੇ ਆਥਣੇ ਤਿੰਨ ਸੇਰ ਪੱਕਾ ਦੁੱਧ ਕਾਹੜਨਾ ਤੇ ਅੱਧਾ ਰਹੇ ਤੋਂ ਪੀ ਲੈਣਾ। ਕਦੇ ਮਲਾਈ ਨੂੰ ਤੌੜੀ ਪਾੜ ਲਈ, ਕਦੇ ਦਹੀਂ ਨੂੰ ਹੱਥ ਮਾਰ ਲਿਆ। ਮੂੰਹ ਦਾ ਸੁਆਦ ਬਣਾਉਣ ਨੂੰ ਇਕ ਅੱਧੀ ਗੁੱਲੀ ਦੀ ਲੋੜ ਹੁੰਦੀ, ਉਹ ਮੇਰੀ ਛੋਟੀ ਭੈਣ ਥੱਪ ਦਿੰਦੀ।

ਖੁਰਾਕ ਤੇ ਮਿਹਨਤ ਨਾਲ ਮੇਰਾ ਸਰੀਰ ਸ਼ਤੀਰ ਜਿੰਨਾ ਲੰਮਾ ਹੋ ਗਿਆ ਤੇ ਸਿਲ ਬਰਗਾ ਕਾਠਾ। ਮੇਰੇ ਕੋਲ ਸੱਤ ਪੋਰੀਆਂ ਦੀ ਡਾਂਗ ਹੁੰਦੀ ਤੇਲ 'ਚ ਭਿੱਜੀ ਹੋਈ। ਮੁੰਡੇ ਪੁੱਛਦੇ 'ਤੂੰ ਸੰਮ ਨ੍ਹੀਂ ਲਵਾਉਂਦਾ?' ਮੈਂ ਕਹਿੰਦਾ, 'ਸੰਮ ਮੇਰੀਆਂ ਮੁੱਠੀਆਂ ਵਿਚ ਐ।' ਇਕ ਵਾਰ ਖੜਕਾ ਹੋ ਕੇ ਅੱਭੜਵਾਇਆ ਉਠਿਆ ਤਾਂ ਐਂ ਲੱਗਿਆ ਜਿਵੇਂ ਅੰਦਰ ਚੋਰ ਹੁੰਦੇ। ਮੈਂ ਦੋਹਾਂ ਹੱਥਾਂ 'ਚ ਫੜ ਸੋਟੀ ਮਾਰੀ ਤੇ ਬੁਰਜੀ ਦੇ ਬਚਾਲਿਓਂ ਇੱਟ ਬੁੜ੍ਹਕ ਕੇ ਬਾਹਰ ਆ ਡਿੱਗੀ! ਉਹ ਸੋਟੀ ਜੇ ਝੋਟੇ ਦੇ ਬੱਜੀ ਹੁੰਦੀ, ਲੱਕ ਤੋੜ ਦਿੰਦੀ। ਫੇਰ ਇਕ ਬਾਰੀ ਮੈਂ ਮੇਲਾ ਦੇਖ ਕੇ ਮੁੜਿਆ ਆਉਂਦਾ ਸੀ। ਰਾਹ 'ਚ ਬੰਦੇ ਲੜੀ ਜਾਣ, ਚਾਰ ਇਕ ਪਿੰਡ ਦੇ, ਤਿੰਨ ਇਕ ਦੇ। ਉਨ੍ਹਾਂ ਨੂੰ ਭਿੜਦੇ ਦੇਖ ਕੇ ਮੇਰਾ ਹੱਥ ਰਸਾਉਣ ਨੂੰ ਜੀ ਕਰ ਆਇਆ। ਮੈਂ ਮਾੜਿਆਂ ਦਾ ਦਰਦੀ ਹੋ ਕੇ ਚਾਰਾਂ ਵਿਚੋਂ ਇਕ ਦੇ ਪੁੜੇ 'ਤੇ ਡਾਂਗ ਛੱਡੀ। ਉਹ ਪਿਛਾਂਹ ਝਾਕਿਆ, ਤਾਂ ਮੈਂ; ਜਿਹਦੇ ਨਾਲ ਜਾਣ ਨਾ ਪਛਾਣ। ਚਾਰ ਉਹ ਤੇ ਤਿੰਨ ਉਹ, ਸਾਰੇ ਮੇਰੇ ਪਿੱਛੇ ਪੈ ਗਏ। ਮੈਂ ਇਕ ਭੜੀ ਨਾਲ ਪਿੱਠ ਜੋੜ ਕੇ ਸੋਟੀ ਚਲਾਈ ਤੇ ਸੱਤਾਂ ਨੂੰ ਭਾਜੜਾਂ ਪਾ ਦਿੱਤੀਆਂ।

ਮੈਂ ਅਜੇ ਮਛੋਹਰ ਈ ਸੀ, ਜਦ ਨਾਤਿਆਂ ਵਾਲਿਆਂ ਨੇ ਦਿਹਲੀ ਨੀਵੀਂ ਕਰ ਦਿੱਤੀ। ਮੈਂ ਬਾਪ ਨਾਲ ਬੀਤੀ ਯਾਦ ਕਰ ਕੇ ਵਿਆਹ ਤੋਂ ਚਲਦਾ ਸੀ। ਮੈਂ ਕਿਹਾ, ਪਤਾ ਨ੍ਹੀਂ ਕਿਹੜੀ ਕਲਜੋਗਣ ਦੇ ਬਸ ਪੈ ਜਾਂਗੇ। ਜੀਹਨੇ ਸਗਾਈ ਨੂੰ ਟੋਕਣਾ, ਮੈਂ ਉਹਨੂੰ ਇਹੀ ਕਹਿ ਕੇ ਟਾਲ ਦੇਣਾ, 'ਭਾਈ ਪਹਿਲਾਂ ਕੁੜੀ ਨੂੰ ਬਾਰੋਂ ਉਠਾ ਲਾਈਏ।'

ਇਕ ਦਿਨ ਖੁੰਢਾਂ 'ਤੇ ਗੱਲਾਂ ਤੁਰਦੀਆਂ 'ਚ ਕਿਸੇ ਨੇ ਕਿਹਾ, 'ਗੋਈਆਂ ਦੀ ਛੋਟੀ ਨੂੰਹ, ਬੜੀ ਛੈਲ ਐ।'

ਕੋਲੋਂ ਕੋਈ ਬੋਲਿਆ, 'ਗੋਈਆਂ ਦੀ ਨੂੰਹ ਨਾ ਹੋਈ, ਸਾਲੀ ਕਾਰੋ ਹੋ ਗਈ ਅਬਦੁਲ ਗੜ੍ਹ ਵਾਲੀ।'

ਮੈਂ ਕਿਹਾ, 'ਓਇ ਇਹ ਕਾਰੋ ਕੌਣ ਐਂ।'

ਉਹ ਕਹਿੰਦਾ, 'ਹੀਰ ਜੰਮੀ ਐ ਮੁੜ ਕੇ ਜੱਟਾਂ ਦੇ ਘਰ। ਰੱਜ ਕੇ ਸੋਹਣੀ, ਉਹਦਾ ਮੂੰਹ ਦੇਖ ਕੇ ਭੁੱਖ ਲਹਿੰਦੀ ਐ। ਬੜੇ ਬੜੇ ਪਿੰਡਾਂ ਦੇ ਮਾਲਕ ਉਹਦੇ ਸਾਕ ਨੂੰ ਹੱਥ ਬੰਨ੍ਹਦੇ ਫਿਰਦੇ ਨੇ, ਕਹਿੰਦੇ ਉਹਦੀ ਡੋਲੀ ਕਈ ਲੋਥਾਂ ਉੱਤੋਂ ਲੰਘੂ!'

ਮੈਂ ਚਿੜੀ ਚੂਕਦੀ ਨਾਲ ਘੋੜੀ 'ਤੇ ਕਾਠੀ ਪਾਈ ਤੇ ਰਤਾ ਕੁ ਦਿਨ ਚੜ੍ਹਦੇ ਨੂੰ ਅਬਦੁਲਗੜ੍ਹ ਪਹੁੰਚ ਗਿਆ। ਮੈਂ ਪਾਲੀਆਂ ਨੂੰ ਪੁੱਛਿਆ, 'ਓਇ ਥੋਡੇ ਪਿੰਡ ਕੋਈ ਕਾਰੋ ਐ?' ਕਹਿੰਦੇ, 'ਆਹੋ ਹੈ, ਹੁਣੇ ਹੁਣੇ ਹਾਜ਼ਰੀ ਲੈ ਕੇ ਖੇਤ ਗਈ ਐ।' ਮੈਂ ਘੋੜੀ ਰੇਤੀਏ ਪਾ ਲਈ। ਪਿੰਡੋਂ ਕੋਹ ਕੁ 'ਤੇ ਇਕ ਜ਼ਨਾਨੀ ਦਿਸੀ। ਤੋਰ ਕੀ ਸੀ, ਲੋਹੜਾ ਸੀ। ਨਿੱਕੀ ਨਿੱਕੀ ਡਿੰਘ, ਜਾਣੋਂ ਮੁਰਗਾਬੀ ਢਾਬ 'ਚ ਛੱਲਾਂ ਉਠਾਉਂਦੀ ਤੁਰੀ ਜਾਂਦੀ ਐ। ਮੇਰੇ ਮਨ ਨੇ ਕਿਹਾ, 'ਕਾਰੋ ਤਾਂ ਏਹੀ ਐ।' ਬਰਾਬਰ ਹੋ ਕੇ ਮੈਂ ਉਹਦਾ ਮੂੰਹ ਦੇਖਿਆ। ਭਾਵੇਂ ਉਹਨੂੰ ਸੂਰਜ ਕਹਿ ਲਓ, ਭਾਵੇਂ ਚੰਦ ਕਹਿ ਲਓ। ਨਾਉਂ ਪੁੱਛ ਕੇ ਕੀ ਕਰਨਾ ਸੀ। ਮੈਂ ਝਾਕਦਾ ਝਾਕਦਾ ਅੱਗੇ ਲੰਘ ਗਿਆ ਤੇ ਫੇਰ ਘੋੜੀ ਮੋੜ ਕੇ ਝਾਕਦਾ ਝਾਕਦਾ ਪਿੱਛੇ ਲੰਘ ਗਿਆ। ਦੋ ਤਿੰਨ ਗੇੜੇ ਏਵੇਂ ਮਾਰੇ। ਜਦੋਂ ਉਹ ਰੋਟੀ ਖਵਾ ਕੇ ਆਈ ਤਾਂ ਮੈਂ ਫੇਰ ਉਹਨੂੰ ਖੇਤਾਂ ਨੂੰ ਜਾਂਦਾ ਮਿਲਿਆ। ਉਹ ਮੇਰੇ ਰਾਹ ਵਿਚਾਲੇ ਹੋ ਕੇ ਖੜ੍ਹ ਗਈ।



ਕਹਿੰਦੀ, 'ਤੂੰ ਕੌਣ ਐਂ?'

ਮੈਂ ਕਿਹਾ, 'ਮੈਂ ਬਚਿੱਤਰ ਆਂ ਬਲਬੇਹੜਤੇ ਵਾਲੇ ਜੋਰਾਬਰ ਸਿੰਘ ਜ਼ੈਲਦਾਰ ਦਾ ਮੁੰਡਾ।'

ਕਹਿੰਦੀ, 'ਕਿਵੇਂ ਆਇਐਂ?'

ਮੈਂ ਕਿਹਾ 'ਐਵੇਂ'।

ਕਹਿੰਦੀ, 'ਜੇ ਐਵੇਂ ਆਇਆ ਸੀ, ਤਾਂ ਡੰਡੀ ਕਿਹੜੇ ਕਸੂਰੋਂ ਘੋੜੀ ਦੇ ਖੁਰਾਂ ਤੋਂ ਬਦਵਾਤੀ।'

ਉਹਦੀ ਮੁਸਕੜੀ ਦੇਖ ਕੇ ਮੈਨੂੰ ਹੌਸਲਾ ਹੋ ਗਿਆ। ਮੈਂ ਕਿਹਾ, 'ਭਾਗਮਾਨ, ਮਾਰ ਭਾਵੇਂ ਛੱਡ, ਮੈਂ ਤਾਂ ਤੇਰਾ ਨਾਉਂ ਸੁਣ ਕੇ ਆਇਆਂ। ਸੱਤ ਸੌ ਵਿੱਘੇ ਜ਼ਮੀਨ ਐ, ਦੋ ਜੋੜੀਆਂ ਬਲਦਾਂ ਦੀਆਂ ਨੇ, ਚਾਰ ਮ੍ਹੈਸਾਂ ਨੇ। ਕਿਸੇ ਗੱਲ ਦਾ ਤੋੜਾ ਨੀਂ, ਜੇ ਦਿਲ ਗੱਡਦੈ ਘੋੜੀ 'ਤੇ ਬਹਿ ਜਾ।'

ਉਹਨੇ ਮੇਰੀ ਜੁੱਤੀ ਤੋਂ ਜੂੜੇ ਤਕ ਐਂ ਨਿਗ੍ਹਾ ਮਾਰੀ ਜਿਵੇਂ ਮੰਡੀ 'ਤੇ ਖ਼ਰੀਦਣ ਤੋਂ ਪਹਿਲਾਂ ਬਹਿੜਕਾ ਅੰਗੀਦੈ। ਫੇਰ ਕਹਿੰਦੀ, 'ਤੱਤਾ ਨਾ ਲੱਕ। ਭਲੇ ਘਰਾਂ ਦੀਆਂ ਧੀਆਂ ਉਧਲ ਕੇ ਨ੍ਹੀਂ ਜਾਂਦੀਆਂ ਹੁੰਦੀਆਂ। ਬਾਪੂ ਨਾਲ ਗੱਲ ਕਰ ਲੈ। ਕੀ ਪਤਾ ਮੈਂ ਵੀ ਕੋਲੋਂ ਹੁੰਗਰਾ ਭਰ ਦਿਆਂ।'

ਮੈਂ ਉਨ੍ਹਾਂ ਦੇ ਨਾਈ ਦੇ ਹੱਥ ਉਤੇ ਅੱਧ ਪਾ ਚਾਂਦੀ ਰੱਖੀ ਤੇ ਉਹਨੂੰ ਅਤਾ ਪਤਾ ਸਮਝਾ ਕੇ ਆ ਗਿਆ, ਨਾਈ ਨੇ ਕੁੜੀ ਦੇ ਪਿਉ ਨੂੰ ਦੱਸ ਪਾਈ ਤੇ ਡੂੰਮਾਂ ਜਿਉਂ ਮੇਰੇ ਸੋਹਲੇ ਗਏ। ਉਹ ਕਹਿੰਦਾ, 'ਜਾ ਕੇ ਘਰ ਬਾਹਰ ਦੇਖ ਆ।' ਨਾਈ ਸਾਡੇ ਪਿੰਡ ਆਇਆ ਤਾਂ ਮੈਂ ਭਰੀ ਵਾਂਸਲੀ ਉਹਦੇ ਲੱਕ ਨੂੰ ਬੰਨ੍ਹ ਦਿੱਤੀ ਪਰ ਕਰਮ ਮੇਰੇ ਖੋਟੇ, ਨੇਪਰੇ ਗੱਲ ਫੇਰ ਵੀ ਨਾ ਚੜ੍ਹੀ। ਬੁੱਢਾ ਕਹਿੰਦਾ, 'ਇਕ ਧੀ ਐ ਮੈਂ ਨ੍ਹੀਂ ਉਹ ਪੂੰਨੀਏਂ ਜੱਟਾਂ ਦੇ ਵਿਆਹੁਣੀ।'

ਮੈਂ ਫੇਰ ਜਾ ਕੇ ਕਾਰੋ ਦੇ ਹੱਥੀਂ ਪੈਰੀਂ ਪਿਆ। ਉਹ ਕਹਿੰਦੀ, 'ਦਿਲ ਨਾ ਛੱਡ। ਜ਼ਮੀਨ ਤਾਂ ਤੇਰੇ ਨਾਲੋਂ ਬਹੁਤੀ ਇਕ ਸਰਦਾਰ ਕੋਲ ਐ, ਜਿਹਨੇ ਗੇੜਿਆਂ ਮੂੰਹੋਂ ਆਪਣਾ ਤੇ ਸਾਡਾ ਪਿੰਡ ਇਕ ਕਰ ਰੱਖੇ 'ਨ; ੪੦੦੦ ਵਿੱਘੇ। ਤੂੰ ਘਰ ਉਹਦੇ ਨਾਲੋਂ ਸੋਹਣਾ ਪਾ ਲੈ, ਮੈਂ ਆਪੇ ਬਾਪੂ ਨੂੰ ਤੇਰੇ ਪਿੱਛੇ ਮਨਾ ਲਊਂ।' ਮੈਂ ਸ਼ਹਿਰ ਦੇ ਇਕ ਬੁੱਢੇ ਮਿਸਤਰੀ ਦਾ ਸਿਆਣੂੰ ਸੀ। ਉਹਨੂੰ ਮਿਲ ਕੇ ਕਿਹਾ, 'ਇਕ ਘਰ ਪਾ ਦੇ ਜਿਹਦੇ ਨਾਲ ਦਾ ਪੰਜਾਹ ਪੰਜਾਹ ਕੋਹ 'ਚ ਕਿਸੇ ਕੋਲ ਨਾ ਹੋਵੇ।' ਹਾੜ੍ਹੀ ਬੜੀ ਸੁਹਣੀ ਲੱਗੀ ਸੀ ਤੇ ਉਹਦੀ ਬੱਟਤ ਪੱਲੇ ਸੀ। ਮੈਂ ਉਹ ਸਾਰੀ ਉਹਦੇ ਹੱਥ 'ਤੇ ਰੱਖ ਦਿੱਤੀ, ਪਰ ਉਹਨੇ ਸਿਰ ਹਿਲਾਇਆ, ਕਹਿੰਦਾ, 'ਇਹਦੇ ਨਾਲ ਕੁਝ ਨ੍ਹੀਂ ਬਣਨਾ।' ਜੀ ਨੇ ਕਿਹਾ, ਵਿਆਹ ਪਿੱਛੋਂ ਕੀ ਲਹਿਗਾ ਫੂਕਾਂਗੇ। ਮੈਂ ਅੱਧੀ ਜ਼ਮੀਨ ਅਾੜ ਰਹਿਣ ਕਰ ਦਿੱਤੀ ਤੇ ਮਿਸਤਰੀ ਮੂਹਰੇ ਰੁਪਈਆਂ ਦਾ ਢੇਰ ਲਾ ਦਿੱਤਾ। ਉਹ ਦਸੌਰ ਗਿਆ ਤੇ ਗੱਡੀ ਪੱਥਰ ਦੀ ਭਰ ਲਿਆਇਆ। ਬਾਰੀਆਂ, ਝਰੋਖੇ, ਥਮਲ੍ਹੇ ਤੇ ਹੋਰ ਨਿਕ ਸੁਕ। ਉਹਨੇ ਕਦੇ ਕਿਸੇ ਰਾਜੇ ਦੇ ਮਹੱਲ 'ਤੇ ਕੰਮ ਕੀਤਾ ਸੀ। ਕਹਿੰਦਾ, 'ਉਹ ਚੀਜ਼ ਬਣਾ ਕੇ ਦੇਊਂ, ਜਿਹੜੀ ਯਾਦ ਰੱਖੇਂ।'

ਮੇਰਾ ਮਕਾਨ ਉਸਰਨਾ ਸ਼ੁਰੂ ਹੋਇਆ। ਚਾਰੇ ਪਾਸੇ ਖੁੱਲ੍ਹੇ ਬਰਾਂਡੇ, ਉਨ੍ਹਾਂ ਦੀਆਂ ਲਾਲ ਪੱਥਰ ਦੀਆਂ ਕੁਲੀਆਂ ਥਮ੍ਹਲੀਆਂ, ਥਮ੍ਹਲੀਆਂ ਵਿਚਾਲੇ ਚਿੱਟੇ ਪੱਥਰ ਦੀਆਂ ਫੁੱਲਦਾਰ ਜਾਲੀਆਂ ਤੇ ਅੰਦਰ ਐਂਤਾਂ ਦੇ ਕਮਰੇ। ਦਿਨਾਂ ਵਿਚ ਈ ਥੌਂ ਥੌਂ ਏਸ ਘਰ ਦੀ ਚਰਚਾ ਹੋਣ ਲੱਗੀ। ਪਿੰਡ ਵਿਚੋਂ ਰਾਹੀ ਲੰਘਦੇ, ਤਾਂ ਇਹਨੂੰ ਵਿੰਗ ਪਾ ਕੇ ਦੇਖ ਕੇ ਜਾਂਦੇ। ਇਕ ਦਿਨ ਅਬਦੁਲਗੜ੍ਹ ਗਿਆ ਤਾਂ ਕਾਰੋ ਦੇ ਭਾ ਦਾ ਚੰਦ ਚੜ੍ਹ ਗਿਆ। ਮੇਰੇ ਮੋਢੇ 'ਤੇ ਹੱਥ ਧਰ ਕੇ ਕਹਿੰਦੀ, 'ਮੈਂ ਸੁਣ ਲਈਆਂ ਤੇਰੀ ਹਵੇਲੀ ਦੀਆਂ ਗੱਲਾਂ। ਪੂਰੀ ਕਰ ਲੈ, ਤੇ ਆਪਾਂ ਆਪਣਾ ਕੌਲ ਨਭਾਉਣ ਨੂੰ ਹਾਜ਼ਰ ਆਂ।'

ਪੁੱਠੇ ਮੁੜਦੇ ਦੀ ਮੇਰੀ ਘੋੜੀ ਤਾਰਿਆਂ ਦੇ ਛੜਾਂ ਮਾਰਦੀ ਜਾਵੇ।

ਮੈਂ ਆਉਂਦਿਆਂ ਈ ਕਾਰੀਗਰ ਨੂੰ ਕਿਹਾ, 'ਭਾਵੇਂ ਕੰਧ ਕੰਧ ਉਤੇ ਰਾਜ ਖੜ੍ਹਾ ਕਰ ਦੇ, ਪਰ ਘਰ ਹੁਣ ਬਣਿਆ ਹੀ ਦਿਸੇ।'

ਮਾਜਨਾ ਮੇਰਾ ਐਡਾ ਨਹੀਂ ਸੀ, ਜਿੱਡਾ ਕੰਮ ਵਿੱਢ ਲਿਆ। ਦੋ ਕੁ ਮਹੀਨੇ ਪਿੱਛੋਂ ਮਿਸਤਰੀ ਫੇਰ ਪੈਸਿਆਂ ਨੂੰ ਉਦਲੇ ਹੋ ਗਿਆ। ਦਾਣੇ ਅਜੇ ਦੂਰ ਸੀ। ਮੈਂ ਸ਼ਾਹਾਂ ਕੋਲ ਗਿਆ ਤੇ ਬਾਕੀ ਰਹਿੰਦੀ ਜ਼ਮੀਨ ਵੀ ਗਹਿਣੇ ਪਾ ਦਿੱਤੀ। ਮੈਨੂੰ ਹੁਣ ਇਕੋ ਲਗਨ ਸੀ, ਘਰ ਦੀ। ਫ਼ਿਰਨਾ ਤੁਰਨਾ ਕੀਤਾ ਬੰਦ। ਲੋਅ ਹੋਣ ਤੋਂ ਹਟਣ ਤੱਕ ਖੇਤਾਂ ਵਿਚ ਸੰਦ ਚਲਾਉਣੇ, ਰਾਤ ਨੂੰ ਫ਼ਸਲਾਂ ਦੀ ਰਾਖੀ ਸੌਣਾ। ਦੁੱਧ ਦੀ ਥਾਉਂ ਲੱਸੀ ਪੀਣੀ, ਰੋਟੀਆਂ ਕਦੇ ਚੋਪੜਨੀਆਂ ਹੋਈਆਂ ਚੋਪੜ ਲਈਆਂ, ਨਹੀਂ ਤਾਂ ਅਨ-ਚੋਪੜੀਆਂ ਹੀ ਖਾ ਲਈਆਂ। ਜਿਹੜਾ ਘਿਉ ਨਿਕਲਣਾ ਉਹਦੀ ਤਿੱਪ ਤਿੱਪ ਲੋਕਾਂ ਨੂੰ ਤੋਲ ਦੇਣੀ। ਕੌਡੀ ਕੌਡੀ ਦੀ ਕਿਰਸ ਕੀਤੀ। ਸਮਾਂ ਦੱਬ ਕੇ ਲੰਗਿਆ, ਬੇਸ਼ੁਮਾਰ ਜਿਣਸ ਹੋਈ ਪਰ ਜਿਹੜੀ ਰਕਮ ਵੱਟੀ, ਪਤਾ ਨਹੀਂ ਕਿਹੜੀਆਂ ਖੱਡਾਂ ਵਿਚ ਵੜ ਗਈ। ਮਿਸਤਰੀ ਨੇ ਕਾਠ ਖਰੀਦਣ ਜਾਣਾ ਸੀ। ਕਹਿੰਦਾ, 'ਪੈਸੇ ਕੱਢ।' ਮੈਂ ਦੋ ਬਲਦ ਵੇਚੇ, ਚਾਰੇ ਮ੍ਹੈਸਾਂ, ਸਾਰੀਆਂ ਟੂੰਮਾਂ। ਫ਼ੇਰ ਵੀ ਪੂੰਜੀ ਥੋੜ੍ਹੀ ਰਹਿੰਦੀ ਦਿਸੀ, ਤਾਂ ਮੈਂ ਹਿੱਕ 'ਤੇ ਪੱਥਰ ਧਰ ਕੇ ਘੋੜੀ ਕਿੱਲਿਉਂ ਖੋਲ੍ਹ ਦਿੱਤੀ।

ਮਿਸਤਰੀ ਦੀ ਉਡੀਕ ਵਿਚ ਕੰਮ ਬੰਦ ਸੀ। ਮੈਂ ਕਿਹਾ, ਭੱਜ ਕੇ ਕਾਰੋ ਦਾ ਮੂੰਹ ਦੇਖ ਆਵਾਂ।

ਕਹਿੰਦੀ, 'ਕੀ ਹਾਲ ਐ ਘਰ ਦਾ?'

ਮੈਂ ਕਿਹਾ, 'ਛੱਤਾਂ 'ਤੇ ਐ।'

ਕਹਿੰਦੀ, 'ਹੋਣਾ ਸੀ ਹੌਸਲੇ ਨਾਲ ਤਕੜਾ, ਤੂੰ ਸੁਕਦਾ ਜਾਨੈਂ?'

ਮੈਂ ਕਿਹਾ, 'ਨਹੀਂ ਸੁੱਕਣਾ ਕਿਉਂ ਐ, ਇਹ ਤਾਂ ਐਵੇਂ ਭਖ ਹੋ ਗਈ ਸੀ ਪੰਜ ਚਾਰ ਦਿਨ।'

ਫ਼ੇਰ ਪੁੱਛਦੀ ਐ, 'ਐਤਕੀਂ ਜੁੱਤੀ 'ਤੇ ਈ ਸਵਾਰ ਹੋ ਕੇ ਆਇਐਂ?'

ਮੈਂ ਜਵਾਬ ਦਿੱਤਾ, 'ਘੋੜੀ ਆਪਣੀ ਕੋਈ ਮੰਗ ਕੇ ਵਾਂਢੇ ਲੈ ਗਿਆ ਸੀ ਯਾਰ ਦੋਸਤ।'

ਕਹਿੰਦੀ, 'ਚੰਗਾ ਜਾਹ, ਛੱਤਾਂ ਪਾ ਕੇ ਆਵੇਂਗਾ ਤਾਂ ਬ੍ਰਾਹਮਣ ਤੋਂ ਵਿਆਹ ਦੀ ਤਰੀਕ ਵੀ ਕਢਵਾ ਲਿਆਈਂ, ਬਾਪੂ ਮੰਨ ਗਿਐ।'

ਮੈਨੂੰ ਅਚਮੀ ਲੱਗ ਗਈ। ਕਦ ਮਕਾਨ ਸਿਰੇ ਚੜ੍ਹੇ, ਕਦ ਉਹਦੇ ਦਰ 'ਤੇ ਰੰਗਲੇ ਚੂੜੇ ਵਾਲੀ ਕਾਰੋ ਨੂੰ ਰੱਥ ਵਿਚੋਂ ਉਤਾਰਾਂ। ਮੈਂ ਤਖਾਣਾਂ ਦੇ ਨਾਸੀਂ ਧੂੰਆਂ ਚਾੜ੍ਹ ਦਿੱਤਾ, 'ਛੇਤੀ ਕਰੋ ਓਇ, ਛੇਤੀ ਕਰੋ', ਤੇ ਉਨ੍ਹਾਂ ਨੇ ਵੀ ਖਪਣ ਕੰਨੀਉਂ ਕੋਈ ਕਸਰ ਨਾ ਰੱਖੀ। ਸਾਡੇ ਬਨੇਰਿਆਂ 'ਤੇ ਪਲੱਸਤਰ ਹੋ ਰਿਹਾ ਸੀ, ਤੇ ਮੈਂ ਸੋਚੀ ਜਾਂਦਾ ਸੀ, ਅੱਜਕੱਲ੍ਹ ਵਿਚ ਟੱਕਰਾਂਗੇ ਕਾਰੋ ਦੇ ਬਾਪ ਨੂੰ, ਜਦ ਨਾਈ ਆ ਗਿਆ, ਅਬਦੁਲਗੜ੍ਹ ਤੋਂ ਪਾਟੀ ਚਿੱਠੀ ਲੈ ਕੇ। ਮੈਂ ਕਿਹਾ, 'ਸੁਖ ਐ?' ਕਹਿੰਦਾ, 'ਚਲਾਣਾ ਕਰ ਗਈ ਕਰਤਾਰ ਕੁਰ।'


ਬਾਬੇ ਦੀ ਪਿਛਲੀ ਗੱਲ ਸੁਣ ਕੇ ਮੇਰੇ ਦਿਲ ਨੂੰ ਝਟਕਾ ਵੱਜਿਆ ਤੇ ਮੇਰੇ ਮੂੰਹੋਂ ਨਿਕਲਿਆ, 'ਚਲਾਣਾ ਕਰ ਗਈ?' ਉਹ ਕਹਿੰਦਾ, "ਹਾਂ। ਜਿਹੜੇ ਸਰਦਾਰ ਦੀ ਗੱਲ ਮੈਂ ਕੀਤੀ ਸੀ, ਉਹਨੂੰ ਸੂਹ ਸੀ ਬਈ ਮੇਰੇ ਘਰ ਬਣਿਆ ਤੇ ਕਾਰੋ ਗਈ। ਉਹ ਮੌਕਾ ਤਾੜ ਕੇ ਨੌਕਰਾਂ ਨਾਲ ਉਹਨੂੰ ਝਿੜੀ ਵਿਚ ਚੱਕਣ ਆ ਪਿਆ। ਪੰਜ ਓਪਰੇ ਬੰਦੇ, ਸਾਰਿਆਂ ਕੋਲ ਹਥਿਆਰ, ਤੇ ਆਲੇ ਦੁਆਲੇ ਪਿੰਡ ਦਾ ਕੋਈ ਨਾ। ਕਾਰੋ ਚੁੱਪ ਕਰ ਕੇ ਦੁਸ਼ਮਣ ਮੂਹਰੇ ਘੋੜੇ 'ਤੇ ਬਹਿ ਗਈ। ਨੌਕਰਾਂ ਕੋਲ ਦੋ ਬੋਤੇ ਸੀ। ਉਹ ਉਨ੍ਹਾਂ ਨੇ ਅੱਗੇ ਪਿੱਛੇ ਕਰ ਲਏ। ਜਦੋਂ ਪਿੰਡ ਦੀ ਜੂਹ ਟੱਪਣ ਲੱਗੇ, ਕਾਰੋ ਨੇ ਮੁੜ ਕੇ ਸਰਦਾਰ ਦੀ ਗਰਦਨ ਨੂੰ ਜੱਫ਼ਾ ਮਾਰਿਆ ਤੇ ਖਿੱਚ ਕੇ ਭੁੰਜੇ ਸਿੱਟ ਲਿਆ। ਉਹਦੇ ਹਮੈਤੀ ਬੋਤੇ ਬਹਾ ਕੇ ਭੱਜੇ ਪਰ ਉਨ੍ਹਾਂ ਦੇ ਨੇੜੇ ਲੱਗਣ ਤੋਂ ਪਹਿਲਾਂ ਕਾਰੋ ਨੇ ਉਹਦੀ ਘੰਡੀ ਭੰਨ ਦਿੱਤੀ। ਇਕ ਨੌਕਰ ਨੇ ਬਰਛਾ ਚਲਾਇਆ ਤੇ ਉਹ ਸਾਰਾ ਉਹਦੀ ਵੱਖੀ ਵਿਚ ਲਹਿ ਗਿਆ। ਕਾਰੋ ਨੇ ਬਰਛਾ ਜ਼ੋਰ ਨਾਲ ਖਿੱਚ ਕੇ ਮੋੜਵਾਂ ਉਹਦੇ ਕਾਲਜੇ ਵਿਚ ਮਾਰਿਆ ਤੇ ਉਹ ਥਾਉਂ 'ਤੇ ਈ ਚਿੱਤ।"

ਇਕ ਦਿਨ ਮੈਂ ਕਾਰੋ ਦਾ ਹੱਥ ਫੜਨ ਨੂੰ ਤਕਾਇਆ ਸੀ। ਕਹਿੰਦੀ, 'ਚੋਰੀ ਕਿਉਂ ਕਰਦੈਂ, ਬਾਪੂ ਨੇ ਇਹ ਤੈਨੂੰ ਭਰੀ ਪੰਚਾਇਤ ਵਿਚ ਫੜਾ ਦੇਣੈ, ਪਰ ਉਹ ਹੱਥ ਮੈਨੂੰ ਮਰੀ ਦਾ ਵੀ ਫੜਨਾ ਨਾ ਮਿਲਿਆ। ਮੇਰੇ ਜਾਣ ਤੋਂ ਪਹਿਲਾਂ ਉਹਨੂੰ ਲਾਂਬੂ ਲਾਈ ਬੈਠੇ ਸੀ।

"ਘਰ ਤੇਰਾ ਭਾਵੇਂ ਕਿੰਨਾ ਹੀ ਸੁਹਣਾ ਹੋਵੇ, ਪਰ ਉਹਦੇ ਵਿਚ ਹੁਣ ਕਿਵੇਂ ਜੀ ਲਗਦਾ ਹਊ ਬਾਬਾ ਤੇਰਾ?" ਮੈਂ ਪੁੱਛਿਆ। "ਜੀ ਕਹਿੰਦੇ ਹੁੰਦੇ ਨੇ, ਜਿੱਧਰ ਗਿਆ ਬਾਣੀਆਂ ਉਧਰ ਗਿਆ ਬਾਜ਼ਾਰ", ਉਹ ਬੋਲਿਆ। "ਕਾਰੋ ਮਰੀ ਪਿੱਛੋਂ ਕਾਲ ਪਿਆ, ਤਿੰਨ ਸਾਲ, ਅਛਾ ਕੁੱਠਾ। ਦਾਣੇ ਜਿਮੀ ਵਿਚ ਸਿੱਟ ਆਈਏ, ਤੇ ਉਹ ਪਏ ਈ ਝੁਲਸੇ ਜਾਣ। ਮੈਂ ਚੱਪਾ ਚੱਪਾ ਰੋਟੀ ਨੂੰ ਤਰਸਦਾ ਸੀ। ਸ਼ਾਹ ਦਾ ਕਰਜ਼ਾ ਕਿਵੇਂ ਉਤਾਰਦਾ। ਉਹਨੇ ਕੁਰਕੀ ਕਰਾ ਕੇ ਵਿਆਜ ਵਿਆਜ ਵਿਚ ਘਰ ਖਰੀਦ ਲਿਆ।"

ਬੈਂਡ ਹੁਣ ਤੱਕ ਖ਼ਾਮੋਸ਼ ਹੋ ਚੁੱਕਾ ਸੀ। ਬਾਬੇ ਨੇ ਡੰਗੋਰੀ ਚੁੱਕੀ ਤੇ ਤੁਰ ਗਿਆ। ਉਹਦੀ ਪ੍ਰੀਤ ਕਥਾ ਸੁਣ ਕੇ ਮੇਰੀ ਛਾਤੀ ਵਿੰਨ੍ਹੀ ਗਈ ਤੇ ਪਲਕਾਂ ਸਿੱਜ ਗਈਆਂ। ਮੈਂ ਸਾਧੂ ਨੂੰ ਪੁੱਛਿਆ, "ਇਹ ਕਿਹਦੇ ਵੱਲ ਆਇਐ ਬਾਬਾ, ਅੱਗੇ ਦੇਖਿਆ ਨਹੀਂ ਕਦੇ!" "ਤੁਸੀਂ ਨ੍ਹੀਂ ਜਾਣਦੇ", ਉਹ ਬੋਲਿਆ, "ਇਹ ਗੱਜਣ ਚਾਹਲ ਦਾ ਰਿਸ਼ਤੇਦਾਰ ਐ। ਇਹਨੂੰ 'ਗੱਪੀ' 'ਗੱਪੀ' ਕਹਿੰਦੇ ਨੇ।"

## ਮਾਤਾ ਸ੍ਰੀ ਨੈਣਾ ਦੇਵੀ ਜੀ ਦੇ ਲੰਗਰਾਂ ਲਈ ਧਨੌਲਾ ਤੋਂ ਰਾਸ਼ਨ ਦੇ ਟਰੱਕਾਂ ਨੂੰ ਬਲਜਿੰਦਰ ਵੜਿੰਗ ਨੇ ਝੰਡੀ ਦੇ ਕੀਤਾ ਰਵਾਨਾ



ਧਨੌਲਾ ਮੰਡੀ (ਸੰਜੀਵ ਗਰਗ ਕਾਲੀ)- ਸ੍ਰੀ ਨੈਣਾ ਦੇਵੀ ਲੰਗਰ ਕਮੇਟੀ ਧਨੌਲਾ ਵੱਲੋਂ 64 ਵਾਂ ਸਲਾਨਾ ਲੰਗਰ ਵਾਸਤੇ ਦੋ ਟਰੱਕਾਂ 'ਚ ਭਰੇ ਰਾਸ਼ਣ ਨੂੰ ਰਜਵਾੜੇ ਢਾਬੇ ਵਾਲੇ ਸ੍ਰ ਬਲਜਿੰਦਰ ਸਿੰਘ ਵੜਿੰਗ ਨੇ ਝੰਡੀ ਦੇ ਕੇ ਮਾਤਾ ਸ੍ਰੀ ਨੈਣਾ ਦੇਵੀ ਲਈ ਰਵਾਨਾ ਕੀਤਾ।

ਇਸ ਮੌਕੇ ਲੰਗਰ ਕਮੇਟੀ ਦੇ ਪ੍ਰਧਾਨ ਸੰਜੀਵ ਕੁਮਰ ਹੈਪੀ, ਪ੍ਰਧਾਨ ਸੈਲਰ ਐਸੋਸੀਏਸ਼ਨ ਮੋਹਿਤ ਕੁਮਾਰ ਕਾਲਾ, ਰਮਨ ਕੁਮਾਰ ਰਿੰਪੀ ਬਾਂਸਲ, ਕਾਕੂ ਬਾਂਸਲ, ਮਹੇਸ਼ ਕੁਮਾਰ ਨੀਸ਼ੂ ਬਾਂਸਲ, ਨੀਟੂ ਕੁਮਾਰ, ਬਲਵਿੰਦਰ ਕੁਮਾਰ ਬਿੰਦਰੀ, ਨੀਟਾ ਕੁਮਾਰ,ਵਿਸ਼ਾਲ ਕੁਮਾਰ, ਬਬਲੀ ਮਿੱਤਲ, ਮਨੀ ਬਾਂਸਲ, ਸੁੰਦਰ ਲਾਲ ਕਟਾਰੀਆ ਆਦਿ ਮੌਜੂਦ ਸਨ। ਗੱਲਬਾਤ ਕਰਦਿਆਂ ਪ੍ਰਧਾਨ ਹੈਪੀ ਤੇ ਹੋਰਨਾਂ ਨੇ ਦੱਸਿਆ ਕਿ ਇਹ ਲੰਗਰ 3 ਅਗਸਤ ਤੋਂ ਸ਼ੁਰੂ ਹੋ ਕੇ 13 ਅਗਸਤ ਤੱਕ ਲਾਇਆ ਜਾਵੇਗਾ।

# ਉਹ ਕੁਝ ਘੰਟੇ, ਜਿਨ੍ਹਾਂ ਵਿੱਚ ਸ਼ੇਖ਼ ਹਸੀਨਾ ਕੋਲੋਂ ਸੱਤਾ ਖੋਹੀ ਗਈ ਤੇ ਦੇਸ਼ ਤੱਕ ਛੱਡਣਾ ਪਿਆ

ਵਿਦਿਆਰਥੀ ਅੰਦੋਲਨ, ਹਿੰਸਾ, ਸੈਂਕੜੇ ਲੋਕਾਂ ਦੀ ਮੌਤ ਅਤੇ ਸੋਮਵਾਰ ਨੂੰ ਮੁਜ਼ਾਹਰਾਕਾਰੀਆਂ ਦੇ ਮਾਰਚ ਦੇ ਐਲਾਨ ਵਿਚਾਲੇ ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ ਨੇ ਅਹੁਦਾ ਅਤੇ ਦੇਸ਼ ਛੱਡ ਦਿੱਤਾ ਹੈ। ਸਰਕਾਰੀ ਨੌਕਰੀਆਂ ਵਿੱਚ ਰਾਖਵੇਂਕਰਨ ਦੇ ਖ਼ਿਲਾਫ਼ ਸ਼ੁਰੂ ਹੋਇਆ ਇਹ ਵਿਦਿਆਰਥੀ ਅੰਦੋਲਨ ਦੇਸ਼ ਵਿਆਪੀ ਮੁਜ਼ਾਹਰੇ ਵਿੱਚ ਬਦਲ ਗਿਆ ਅਤੇ ਸ਼ੇਖ਼ ਹਸੀਨਾ ਦੀ ਸਰਕਾਰ ਦੇ ਪਤਨ ਤੱਕ ਪਹੁੰਚ ਗਿਆ।

ਫੌਜ ਵੱਲੋਂ ਦੇਸ਼ ਵਿੱਚ ਅੰਤਰਿਮ ਸਰਕਾਰ ਬਣਾਉਣ ਦੇ ਐਲਾਨ ਦੇ ਬਾਵਜੂਦ, ਅੰਦੋਲਨ ਅਤੇ ਬੰਗਲਾਦੇਸ਼ ਵਿੱਚ ਅੱਗੇ ਕੀ ਹੋਵੇਗਾ ਇਹ ਅਜੇ ਸਪੱਸ਼ਟ ਨਹੀਂ ਹੈ। 5 ਅਗਸਤ ਦਾ ਦਿਨ ਬੰਗਲਾਦੇਸ਼ ਲਈ ਇਤਿਹਾਸਕ ਦਿਨ ਸਾਬਤ ਹੋਇਆ। ਸ਼ੇਖ਼ ਹਸੀਨਾ ਦਾ ਲਗਾਤਾਰ ਪੰਦਰਾਂ ਸਾਲਾਂ ਤੋਂ ਤੁਰਿਆ ਆ ਰਿਹਾ ਸ਼ਾਸਨ ਅਤੇ ਉਨ੍ਹਾਂ ਦਾ ਪੰਜਵਾਂ ਕਾਰਜਕਾਲ ਅਚਾਨਕ ਖ਼ਤਮ ਹੋ ਗਿਆ। ਹਸੀਨਾ ਨੂੰ ਜਲਦਬਾਜ਼ੀ 'ਚ ਦੇਸ਼ ਛੱਡਣਾ ਪਿਆ।

### 5 ਅਗਸਤ ਨੂੰ ਕੀ ਹੋਇਆ ਸੀ

4 ਅਗਸਤ ਨੂੰ ਹੋਈ ਵਿਆਪਕ ਹਿੰਸਾ ਤੋਂ ਬਾਅਦ 5 ਅਗਸਤ ਦੀ ਸ਼ੁਰੂਆਤ ਬੇਹੱਦ ਤਣਾਅਪੂਰਨ ਹਾਲਾਤ ਵਿੱਚ ਹੋਈ। ਤਣਾਅ ਦੇ ਮੱਦੇਨਜ਼ਰ ਸਰਕਾਰ ਨੇ ਸੋਮਵਾਰ ਤੋਂ ਬੁੱਧਵਾਰ ਤੱਕ ਛੁੱਟੀ ਦਾ ਐਲਾਨ ਕੀਤਾ ਸੀ। ਸਵੇਰੇ 10 ਵਜੇ ਢਾਕਾ ਦੇ ਸੈਂਟਰਲ ਸ਼ਹੀਦ ਮੀਨਾਰ ਨੇੜੇ ਵੱਖ-ਵੱਖ ਕਾਲਜਾਂ ਅਤੇ ਸੰਸਥਾਵਾਂ ਦੀ ਭੀੜ 'ਢਾਕਾ ਮਾਰਚ' ਵਿੱਚ ਹਿੱਸਾ ਲੈਣ ਲਈ ਇਕੱਠੀ ਹੋ ਗਈ ਸੀ। 'ਸਟੂਡੈਂਟ ਅਗੇਂਸਟ ਡਿਸਕ੍ਰਿਮੀਨੇਸ਼ਨ ਮੂਵਮੈਂਟ' ਨੇ ਇਸ ਮਾਰਚ ਦਾ ਸੱਦਾ ਦਿੱਤਾ ਸੀ। ਪੁਲਿਸ ਨੇ ਅੱਥਰੂ ਗੈਸ ਅਤੇ ਸਾਊਂਡ ਗ੍ਰੇਨੇਡ ਦੀ ਵਰਤੋਂ ਕਰਕੇ ਵਿਦਿਆਰਥੀਆਂ ਨੂੰ ਹਟਾਉਣ ਦੀ ਕੋਸ਼ਿਸ਼ ਕੀਤੀ ਪਰ ਅਸਫ਼ਲ ਰਹੀ।

ਬੰਗਲਾਦੇਸ਼ ਸਰਕਾਰ ਨੇ 25 ਜੁਲਾਈ ਨੂੰ ਹੀ ਇੰਟਰਨੈਟ ਬੰਦ ਕਰ ਦਿੱਤਾ ਸੀ। ਫੇਸਬੁੱਕ, ਵਟਸਐਪ ਅਤੇ ਹੋਰ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਵੀ ਪਾਬੰਦੀ ਲਗਾ ਦਿੱਤੀ ਗਈ ਹੈ। ਪਰ ਸੋਮਵਾਰ ਨੂੰ ਦੇਸ਼ ਵਿੱਚ ਇੰਟਰਨੈਟ ਨੂੰ ਪੂਰੀ ਤਰ੍ਹਾਂ ਨਾਲ ਬੰਦ ਕਰਨ ਦਾ ਆਦੇਸ਼ ਦਿੱਤਾ ਗਿਆ। ਬਰਾਡਬੈਂਡ ਇੰਟਰਨੈਟ ਵੀ ਬੰਦ ਕਰ ਦਿੱਤਾ ਗਿਆ। ਨਿਊਜ਼ ਵੈੱਬਸਾਈਟਾਂ ਵੀ ਔਫਲਾਈਨ ਹੋ ਗਈਆਂ। ਸਖ਼ਤ ਪ੍ਰਬੰਧ,



ਜਬਰ ਦੀਆਂ ਕੋਸ਼ਿਸ਼ਾਂ ਅਤੇ ਪਾਬੰਦੀਆਂ ਲੋਕਾਂ ਨੂੰ ਘਰ ਛੱਡਣ ਤੋਂ ਨਹੀਂ ਰੋਕ ਸਕੀਆਂ। ਸ਼ਹਿਰ ਦੇ ਹਰ ਕੋਨੇ ਤੋਂ ਲੋਕ ਸੜਕਾਂ 'ਤੇ ਆਉਣ ਲੱਗੇ।

11 ਵਜੇ ਤੱਕ ਢਾਕਾ ਦੇ ਜਤਰਾਬਾੜੀ ਇਲਾਕੇ ਵਿੱਚ ਹਜ਼ਾਰਾਂ ਲੋਕਾਂ ਦੀ ਭੀੜ ਇਕੱਠੀ ਹੋ ਗਈ। ਤੈਨਾਤ ਕੀਤੀ ਗਈ ਪੁਲਿਸ ਭੀੜ ਨੂੰ ਕਾਬੂ ਕਰਨ ਲਈ ਨਾਕਾਫ਼ੀ ਰਹੀ। ਇੱਥੇ ਬਖ਼ਤਰਬੰਦ ਗੱਡੀਆਂ ਵਿੱਚ ਸਵਾਰ ਸੈਨਿਕ ਵੀ ਸੜਕਾਂ ਉੱਤੇ ਤੈਨਾਤ ਕਰ ਦਿੱਤੇ ਗਏ। ਪੁਲਿਸ ਨੇ ਅੱਥਰੂ ਗੈਸ, ਸਾਊਂਡ ਗ੍ਰਨੇਡ ਅਤੇ ਗੋਲੀਆਂ ਚਲਾ ਕੇ ਭੀੜ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ। ਇਸ ਦੇ ਨਾਲ ਹੀ ਦੁਪਹਿਰ ਕਰੀਬ 12 ਵਜੇ ਢਾਕਾ ਦੇ ਹਬੀਬਗੰਜ ਇਲਾਕੇ 'ਚ ਬੋਰੋ ਬਾਜ਼ਾਰ ਵੱਲ ਵਧ ਰਹੀ ਭੀੜ 'ਤੇ ਪੁਲਿਸ ਨੇ ਗੋਲੀ ਚਲਾ ਦਿੱਤੀ। ਇਸ ਘਟਨਾ ਵਿੱਚ ਨਾਬਾਲਗ ਬੱਚਿਆਂ ਸਣੇ ਛੇ ਲੋਕਾਂ ਦੀ ਮੌਤ ਹੋ ਗਈ। ਸੋਮਵਾਰ ਦੇ ਢਾਕਾ ਮਾਰਚ ਨੂੰ ਰੋਕਣ ਲਈ ਹਜ਼ਾਰਾਂ ਵਿਦਿਆਰਥੀ, ਮੁਜ਼ਾਹਰਾਕਾਰੀ ਅਤੇ ਵਿਰੋਧੀ ਨੇਤਾ ਤੇ ਕਾਰਕੁਨਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ।

ਪਰ ਇਸ ਸਭ ਦੇ ਬਾਵਜੂਦ ਵੱਡੇ ਪੈਮਾਨੇ 'ਤੇ ਵਿਦਿਆਰਥੀ ਅਤੇ ਆਮ ਲੋਕ ਬਾਹਰ ਨਿਕਲੇ ਅਤੇ ਸ਼ਹੀਦ ਮਿਨਾਰ ਤੋਂ ਸ਼ਾਹਬਾਗ਼ ਇਲਾਕੇ ਵੱਲ ਵਧੇ। ਐਤਵਾਰ ਨੂੰ ਸ਼ਾਹਬਾਗ ਵਿੱਚ ਪੁਲਿਸ ਅਤੇ ਮੁਜ਼ਾਹਰਾਰੀਆਂ ਦੇ ਵਿਚਾਲੇ ਹੋਈ ਹਿੰਸਾ ਵਿਚ ਕਈ ਲੋਕ ਮਾਰੇ ਗਏ ਸਨ। ਦੇਸ਼ 'ਚ ਤੇਜ਼ੀ ਨਾਲ ਬਦਲਦੇ ਹਾਲਾਤ ਵਿਚਾਲੇ, ਬੰਗਲਾਦੇਸ਼ ਦੇ ਫੌਜ ਮੁਖੀ ਵਾਕੇਰ ਉਜ਼ਮਾਂ ਨੇ ਦੁਪਹਿਰ 2 ਵਜੇ ਦੇਸ਼ ਨੂੰ ਸੰਬੋਧਨ ਕਰਨ ਦਾ ਐਲਾਨ ਕੀਤਾ। ਫੌਜ ਨੇ ਇੱਕ ਬਿਆਨ ਜਾਰੀ ਕਰਕੇ ਲੋਕਾਂ ਨੂੰ ਫੌਜ ਮੁਖੀ ਦੇ ਸੰਬੋਧਨ ਤੱਕ ਸ਼ਾਂਤੀ ਕਾਇਮ ਰੱਖਣ ਦੀ ਅਪੀਲ ਕੀਤੀ ਸੀ। ਇਸ ਦੌਰਾਨ ਸੜਕਾਂ 'ਤੇ ਭੀੜ ਵਧਦੀ ਗਈ, ਲੱਖਾਂ ਲੋਕ ਢਾਕਾ ਦੀਆਂ ਸੜਕਾਂ 'ਤੇ ਉਤਰ ਆਏ।

### ਸ਼ੇਖ ਹਸੀਨਾ ਨੇ ਦੇਸ਼ ਛੱਡਿਆ

ਦੁਪਹਿਰ ਕਰੀਬ ਸਵਾ ਇੱਕ ਵਜੇ, ਬੰਗਲਾਦੇਸ਼ ਵਿੱਚ ਬ੍ਰਾਡਬੈਂਡ ਇੰਟਰਨੈਟ ਮੁੜ ਤੋਂ ਬਹਾਲ ਕਰ ਦਿੱਤਾ ਗਿਆ। ਔਫਲਾਈਨ ਹੋਈਆਂ ਵੈੱਬਸਾਈਟਾਂ ਲਾਈਵ ਆਉਣ ਲੱਗੀਆਂ। ਸੋਸ਼ਲ ਮੀਡੀਆ ਵੈੱਬਸਾਈਟਾਂ ਤੋਂ ਵੀ ਪਾਬੰਦੀਆਂ ਹਟਣੀਆਂ ਸ਼ੁਰੂ ਹੋ ਗਈਆਂ। ਹਾਲਾਂਕਿ, ਇੰਟਰਨੈਟ ਨੂੰ ਬਹਾਲ ਕਰਨ ਲਈ ਕੋਈ ਅਧਿਕਾਰਤ ਆਦੇਸ਼ ਨਹੀਂ ਆਇਆ ਸੀ।

ਇਸ ਦੌਰਾਨ ਦੇਸ਼ ਦੇ ਫੌਜ ਮੁਖੀ ਨੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਆਰਮੀ ਹੈੱਡਕੁਆਰਟਰ ਵਿਖੇ ਬੈਠਕ ਕੀਤੀ। ਇਸ ਬੈਠਕ ਵਿੱਚ ਨਾਗਰਿਕ ਸਮੂਹਾਂ ਨਾਲ ਜੁੜੇ ਲੋਕ ਅਤੇ ਬੁੱਧੀਜੀਵੀ ਵੀ ਸ਼ਾਮਲ ਹੋਏ। ਢਾਕਾ ਯੂਨੀਵਰਸਿਟੀ ਦੇ ਕਾਨੂੰਨ ਵਿਭਾਗ ਦੇ ਪ੍ਰੋਫੈਸਰ ਆਸਿਫ਼ ਨਜ਼ਰੁਲ ਨੂੰ ਵੀ ਬੈਠਕ ਵਿੱਚ ਬੁਲਾਇਆ ਗਿਆ ਸੀ। ਇਸ ਵਿਚਾਲੇ ਦੁਪਹਿਰ 2.30 ਵਜੇ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ ਦਾ ਗਣਭਵਨ ਤੋਂ ਫੌਜੀ ਹੈਲੀਕਾਪਟਰ 'ਚ ਰਵਾਨਾ ਹੋਣ ਦੀ ਖ਼ਬਰ ਆਈ।

ਗਣਭਵਨ ਤੋਂ ਹੈਲੀਕਾਪਟਰ ਦੇ ਉਡਾਣ ਭਰਨ ਤੋਂ ਕੁਝ ਮਿੰਟ ਬਾਅਦ ਹੀ ਸ਼ੇਖ਼ ਹਸੀਨਾ ਦੇ ਭਾਰਤ ਰਵਾਨਾ ਹੋਣ ਦੀਆਂ ਖ਼ਬਰਾਂ ਆਉਣ ਲੱਗੀਆਂ।

ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਦੇਸ਼ ਛੱਡਣ ਤੋਂ ਪਹਿਲਾਂ ਸ਼ੇਖ਼ ਹਸੀਨਾ ਰਾਸ਼ਟਰ ਦੇ ਨਾਮ ਆਪਣਾ ਸੰਦੇਸ਼ ਰਿਕਾਰਡ ਕਰਨਾ ਚਾਹੁੰਦੀ ਸੀ, ਪਰ ਉਨ੍ਹਾਂ ਨੂੰ ਅਜਿਹਾ ਕਰਨ ਦਾ ਮੌਕਾ ਨਹੀਂ ਮਿਲ ਸਕਿਆ। ਦੁਪਹਿਰ 3.15 ਵਜੇ ਫੌਜ ਮੁਖੀ ਵਾਕੇਰ ਉਜ਼ਮਾਂ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਨੇ ਅਸਤੀਫ਼ਾ ਦੇ ਕੇ ਦੇਸ਼ ਛੱਡ ਦਿੱਤਾ ਹੈ। ਉਨ੍ਹਾਂ ਨੇ ਵਿਚਾਰ-ਵਟਾਂਦਰੇ ਤੋਂ ਬਾਅਦ ਅੰਤਰਿਮ ਸਰਕਾਰ ਬਣਾਉਣ ਦਾ ਐਲਾਨ ਵੀ ਕੀਤਾ।

# ਕਿਸਾਨਾਂ ਦੀ ਆਮਦਨ ਅਤੇ ਖੇਤੀ ਸੰਕਟ



ਪਿਛਲੇ ਕਰੀਬ 25 ਸਾਲਾਂ ਜਾਂ ਇਸ ਤੋਂ ਵੀ ਵੱਧ ਸਮੇਂ ਤੋਂ ਲਗਭਗ ਹਰ ਵਿੱਤ ਮੰਤਰੀ ਨੇ ਆਪਣਾ ਬਜਟ ਭਾਸ਼ਣ ਇਸ ਗੱਲ 'ਤੇ ਜ਼ੋਰ ਦਿੰਦਿਆਂ ਸ਼ੁਰੂ ਕੀਤਾ ਕਿ ਖੇਤੀਬਾੜੀ ਦੀ ਭਾਰਤੀ ਅਰਥਵਿਵਸਥਾ 'ਚ ਮਹੱਤਵਪੂਰਨ ਭੂਮਿਕਾ ਹੈ। 'ਕਿਸਾਨ ਦੀ ਆਜ਼ਾਦੀ' ਤੋਂ ਲੈ ਕੇ 'ਦੇਸ਼ ਦੇ ਅਰਥਚਾਰੇ ਦੀ ਜੀਵਨ ਰੇਖਾ' ਤੱਕ ਕਈ ਵਿਸ਼ੇਸ਼ਣ ਬਜਟ ਦੀਆਂ ਤਜਵੀਜ਼ਾਂ 'ਤੇ ਧਿਆਨ ਕੇਂਦਰਿਤ ਕਰਾਉਣ ਲਈ ਵਰਤੇ ਗਏ ਹਨ। ਅਰੁਣ ਜੇਤਲੀ ਨੇ ਖੇਤੀ ਆਮਦਨ ਵਧਾਉਣ ਦੀ ਗੱਲ ਕੀਤੀ ਸੀ ਤੇ ਇਸ ਨੂੰ ਸਰਕਾਰ ਦੀਆਂ ਪੰਜ ਸਿਖਰਲੀਆਂ ਤਰਜੀਹਾਂ 'ਚ ਰੱਖਿਆ ਸੀ। ਨਿਰਮਲਾ ਸੀਤਾਰਾਮਨ ਨੇ ਵੀ ਆਪਣੀਆਂ ਨੌਂ ਤਰਜੀਹਾਂ 'ਚ ਖੇਤੀਬਾੜੀ ਨੂੰ ਉੱਤੇ ਰੱਖ ਕੇ ਇਸ ਨੂੰ ਬਣਦੀ ਮਾਨਤਾ ਦਿੱਤੀ ਹੈ।

ਲਗਭਗ ਹਰ ਬਜਟ 'ਚ ਖੇਤੀਬਾੜੀ ਨੂੰ ਦਿੱਤੇ ਹੁਲਾਰੇ ਮੁਤਾਬਿਕ ਤਾਂ ਹੁਣ ਤੱਕ ਦਿਹਾਤੀ ਅਰਥਵਿਵਸਥਾ ਦੀ ਕਾਇਆ ਕਲਪ ਹੋ ਜਾਣੀ ਚਾਹੀਦੀ ਸੀ ਪਰ ਇੰਨਾ ਧਿਆਨ ਦੇਣ ਦੇ ਬਾਵਜੂਦ ਇੱਕ ਵਾਰ ਵੀ ਅਜਿਹਾ ਨਹੀਂ ਲੱਗਾ ਕਿ ਖੇਤੀਬਾੜੀ ਮੁੜ ਉਭਾਰ ਦੇ ਰਾਹ 'ਤੇ ਹੈ। ਇਸ ਦਾ ਕਾਰਨ ਹੈ ਕਿ ਭਾਵੇਂ ਬੁਨਿਆਦੀ ਤੌਰ 'ਤੇ ਜ਼ੋਰ ਹਮੇਸ਼ਾ ਫ਼ਸਲ ਦੀ ਉਤਪਾਦਕਤਾ ਵਧਾਉਣ 'ਤੇ ਰਿਹਾ ਹੈ – ਇਸ ਆਸ 'ਚ ਕਿ ਇਸ ਨਾਲ ਕਿਸਾਨਾਂ ਨੂੰ ਵਧੀਆ ਭਾਅ ਤੇ ਚੰਗੀ ਆਮਦਨੀ ਮਿਲੇਗੀ ਪਰ ਖੇਤੀ ਸੰਕਟ ਵਧਿਆ ਹੀ ਹੈ। ਜੇਕਰ ਸਫਲ ਹਰੀ ਕ੍ਰਾਂਤੀ ਤੋਂ ਬਾਅਦ ਅਤੇ ਹਰ ਤਰ੍ਹਾਂ ਦੀ ਮਾਲੀ ਇਮਦਾਦ ਦੇ ਬਾਵਜੂਦ ਖੇਤੀ ਨਾਲ ਜੁੜੇ ਪਰਿਵਾਰ ਦੀ ਪ੍ਰਤੀ ਮਹੀਨਾ ਔਸਤ ਆਮਦਨੀ ਕਰੀਬ 10218 ਰੁਪਏ ਤੱਕ ਹੀ ਪਹੁੰਚੀ ਹੈ ਤਾਂ ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਖੇਤੀ 'ਤੇ ਗੰਭੀਰ ਸੰਕਟ ਦਾ ਸਾਇਆ ਹੈ।

ਜ਼ਮੀਨੀ ਹਕੀਕਤ 'ਤੇ ਨਿਗ੍ਹਾ ਮਾਰਦੇ ਹਾਂ: ਅਧਿਕਾਰਤ ਅਨੁਮਾਨਾਂ ਮੁਤਾਬਿਕ ਕਰਨਾਟਕ ਵਿੱਚ ਪਿਛਲੇ 15 ਮਹੀਨਿਆਂ ਦੌਰਾਨ ਕਰੀਬ 1182 ਕਿਸਾਨ ਖ਼ੁਦਕੁਸ਼ੀ ਕਰ ਕੇ ਮਰੇ ਹਨ। ਮਹਾਰਾਸ਼ਟਰ ਵਿੱਚ ਇਸ ਸਾਲ ਜਨਵਰੀ ਤੋਂ ਜੂਨ ਤੱਕ 1267 ਕਿਸਾਨਾਂ ਨੇ ਆਪਣੀ ਜਾਨ ਲਈ ਹੈ ਜਿੱਥੇ ਅਮਰਾਵਤੀ ਡਿਵੀਜ਼ਨ ਦੇ ਇਕੱਲੇ ਵਿਦਰਭ ਇਲਾਕੇ 'ਚ ਹੀ ਅਜਿਹੇ 557 ਕੇਸ ਸਾਹਮਣੇ ਆਏ ਹਨ।

ਕਿਸਾਨ ਖ਼ੁਦਕੁਸ਼ੀਆਂ ਕੋਈ ਨਵਾਂ ਵਰਤਾਰਾ ਨਹੀਂ। ਕੌਮੀ ਅਪਰਾਧ ਰਿਕਾਰਡ ਬਿਊਰੋ ਦੀ ਇਕੱਠੀ ਕੀਤੀ ਜਾਣਕਾਰੀ ਪਿਛਲੇ 27 ਸਾਲਾਂ 'ਚ ਕਿਸਾਨ ਖ਼ੁਦਕੁਸ਼ੀਆਂ ਦਾ ਵੱਡਾ ਅੰਕੜਾ ਪੇਸ਼ ਕਰਦੀ ਹੈ। ਪਿਛਲੇ 25 ਸਾਲਾਂ 'ਚ ਖੇਤੀਬਾੜੀ ਲਈ ਬਜਟ ਵਿਚ ਗੁੰਜਾਇਸ਼ ਵਧੀ ਹੈ। 1995 ਤੋਂ 2014 ਦਰਮਿਆਨ 2,96,438 ਕਾਸ਼ਤਕਾਰਾਂ ਨੇ ਖ਼ੁਦਕੁਸ਼ੀ ਵਰਗਾ ਗੰਭੀਰ ਕਦਮ ਚੁੱਕਿਆ। 2014 ਤੋਂ 2022 ਤੱਕ 1,00,474 ਕਿਸਾਨਾਂ ਨੇ ਆਤਮ ਹੱਤਿਆ ਕੀਤੀ ਹੈ। ਸਾਧਾਰਨ ਸ਼ਬਦਾਂ 'ਚ ਕਿਹਾ ਜਾਵੇ ਤਾਂ 1995 ਤੋਂ 2022 ਤੱਕ ਕਰੀਬ ਚਾਰ ਲੱਖ ਕਿਸਾਨਾਂ ਨੇ ਆਪਣੀ ਜੀਵਨ ਲੀਲ੍ਹਾ ਸਮਾਪਤ ਕੀਤੀ ਹੈ ਤੇ ਉਹ ਵੀ ਅਜਿਹੇ ਸਮਿਆਂ 'ਚ ਜਦੋਂ ਹਰ ਸਾਲ ਬਜਟ 'ਚ ਖੇਤੀਬਾੜੀ ਦੀ ਦਸ਼ਾ ਬਦਲਣ ਦਾ ਵਾਅਦਾ ਕੀਤਾ ਗਿਆ। ਬਜਟ 'ਚ ਰੱਖੀ ਰਾਸ਼ੀ ਤੇ ਲਗਾਤਾਰ ਜਾਰੀ ਖੇਤੀ ਸੰਕਟ ਵਿਚਲਾ ਫ਼ਰਕ ਪ੍ਰਤੱਖ ਨਜ਼ਰ ਆਉਂਦਾ ਹੈ।

ਤਿਲੰਗਾਨਾ ਹੁਣ ਖੇਤੀ ਕਰਜ਼ੇ ਮੁਆਫ਼ ਕਰਨ ਦੇ ਦੂਜੇ ਗੇੜ ਵਿੱਚ ਹੈ। ਇਹ 6.4 ਲੱਖ ਕਿਸਾਨਾਂ ਵੱਲ ਬਕਾਇਆ 6.98 ਕਰੋੜ ਰੁਪਏ ਦੇ ਕਰਜ਼ੇ 'ਤੇ ਲੀਕ ਮਾਰੇਗਾ ਤੇ ਹਰ ਕਰਜ਼ਦਾਰ ਕਾਸ਼ਤਕਾਰ ਨੂੰ 1.5 ਲੱਖ ਰੁਪਏ ਦੀ ਕਰਜ਼ਾ ਮੁਆਫ਼ੀ ਮਿਲੇਗੀ। ਪਹਿਲੇ ਗੇੜ 'ਚ 11.34 ਲੱਖ ਕਿਸਾਨਾਂ

**ਦਵਿੰਦਰ ਸ਼ਰਮਾ**

ਨੂੰ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ 6190 ਕਰੋੜ ਰੁਪਏ ਮਿਲੇ ਸਨ। ਤੀਜਾ ਗੇੜ ਜੋ ਇਸੇ ਮਹੀਨੇ ਸ਼ੁਰੂ ਹੋ ਰਿਹਾ ਹੈ, ਤਹਿਤ 17.75 ਲੱਖ ਕਿਸਾਨਾਂ ਨੂੰ 12224 ਕਰੋੜ ਰੁਪਏ ਦੀ ਕਰਜ਼ਾ ਮੁਆਫ਼ੀ ਮਿਲੇਗੀ। ਕੁੱਲ ਮਿਲਾ ਕੇ ਰਾਜ ਵਿੱਚ 35.5 ਲੱਖ ਕਿਸਾਨਾਂ ਨੂੰ ਕਰਜ਼ਾ ਮੁਕਤੀ ਦਿੱਤੀ ਜਾ ਰਹੀ ਹੈ।

ਆਰਥਿਕ ਸਹਿਯੋਗ ਤੇ ਵਿਕਾਸ ਸੰਗਠਨ (ਓਈਸੀਡੀ) ਦੇ ਹਾਲੀਆ ਆਲਮੀ ਮੁਲਾਂਕਣ ਮੁਤਾਬਿਕ 54 ਵੱਡੇ ਅਰਥਚਾਰਿਆਂ 'ਚ ਉਤਪਾਦਕ ਸਬਸਿਡੀ ਸਹਾਇਤਾ ਕੰਮ ਆਈ ਹੈ, ਸਿਰਫ਼ ਭਾਰਤ ਦੇ ਮਾਮਲੇ 'ਚ ਕਿਸਾਨ ਆਪਣੇ ਨੁਕਸਾਨ ਦੀ ਪੂਰਤੀ ਕਰਨ ਲਈ ਢੁੱਕਵੀਂ ਮਾਇਕ ਸਹਾਇਤਾ ਤੋਂ ਵਾਂਝੇ ਰਹਿ ਗਏ ਹਨ। ਰਿਪੋਰਟ ਦੱਸਦੀ ਹੈ ਕਿ ਭਾਰਤੀ ਕਿਸਾਨ ਸੰਨ 2000 ਤੋਂ ਬਾਅਦ ਸਾਲ-ਦਰ-ਸਾਲ ਘਾਟਾ ਸਹਿ ਰਹੇ ਹਨ। ਕੀ ਅਰਥਚਾਰੇ ਦਾ ਕੋਈ ਹੋਰ ਸੈਕਟਰ ਇਸ ਤਰ੍ਹਾਂ ਲਗਾਤਾਰ ਨੁਕਸਾਨ ਸਹਿ ਕੇ ਆਪਣੀ ਹੋਂਦ ਬਚਾ ਸਕਿਆ ਹੈ?

ਅਸੀਂ ਕਾਰਜ ਵਿਧੀ 'ਚ ਭਾਵੇਂ ਕੋਈ ਖ਼ਾਮੀ ਲੱਭ ਸਕਦੇ ਹਾਂ ਪਰ ਤੱਥ ਇਹੀ ਹੈ ਕਿ ਉਤਪਾਦਕਤਾ ਤੇ ਪੈਦਾਵਾਰ ਵਧਾਉਣ ਲਈ ਤਕਨੀਕ ਜਾਂ ਹੋਰਨਾਂ ਸਕੀਮਾਂ 'ਚ ਕਿਸੇ ਵੀ ਪੱਧਰ ਤੱਕ ਦੇ ਪੂੰਜੀ ਨਿਵੇਸ਼ ਦੇ ਬਾਵਜੂਦ ਕਿਸਾਨਾਂ ਦੀ ਆਮਦਨ ਨਹੀਂ ਵਧ ਸਕੀ ਹੈ। ਇਹ ਕਿਤੇ ਵੀ ਨਹੀਂ ਵਾਪਰਿਆ। ਓਈਸੀਡੀ ਦਾ ਅਧਿਐਨ ਇਸ ਦੀ ਗਵਾਹੀ ਭਰਦਾ ਹੈ।

ਇਸੇ ਨੂੰ ਮੈਂ 'ਵਾਇਆ ਬਠਿੰਡਾ' ਪਹੁੰਚ ਕਹਿੰਦਾ ਹਾਂ। ਖੇਤੀ ਆਮਦਨੀਆਂ ਵਧਾਉਣ ਲਈ ਸਿੱਧਾ ਯਤਨ ਕਿਉਂ ਨਹੀਂ ਕੀਤਾ ਜਾ ਸਕਦਾ, ਬਜਾਇ ਕਿ ਇਸ ਨੂੰ 'ਇਨਪੁਟ ਸਪਲਾਇਰ' ਜਾਂ ਤਕਨੀਕੀ ਮਾਧਿਅਮਾਂ ਰਾਹੀਂ ਕੀਤਾ ਜਾਵੇ। ਇਹ ਪਹੁੰਚ ਨਾ ਤਾਂ ਅਤੀਤ 'ਚ ਕੰਮ ਆਈ ਹੈ ਤੇ ਨਾ ਹੀ ਭਵਿੱਖ 'ਚ ਆਵੇਗੀ। ਅਧਿਐਨ ਦੱਸਦੇ ਹਨ ਕਿ 'ਇਨਪੁਟ ਸਪਲਾਇਰ' (ਬੀਜ, ਖਾਦਾਂ ਤੇ ਉਪਕਰਨ ਉਪਲਬਧ ਕਰਾਉਣ ਵਾਲੇ) ਮੁਨਾਫ਼ਾ ਕਮਾਉਂਦੇ ਹਨ; ਕਿਸਾਨ ਇੱਥੇ ਵੀ ਹੇਠਲੇ ਪੱਧਰ 'ਤੇ ਹੀ ਰਹਿ ਜਾਂਦੇ ਹਨ। ਸਪਲਾਈ ਲੜੀਆਂ ਦੇ ਪੱਖ ਤੋਂ ਵੀ ਆਖ਼ਿਰੀ ਮੁਨਾਫ਼ਿਆਂ 'ਚ ਕਾਸ਼ਤਕਾਰਾਂ ਦਾ ਹਿੱਸਾ ਮਹਿਜ਼ 5-10 ਪ੍ਰਤੀਸ਼ਤ ਜਾਂ ਇਸ ਤੋਂ ਵੀ ਘੱਟ ਹੁੰਦਾ ਹੈ। ਯੂਕੇ ਦੀ ਹਾਲੀਆ ਰਿਪੋਰਟ ਮੁਤਾਬਿਕ, ਭਾਵੇਂ 2021 ਵਿੱਚ ਸਟਰਾਅਬੈਰੀ ਤੇ ਰੈਸਪਬੈਰੀਆਂ ਦੇ ਮੰਡੀਕਰਨ ਤੋਂ ਹੋਣ ਵਾਲਾ ਪ੍ਰਚੂਨ ਮੁਨਾਫ਼ਾ 27 ਪੈਂਸ ਵਧਿਆ ਪਰ ਕਿਸਾਨ ਦਾ ਹਿੱਸਾ ਇਸ 'ਚ ਸਿਰਫ਼ 3.5 ਪੈਂਸ ਹੀ ਸੀ। ਇਸ ਤੋਂ ਪਹਿਲਾਂ ਵੀ ਕੁਝ ਅਧਿਐਨਾਂ ਵਿੱਚ ਸਾਹਮਣੇ ਆਇਆ ਸੀ ਕਿ ਖ਼ਪਤਕਾਰ ਰੋਜ਼ਾਨਾ ਵਰਤੋਂ 'ਚ ਆਉਣ ਵਾਲੀਆਂ ਜਿਹੜੀਆਂ ਛੇ ਜ਼ਰੂਰੀ ਵਸਤਾਂ 'ਤੇ ਨਿਰਭਰ ਕਰਦੇ ਹਨ, ਉਨ੍ਹਾਂ 'ਚੋਂ ਕਿਸਾਨਾਂ ਨੂੰ ਸਿਰਫ਼ ਇੱਕ ਪ੍ਰਤੀਸ਼ਤ ਪ੍ਰਚੂਨ ਲਾਭ ਹੁੰਦਾ ਹੈ। ਇਸ ਲਈ ਹਾਲੀਆ ਬਜਟ 'ਚ ਸਪਲਾਈ ਲੜੀਆਂ ਮਜ਼ਬੂਤ ਕਰਨ 'ਤੇ ਦਿੱਤਾ ਗਿਆ ਜ਼ੋਰ ਤਾਂ ਹੀ ਲਾਭਦਾਇਕ ਹੋਵੇਗਾ ਜੇਕਰ ਮੂਲ ਉਤਪਾਦਕ ਨੂੰ ਉਸ ਦੇ ਹਿੱਸੇ ਦੀ ਗਰੰਟੀ ਮਿਲੇਗੀ।

ਬਜਟ 'ਚ ਖੇਤੀ ਖੇਤਰ ਲਈ ਕੁੱਲ ਬਜਟ ਦਾ ਮਹਿਜ਼ 3.15 ਪ੍ਰਤੀਸ਼ਤ ਪੈਸਾ ਰੱਖਣਾ, ਉਹ ਵੀ ਉਦੋਂ ਜਦ ਦੇਸ਼ ਦੀ ਲਗਭਗ ਅੱਧੀ ਆਬਾਦੀ ਦਾ ਰੁਜ਼ਗਾਰ ਖੇਤੀ ਹੋਵੇ, ਇਸ ਤੋਂ ਕੋਈ ਜ਼ਿਆਦਾ ਪ੍ਰਾਪਤੀ ਦੀ ਉਮੀਦ ਨਹੀਂ ਰੱਖੀ ਜਾ ਸਕਦੀ। ਇਸ ਸਾਲ ਖੇਤੀ ਖੇਤਰ ਲਈ 1.52 ਲੱਖ ਕਰੋੜ ਰੁਪਏ ਰੱਖੇ ਹਨ। ਪਿਛਲੇ ਸਾਲ ਦੇ ਮੁਕਾਬਲੇ ਇਜ਼ਾਫ਼ਾ ਭਾਵੇਂ 26000 ਕਰੋੜ ਰੁਪਏ ਜ਼ਿਆਦਾ ਹੈ ਪਰ ਲਾਜ਼ਮੀ ਤੌਰ 'ਤੇ ਇਹ ਗੈਰ-ਯੋਜਨਾਬੱਧ ਖ਼ਰਚਿਆਂ ਲਈ ਹਨ। ਇਹ ਦੇਖਦਿਆਂ ਕਿ ਖੇਤੀ ਬਜਟ ਵਿੱਚ 60000 ਕਰੋੜ ਰੁਪਏ ਦੀ ਉਹ ਮੱਦ ਵੀ ਸ਼ਾਮਿਲ ਹੈ ਜੋ ਪ੍ਰਧਾਨ ਮੰਤਰੀ ਕਿਸਾਨ ਸਕੀਮ ਲਈ ਹੈ ਅਤੇ ਜਿਸ ਤਹਿਤ ਲਾਭਪਾਤਰੀ ਕਿਸਾਨ ਦੇ ਬੈਂਕ ਖਾਤੇ ਵਿੱਚ ਪ੍ਰਤੀ ਮਾਹ 500 ਰੁਪਏ ਦਿੱਤੇ ਜਾਂਦੇ ਹਨ, ਫਿਰ ਤਾਂ ਖੇਤੀ ਬਜਟ ਲਈ ਕੇਵਲ 92000 ਕਰੋੜ ਰੁਪਏ ਹੀ ਬਚਦੇ ਹਨ। ਕੋਈ ਹੈਰਾਨੀ ਨਹੀਂ ਕਿ ਪਰਿਵਾਰਕ ਖ਼ਪਤ ਖ਼ਰਚ ਸੂਚਕ ਅੰਕ 2022-23 ਸਾਨੂੰ ਦੱਸਦਾ ਹੈ ਕਿ ਦਿਹਾਤੀ ਖੇਤਰ ਵਿੱਚ ਇੱਕ ਪਰਿਵਾਰ ਦਾ ਮਾਸਿਕ ਔਸਤਨ ਖ਼ਰਚ ਮਹਿਜ਼ 3268 ਰੁਪਏ ਹੈ। ਜੇਕਰ ਖੇਤੀ ਤੋਂ ਆਮਦਨੀ ਕਾਰਗਰ ਨਹੀਂ ਹੋਵੇਗੀ ਤਾਂ ਜ਼ਾਹਿਰ ਹੈ ਕਿ ਪੇਂਡੂ ਇਲਾਕਿਆਂ ਵਿੱਚ ਲੋਕ ਖ਼ਰੀਦ ਕਰਨ 'ਤੇ ਘੱਟ ਪੈਸੇ ਖ਼ਰਚਣਗੇ।

ਇਸ ਲਈ ਖੇਤੀ ਖੇਤਰ ਬਾਰੇ ਗੰਭੀਰ ਹੋ ਕੇ ਨਵੇਂ ਸਿਰਿਓਂ ਵਿਚਾਰ ਕਰਨ ਦੀ ਲੋੜ ਹੈ। ਸਭ ਤੋਂ ਪਹਿਲਾਂ ਰੋਜ਼ੀ-ਰੋਟੀ ਜਿਹੇ ਮੁੱਦੇ ਦੇ ਹੱਲ ਦੀ ਬੇਹੱਦ ਲੋੜ ਹੈ ਤਾਂ ਕਿ ਖੇਤੀ ਆਮਦਨੀ ਸਮਾਜ ਦੇ ਹੋਰਨਾਂ ਵਰਗਾਂ ਦੇ ਪੱਧਰ ਤੱਕ ਪਹੁੰਚ ਸਕੇ। ਮੇਰਾ ਸੁਝਾਅ ਹੈ ਕਿ ਕਿਸਾਨਾਂ ਦੀ ਆਮਦਨੀ ਅਤੇ ਭਲਾਈ ਲਈ ਕੌਮੀ ਕਮਿਸ਼ਨ ਕਾਇਮ ਕੀਤਾ ਜਾਵੇ ਜੋ ਤੈਅ ਸਮਾਂ ਸੀਮਾ 'ਚ ਖੇਤੀ ਤੋਂ ਆਮਦਨੀ ਵਧਾਉਣ ਦੇ ਵਿਸ਼ੇਸ਼ ਢੰਗ-ਤਰੀਕੇ ਦੱਸੇ। ਇਸ ਦੀ ਸ਼ੁਰੂਆਤ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਲਈ ਕਾਨੂੰਨੀ ਢਾਂਚਾ ਯਕੀਨੀ ਬਣਾਉਣ ਤੋਂ ਕੀਤੀ ਜਾ ਸਕਦੀ ਹੈ।

# ਤੇਜੀ ਨਾਲ ਵਧਦੀ ਤਕਨੀਕ ਕੀ ਸਾਡੇ ਲਈ ਮੁਸੀਬਤ ਬਣਨ ਜਾ ਰਹੀ ਹੈ?

ਆਧੁਨਿਕ ਤਕਨੀਕੀ ਯੁੱਗ ਵਿੱਚ ਸੂਚਨਾ ਤਕਨੀਕ ਇੰਨੀ ਤੇਜ਼ੀ ਨਾਲ ਤਬਦੀਲ ਹੋ ਰਹੀ ਹੈ ਕਿ ਦੋ ਤਿੰਨ ਸਾਲਾਂ ਬਾਅਦ ਹੀ ਵਰਤੇ ਜਾ ਰਹੇ ਜੰਤਰ ਜਾਂ ਡਿਵਾਈਸ ਪੁਰਾਣੇ ਲੱਗਣ ਲੱਗਦੇ ਹਨ। ਉਨ੍ਹਾਂ ਦੇ ਚੱਲਣ ਅਤੇ ਕੰਮ ਕਰਨ ਦੀ ਗਤੀ ਹੌਲੀ ਪੈਣ ਲੱਗਦੀ ਹੈ। ਮੋਬਾਇਲ, ਕੰਪਿਊਟਰ ਤੇ ਲੈਪਟਾਪ ਇਸ ਦੀਆਂ ਉਦਾਹਰਨਾਂ ਹਨ। ਸੂਚਨਾ ਤਕਨੀਕ ਦਾ ਵਿਕਾਸ ਇੰਨਾ ਜ਼ਿਆਦਾ ਤੇ ਉੱਚ ਪੱਧਰ ਦਾ ਹੋ ਗਿਆ ਹੈ ਕਿ ਇਸ ਨੇ ਹਰ ਪ੍ਰਕਾਰ ਦੀ ਦੂਰੀ ਖਤਮ ਕਰ ਦਿੱਤੀ ਹੈ। ਦੋਸਤਾਂ ਮਿੱਤਰਾਂ ਨਾਲ ਗੱਲ ਕਰਦੇ ਹੋਏ ਅਨੇਕ ਪ੍ਰਕਾਰ ਦੀ ਨਿਜੀ ਜਾਣਕਾਰੀ ਵੀ ਸਾਂਝੀ ਕਰ ਲੈਂਦੇ ਹਾਂ। ਇਕ ਦੂਜੇ ਨਾਲ ਆਪਣੀਆਂ ਨਿਜੀ ਫੋਟੋਆਂ ਵੀ ਸਾਂਝੀਆਂ ਕਰਦੇ ਹਾਂ।

ਕੀ ਅਜੋਕੀ ਸੂਚਨਾ ਤਕਨੀਕ ਦੀ ਵਰਤੋਂ ਕਰਦੇ ਹੋਏ ਅਸੀਂ ਆਪਣੇ ਆਪ ਨੂੰ ਕਿਸੇ ਅਣਚਾਹੀ ਅਤੇ ਅਣਕਿਆਸੀ ਸਥਿਤੀ ਵਿੱਚ ਤਾਂ ਨਹੀਂ ਧੱਕ ਰਹੇ? ਦੋਸਤਾਂ ਮਿੱਤਰਾਂ ਨਾਲ ਆਪਣੀ ਗੱਲ ਸਾਂਝੀ ਕਰਦੇ ਹੋਏ ਇਸ ਦੀ ਜਾਣਕਾਰੀ ਕਿਸੇ ਹੋਰ ਏਜੰਸੀ ਕੋਲ ਇਕੱਠੀ ਤਾਂ ਨਹੀਂ ਹੋ ਰਹੀ? ਸਾਡੀ ਮਨੋਵਿਗਿਆਨਕ ਸਥਿਤੀ ਦਾ ਨਜਾਇਜ਼ ਫਾਇਦਾ ਤਾਂ ਨਹੀਂ ਉਠਾਇਆ ਜਾ ਰਿਹਾ? ਇਹ ਕੁਝ ਸਵਾਲ ਹਨ ਜਦੋਂ ਕਿਸੇ ਨਾਲ ਵਟਸਐਪ, ਫੇਸਬੁੱਕ ਜਾਂ ਕਿਸੇ ਹੋਰ ਹੈਂਡਲ ਜ਼ਰੀਏ ਆਪਣੀ ਕਿਸੇ ਵੀ ਪ੍ਰਕਾਰ ਦੀ ਸੂਚਨਾ ਸਾਂਝੀ ਕਰਦੇ ਹਾਂ ਤਾਂ ਅੱਗੇ ਤੋਂ ਅੱਗੇ ਉਸੇ ਪ੍ਰਕਾਰ ਦੀ ਯੂਟਿਊਬ, ਮਸ਼ਹੂਰੀਆਂ ਜਾਂ ਫੋਟੋਆਂ ਆਦਿ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ। ਇਹ ਸਾਰਾ ਕੁਝ ਕਿਵੇਂ ਵਾਪਰ ਰਿਹਾ ਹੈ? ਕੀ ਸਾਡੀ ਗੱਲਬਾਤ ਨੂੰ ਕੋਈ ਏਜੰਸੀ ਮੌਨਿਟਰ ਕਰ ਰਹੀ ਹੈ? ਡੇਟਾ ਇਕੱਠਾ ਕਰ ਰਹੀ ਹੈ? ਜਾਂ ਸਾਡੇ ਬਾਰੇ ਵਿਅਕਤੀਗਤ ਜਾਣਕਾਰੀ ਹਾਸਿਲ ਕਰ ਲਈ ਹੈ ਕਿ ਅਸੀਂ ਕਿਸ ਖਿੱਤੇ ਤੇ ਕਿੱਤੇ ਤੋਂ ਹਾਂ, ਕਿਸ ਪ੍ਰਕਾਰ ਦੇ ਕੰਮ ਕਾਜ ਜਾਂ ਕਾਰਵਾਈਆਂ ਆਦਿ ਕਰਦੇ ਹਾਂ ਤੇ ਬੜਾ ਕੁਝ ਹੋਰ। ਇਸ ਲਈ ਅੱਜ ਵਰਤੋਂਕਾਰ ਰਾਜ਼ਦਾਰੀ ਨੀਤੀ (User Pirvacy Poilcy) ਵਿੱਚ ਸੁਧਾਰ ਦੀ ਲੋੜ ਹੈ।

ਵਟਸਐਪ ਰਾਹੀਂ ਵਿਅਕਤੀਗਤ ਜਾਣਕਾਰੀ ਕੌਣ ਭੇਜ ਰਿਹਾ ਹੈ ਤੇ ਕਿਸ ਨੂੰ ਭੇਜ ਰਿਹਾ ਹੈ, ਇਹ ਕੇਵਲ ਤੇ ਕੇਵਲ ਦੋਹਾਂ ਵਿਚਾਲ ਹੀ ਰਹੇ, ਇਹ ਯਕੀਨੀ ਬਣਾਉਣ ਵਾਸਤੇ ਹੀ ਪ੍ਰੋਗਰਾਮ ਇਜਾਦ ਕੀਤਾ ਗਿਆ ਜਿਸ ਨੂੰ ਐਂਡ-ਟੂ-ਐਂਡ ਐਨਕ੍ਰਿਪਸ਼ਨ ਕਿਹਾ ਜਾਂਦਾ ਹੈ। ਇਹ ਉੱਚ ਪਧਰੀ ਸੁਰੱਖਿਆ ਪ੍ਰਣਾਲੀ ਹੈ ਜਿਸ ਦੀ ਵਰਤੋਂ ਖਾਸ ਤੌਰ 'ਤੇ ਵਟਸਐਪ ਰਾਹੀਂ ਸੰਦੇਸ਼ ਭੇਜਣ ਲਈ ਕੀਤੀ ਜਾਂਦੀ ਹੈ। ਇਹ ਐਨਕ੍ਰਿਪਸ਼ਨ ਵਿਧੀ ਯਕੀਨੀ ਬਣਾਉਂਦੀ ਹੈ ਕਿ ਸਿਰਫ ਸੰਦੇਸ਼ ਭੇਜਣ ਵਾਲਾ ਤੇ ਸੰਦੇਸ਼ ਪ੍ਰਾਪਤ ਕਰਨ ਵਾਲਾ ਹੀ ਇਸ ਨੂੰ ਪੜ੍ਹ ਸਕਦਾ ਹੈ, ਹੋਰ ਕੋਈ ਨਹੀਂ। ਖ਼ੁਦ ਵਟਸਐਪ ਵੀ ਇਸ ਨੂੰ ਨਹੀਂ ਪੜ੍ਹ ਸਕਦਾ।

ਸੁਆਲ ਪੈਦਾ ਹੁੰਦਾ ਹੈ ਕਿ ਇਹ ਪ੍ਰਣਾਲੀ ਕਿਵੇਂ ਕੰਮ ਕਰਦੀ ਹੈ? ਇਸ ਪ੍ਰਣਾਲੀ ਤਹਿਤ ਜਦੋਂ ਸੰਦੇਸ਼ ਭੇਜਿਆ ਜਾਂਦਾ ਹੈ ਤਾਂ ਭੇਜਣ ਵਾਲੇ ਦੀ ਡਿਵਾਈਸ ਦੇ ਸੰਦੇਸ਼ ਨੂੰ ਵਿਲੱਖਣ ਕੁੰਜੀ ਦੀ ਵਰਤੋਂ ਨਾਲ ਤਾਲਾ ਲਾਇਆ ਜਾਂਦਾ ਹੈ; ਜਾਂ ਤਕਨੀਕੀ ਭਾਸ਼ਾ ਵਿੱਚ ਇਸ ਨੂੰ ਐਨਕ੍ਰਿਪਟ ਕੀਤਾ ਜਾਂਦਾ ਹੈ ਜਿਸ ਨੂੰ ਕੇਵਲ ਸੰਦੇਸ਼ ਪ੍ਰਾਪਤ ਕਰਨ ਵਾਲੇ ਦੀ ਡਿਵਾਈਸ ਦੁਆਰਾ ਹੀ ਉਸ ਦੀ ਵਿਲੱਖਣ ਕ੍ਰਿਪਟੋਗ੍ਰਾਫਿਕ ਕੁੰਜੀ ਦੁਆਰਾ ਡੀਕ੍ਰਿਪਟ ਕੀਤਾ ਜਾ ਸਕਦਾ ਹੈ। ਇੰਝ ਇਹ ਸੰਦੇਸ਼ ਭਾਵੇਂ ਵਟਸਐਪ ਦੇ ਕੰਪਿਊਟਰਾਂ ਰਾਹੀਂ ਜਾਂਦਾ ਹੈ ਪਰ ਇਸ ਸੁਰੱਖਿਆ ਪ੍ਰਣਾਲੀ ਤਹਿਤ ਇਹ ਐਨਕ੍ਰਿਪਟਿਡ ਰਹਿੰਦਾ ਹੈ। ਭੇਜਣ ਅਤੇ ਪ੍ਰਾਪਤ ਕਰਨ ਵਾਲੇ ਤੋਂ ਇਲਾਵਾ ਕਿਸੇ ਹੋਰ ਲਈ ਇਸ ਨੂੰ ਪ੍ਰਾਪਤ ਕਰਨਾ ਅਸੰਭਵ ਹੁੰਦਾ ਹੈ। ਇਸ ਪ੍ਰਕਾਰ ਵਿਅਕਤੀਗਤ ਨਿੱਜਤਾ ਬਰਕਰਾਰ ਰਹਿੰਦੀ ਹੈ ਪਰ ਜਦੋਂ ਕਿਸੇ ਤਕਨੀਕ ਦਾ ਦੁਰਉਪਯੋਗ ਹੋਣ ਲੱਗਦਾ ਹੈ ਤਾਂ ਉਸ ਬਾਰੇ ਸਭ ਨੂੰ ਸੁਚੇਤ ਹੋਣ ਦੀ ਜ਼ਰੂਰਤ ਹੁੰਦੀ ਹੈ।

# ਪੰਜਾਬੀ ਲਹਿਰ ਇੰਕ. ਵੱਲੋਂ ਲਹਿੰਦੇ ਪੰਜਾਬ ਦੀ ਸਭਿਆਚਾਰਕ ਤੇ ਧਾਰਮਿਕ ਯਾਤਰਾ

ਫਰੀਮਾਂਟ- ਪੰਜਾਬੀ ਲਹਿਰ ਵੱਲੋਂ ਪਾਕਿਸਤਾਨ ਦੇ ਪਵਿੱਤਰ ਸਥਾਨਾਂ ਦੇ ਦਰਸ਼ਨ ਕਰਾਉਣ ਦੇ ਇਰਾਦੇ ਨਾਲ ਅਕਤੂਬਰ 20 ਤੋਂ ਸ਼ੁਰੂ ਕਰਕੇ ਅਕਤੂਬਰ 31, 2024 ਤੱਕ ਦੇ ਸਮੇਂ ਵਿਚ ਪ੍ਰੋਗਰਾਮ ਉਲੀਕੇ ਗਏ ਹਨ।

ਇਸ ਯਾਤਰਾ 'ਚ ਸਿੱਖ ਸੰਗਤ ਨੂੰ ਗੁਰਧਾਮਾਂ ਦੀ ਯਾਤਰਾ ਕਰਾਉਣ ਦੇ ਨਾਲ-ਨਾਲ, ਇਤਿਹਾਸਕ ਥਾਵਾਂ, ਜਿਨ੍ਹਾਂ 'ਚ ਮਹਾਰਾਜਾ ਰਣਜੀਤ ਸਿੰਘ ਦੇ ਕਿਲੇ, ਮਹੱਲ, ਅਕਾਲੀ ਫੂਲਾ ਸਿੰਘ ਜੀ ਨਾਲ ਸਬੰਧਤ ਸਥਾਨ ਸ. ਹਰੀ ਸਿੰਘ ਨਲੂਆ ਜੀ ਦੇ ਸਥਾਨਾਂ ਦੇ ਵੀ ਦਰਸ਼ਨ ਕਰਵਾਏ ਜਾਣਗੇ। ਸਿੱਖਾਂ ਦੀ ਬਹਾਦਰੀ ਦਿਖਾਉਣ ਵਾਲੇ ਸਥਾਨ ਜਮਰੌਦ ਦੇ ਕਿਲੇ ਨੂੰ ਵਿਖਾਉਣਾ ਸ਼ਾਮਲ ਹੈ।

ਸ. ਪੁਪਿੰਦਰ ਸਿੰਘ ਲਵਲੀ (ਸਿੱਖ ਹਿਸਟੋਰੀਅਨ), ਜੋ ਨਨਕਾਣਾ ਸਾਹਿਬ ਜੀ ਦੇ ਰਹਿਣ ਵਾਲੇ ਹਨ, ਵੱਲੋਂ ਇਸ ਯਾਤਰਾ ਦੀ ਰਹਿਨੁਮਾਈ ਕੀਤੀ ਜਾਵੇਗੀ।

ਇਸ ਯਾਤਰਾ ਦੇ ਦੌਰਾਨ ਸਿੱਖ ਸੰਗਤਾਂ ਨੂੰ 30 ਗੁਰੂ ਘਰ, ਕਿਲੇ ਤੇ ਸਿੱਖਾਂ ਦੇ ਧਾਰਮਿਕ ਸਥਾਨ, ਜਿਹਨਾਂ 'ਚ ਨਨਕਾਣਾ ਸਾਹਿਬ, ਪੰਜਾ ਸਾਹਿਬ, ਲਾਹੌਰ ਦੇ ਗੁਰੂ ਘਰ, ਕਰਤਾਰਪੁਰ ਸਾਹਿਬ, ਰਾਵਲਪਿੰਡੀ, ਜਿਹਲਮ, ਗੁਜਰਾਂਵਾਲਾ ਤੇ ਹੋਰ ਕਈ ਕਿਲ੍ਹੇ ਵੀ ਵਿਖਾਏ ਜਾਣਗੇ, ਜਿਸ ਵਿਚ ਜਮਰੌਦ ਦਾ ਕਿਲਾ ਸ਼ਾਮਲ ਹੋਵੇਗਾ। ਪੰਜਾਬੀ ਲਹਿਰ ਵੱਲੋਂ ਸਿੱਖਾਂ ਦੀ ਪਹਿਚਾਣ ਦਰਸਾਉਂਦੇ ਉਹ ਸ਼ਹਿਰ, ਜਗ੍ਹਾ ਵਿਖਾਉਣ ਦਾ ਇਹ ਇੰਤਜ਼ਾਮ ਪਹਿਲੀ ਵਾਰ ਕੀਤਾ ਜਾ ਰਿਹਾ ਹੈ।

ਪੰਜਾਬੀ ਲਹਿਰ ਵੱਲੋਂ ਇਸ ਯਾਤਰਾ ਲਈ ਹਰ ਹੀਲੇ ਤੁਹਾਡੇ ਲਈ ਜੋ ਕੰਮ ਕੀਤੇ ਜਾਣਗੇ:

1. ਵੀਜ਼ਾ ਲੈਣ 'ਚ ਮਦਦ
2. ਵਾਹਘਾ ਬਾਰਡਰ ਤੋਂ ਲੈ ਕੇ ਜਾਣਾ ਜਾਂ ਏਅਰ ਪੋਰਟ ਤੋਂ ਲੈ ਕੇ ਜਾਣਾ ਤੇ ਉਥੇ ਹੀ ਛੱਡ ਕੇ ਜਾਣਾ ਸ਼ਾਮਲ ਹੋਵੇਗਾ।
3. ਪੰਜ ਤਾਰਾ ਹੋਟਲ 'ਚ ਠਹਿਰਨ ਦਾ ਇੰਤਜ਼ਾਮ ਹੋਵੇਗਾ।
4. ਗੱਡੀਆਂ ਲਿਜਾਣ ਵਾਸਤੇ ਤਿਆਰ ਹੋਣਗੀਆਂ।
5. ਤੁਹਾਡੇ ਨਾਲ ਸਭ ਜਗ੍ਹਾ ਤੇ ਗਾਈਡ ਹੋਵੇਗਾ।

ਇਸ ਯਾਤਰਾ 'ਚ ਗੁਰਧਾਮਾਂ ਦੇ ਦਰਸ਼ਨਾਂ ਦੇ ਨਾਲ-ਨਾਲ ਇਤਿਹਾਸਕ ਥਾਵਾਂ ਦੇ ਦਰਸ਼ਨ ਕਰਾਉਣਾ ਪਹਿਲੀ ਵਾਰ ਸ਼ਾਮਲ ਹੋ ਰਿਹਾ ਹੈ। ਹੋਰ ਜਾਣਕਾਰ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ ਜਾਂ ਈ-ਮੇਲ ਕਰੋ:

ਰਾਣਾ ਕਾਹਲੋਂ:- 510-378-8560
ਸੁਰਜੀਤ ਸਿੰਘ ਹੋਠੀ:- 510-552-8481
ਜਾਂ ਈਮੇਲ ਕਰੋ:
info@punjabilehar.com
web: www.punjablehar.com

**(ਹੋਰ ਵਧੇਰੇ ਜਾਣਕਾਰੀ ਲਈ ਪੋਸਟਰ ਦੇਖੋ ਅਗਲੇ ਸਫੇ 'ਤੇ)**

# ਅਮੀਰ ਬਣਨ ਦਾ ਨੁਸਖਾ ਕੀ ਹੈ, ਕਿਸਮਤ, ਹੁਨਰ ਜਾਂ ਸਮਾਂ



ਮਾਈਮ ਆਰਟ ਪੜ੍ਹਨ ਵਾਲੇ ਇਟਲੀ ਦੇ ਕਮਿਊਨਿਸਟ ਵਿਦਿਆਰਥੀ, ਗੇਂਦ ਉੱਤੇ ਨਜ਼ਰ ਰੱਖਣ ਵਾਲੇ ਇੱਕ ਪ੍ਰਤਿਭਾਸ਼ਾਲੀ ਬੱਚੇ ਅਤੇ ਇੱਕ ਕਮੇਡੀਅਨ ਵਿੱਚ ਕੀ ਸਮਾਨਤਾ ਹੈ? ਦਰਅਸਲ ਇਹ ਤਿੰਨੇ ਅੱਗੇ ਜਾ ਕੇ ਇੱਕ ਬੇਹੱਦ ਖ਼ਾਸ ਵਿਸ਼ਵੀ ਸਮੂਹ ਦਾ ਹਿੱਸਾ ਬਣ ਗਏ।

ਗੱਲ ਹੋ ਰਹੀ ਹੈ ਮਿਊਚਿਆ ਪ੍ਰਾਡਾ, ਟਾਈਗਰ ਵੁੱਡਸ ਅਤੇ ਜੇਰੀ ਸੇਨਫੀਲਡ ਦੀ, ਜੋ ਹੁਣ ਦੁਨੀਆਂ ਦੇ 2800 ਅਰਬਪਤੀ ਲੋਕਾਂ ਦੀ ਸੂਚੀ ਵਿੱਚ ਸ਼ਾਮਲ ਹਨ। ਇਸ ਸੂਚੀ ਵਿੱਚ ਵੱਖ-ਵੱਖ ਦੇਸਾਂ ਦੇ ਵੱਖ-ਵੱਖ ਲੋਕ ਸ਼ਾਮਲ ਹਨ। ਦੁਨੀਆਂ ਭਰ ਦੇ ਅਮੀਰਾਂ ਦੀ ਸੂਚੀ ਤਿਆਰ ਕਰਨ ਵਾਲੀ ਅਮਰੀਕਨ ਮੀਡੀਆ ਫਰਮ ਫੋਰਬਸ ਦੇ ਮੁਤਾਬਕ, ਅਰਬਪਤੀਆਂ ਦੀ ਗਿਣਤੀ ਦੇ ਮਾਮਲੇ ਵਿੱਚ ਪਹਿਲੇ ਸਥਾਨ ਉੱਤੇ ਅਮਰੀਕਾ ਹੈ, ਜਿੱਥੇ 813 ਅਰਬਪਤੀ ਹਨ।

ਦੂਜੇ ਨੰਬਰ ਉੱਤੇ ਹਾਂਗ-ਕਾਂਗ ਸਣੇ ਚੀਨ ਹੈ ਜਿੱਥੇ 473 ਅਰਬਪਤੀ ਹਨ ਅਤੇ ਭਾਰਤ ਤੀਜੇ ਨੰਬਰ ਉੱਤੇ ਹੈ, ਜਿੱਥੇ 200 ਅਰਬਪਤੀ ਹਨ। ਅਰਬਾਂ ਦੀ ਇਸ ਜਾਇਦਾਦ ਦਾ ਬਾਰੇ ਕਿਆਸ ਲਾਉਣਾ ਬਹੁਤ ਮੁਸ਼ਕਿਲ ਕੰਮ ਹਨ। ਇੱਕ ਅਰਬ ਇੱਕ ਵੱਡੀ ਸੰਖਿਆ ਹੈ। ਇਸਦਾ ਅੰਦਾਜ਼ਾ ਲਗਾਉਣ ਲਈ ਤੁਸੀਂ ਇਸ ਤਰ੍ਹਾਂ ਸਮਝ ਸਕਦੇ ਹੋ ਕਿ 10 ਲੱਖ ਸਕਿੰਟ 11 ਦਿਨ ਦੇ ਬਰਾਬਰ ਹੁੰਦੇ ਹਨ, ਜਦਕਿ ਇੱਕ ਅਰਬ 32 ਸਾਲ ਦੇ ਬਰਾਬਰ ਹਨ। ਕੁਝ ਲੋਕ ਤਾਂ ਅਰਬਪਤੀਆਂ ਦੀ ਹੋਂਦ ਨੂੰ ਠੀਕ ਹੀ ਨਹੀਂ ਮੰਨਦੇ ਹਨ।

**ਦੁਨੀਆਂ ਦੇ 81 ਲੋਕਾਂ ਕੋਲ ਚਾਰ ਅਰਬ ਗ਼ਰੀਬਾਂ ਤੋਂ ਜ਼ਿਆਦਾ ਜਾਇਦਾਦ**

ਦੁਨੀਆਂ ਦੇ 81 ਅਮੀਰਾਂ ਦੀ ਜਾਇਦਾਦ ਦੁਨੀਆਂ ਦੇ ਚਾਰ ਅਰਬ ਲੋਕਾਂ ਤੋਂ ਜ਼ਿਆਦਾ ਹੈ। ਗ਼ੈਰ-ਬਰਾਬਰੀ ਉੱਤੇ ਸਾਲ 2023 ਵਿੱਚ ਆਫਸਕੈਮ ਨੇ ਇੱਕ ਰਿਪੋਰਟ ਵਿੱਚ ਕਿਹਾ ਸੀ, "ਹਰ ਇੱਕ ਅਰਬਪਤੀ ਨੀਤੀਗਤ ਭੁੱਲ ਦਾ ਨਤੀਜਾ ਹੈ। ਵਧਦੀ ਗ਼ਰੀਬੀ ਅਤੇ ਜਿਉਣ ਲਈ ਜ਼ਰੂਰੀ ਸਾਧਨਾਂ ਦੇ ਸੰਕਟ ਦੇ ਦੌਰਾਨ ਰਿਕਾਰਡ ਮੁਨਾਫ਼ੇ ਦੇ ਨਾਲ ਵੱਧਦੇ-ਫੁੱਲਦੇ ਅਰਬਪਤੀਆਂ ਦਾ ਹੋਣਾ ਇੱਕ ਅਜਿਹੀ ਆਰਥਿਕ ਪ੍ਰਣਾਲੀ ਦਾ ਸਬੂਤ ਹੈ, ਜੋ ਕੰਮ ਕਰਨ ਵਿੱਚ ਨਾਕਾਮ ਰਹੀ ਹੈ।" ਇਸੇ ਗ਼ੈਰ-ਬਰਾਬਰੀ ਕਾਰਨ ਕਈ ਦੇਸਾਂ ਵਿੱਚ ਆਮਦਨੀ ਉੱਤੇ ਟੈਕਸ ਲਾਉਣ ਦੀ ਥਾਂ ਪੂਰੀ ਆਮਦਨੀ ਉੱਤੇ ਟੈਕਸ ਲਾਉਣ ਬਾਰੇ ਚਰਚਾ ਕੀਤੀ ਜਾ ਰਹੀ ਹੈ।

ਅਮਰੀਕਾ ਵਿੱਚ ਡੈਮੋਕਰੇਟਿਕ ਪਾਰਟੀ ਦੇ ਸੈਨੇਟਰ ਐਲਿਜ਼ਾਬੇਥ ਵਾਰੇਨ ਨੇ ਪੰਜ ਕਰੋੜ ਡਾਲਰ ਦੀ ਜਾਇਦਾਦ ਉੱਤੇ ਦੋ ਫੀਸਦੀ ਅਤੇ ਇੱਕ ਬਿਲੀਅਨ ਦੀ ਜਾਇਦਾਦ ਉੱਤੇ ਤਿੰਨ ਫੀਸਦੀ ਟੈਕਸ ਦੀ ਤਜਵੀਜ਼ ਕੀਤੀ ਹੈ। ਜਦਕਿ ਕੁਝ ਲੋਕਾਂ ਦਾ ਤਰਕ ਹੈ ਕਿ ਜ਼ਿਆਦਾ ਜਾਇਦਾਦ ਦੀ ਸੰਭਾਵਨਾ ਨਵੀਆਂ-ਨਵੀਆਂ ਰਚਨਾਵਾਂ ਅਤੇ ਖੋਜਾਂ ਨੂੰ ਉਤਸ਼ਾਹਿਤ ਕਰਦੀ ਹੈ। ਇਸ ਕਾਰਨ ਕਰੋੜਾਂ ਲੋਕਾਂ ਦੀ ਜ਼ਿੰਦਗੀ ਵਿੱਚ ਸੁਧਾਰ ਆਉਂਦਾ ਹੈ।

**ਅਰਬਪਤੀਆਂ ਦੀ ਗਿਣਤੀ ਵਧਾਉਣਾ ਚਾਹੁੰਦੇ ਹਨ ਅਰਥਸ਼ਾਸਤਰੀ**

ਇਸ ਸਾਰੇ ਰੌਲੇ ਦੌਰਾਨ ਅਮਰੀਕੀ ਅਰਥਸ਼ਾਸਤਰੀ ਮਾਈਕਲ ਸਟਰੇਨ ਦੀ ਦਲੀਲ ਹੈ ਕਿ ਸਾਨੂੰ ਥੋੜ੍ਹੇ ਨਹੀਂ ਸਗੋਂ ਹੋਰ ਜ਼ਿਆਦਾ ਅਰਬਪਤੀਆਂ ਦੀ ਲੋੜ ਹੈ। ਉਹ ਨੋਬਲ ਇਨਾਮ ਜੇਤੂ ਵਿਲੀਅਮ ਨਾਰਡਹਾਸ ਦੇ ਉਸ ਸਿਧਾਂਤ ਦਾ ਹਵਾਲਾ ਦਿੰਦੇ ਹਨ, ਜਿਸ ਵਿੱਚ ਨਾਰਡਹਾਸ ਨੇ ਦੱਸਿਆ ਸੀ ਕਿ ਤਕਨੀਕੀ ਜਗਤ ਨਾਲ ਜੁੜੀਆਂ ਖੋਜਾਂ ਤੋਂ ਮਿਲੇ ਮੁਨਾਫ਼ੇ ਦਾ ਦੋ ਫੀਸਦੀ ਹੀ ਸੰਸਥਾਪਕਾਂ ਅਤੇ ਖੋਜੀਆਂ ਨੂੰ ਮਿਲਦਾ ਹੈ, ਬਾਕੀ ਸਮਾਜ ਨੂੰ ਜਾਂਦਾ ਹੈ।

ਅਰਬਪਤੀਆਂ ਬਾਰੇ ਸਟਰੇਨ ਦਾ ਕਹਿਣਾ ਹੈ, "ਉਹ ਆਪ-ਬਣੇ ਖੋਜੀ ਹੁੰਦੇ ਹਨ ਜਿਨ੍ਹਾਂ ਨੇ ਜ਼ਿੰਦਗੀ ਜਿਉਣ ਦਾ ਤਰੀਕਾ ਬਦਲ ਦਿੱਤਾ ਹੈ।" ਇਸ ਦੇ ਪੱਖ ਵਿੱਚ ਬਿਲਗੇਟਸ ਅਤੇ ਸਟੀਵ ਬਾਲਮਰ ਦੀ ਮਿਸਾਲ ਦਿੰਦੇ ਹਨ, ਜਿਨ੍ਹਾਂ ਨੇ ਕੰਪਿਊਟਿੰਗ ਦੀ ਦੁਨੀਆਂ ਵਿੱਚ ਕ੍ਰਾਂਤੀਕਾਰੀ ਬਦਲਾਅ ਲਿਆਂਦੇ। ਸਟਰੇਨ ਮਸ਼ਹੂਰ ਅਮਰੀਕੀ ਨਿਵੇਸ਼ਕ ਵਾਰੇਨ ਬਫ਼ੇ ਅਤੇ ਜੇਫ਼ ਬੇਸੋਜ਼ ਦੀ ਵੀ ਮਿਸਾਲ ਦਿੰਦੇ ਹਨ। ਉਹ ਕਹਿੰਦੇ ਹਨ ਕਿ ਬਫੇ ਨੇ ਖੁਦਰਾ ਖੇਤਰ ਨੂੰ ਉਤਸ਼ਾਹਿਤ ਕੀਤਾ ਹੈ ਜਦਕਿ ਏਲਨ ਮਸਕ ਨੇ ਆਟੋਮੋਟਿਵ ਉਦਯੋਗ ਅਤੇ ਪੁਲਾੜ ਕਾਰੋਬਾਰ ਨੂੰ ਬਦਲ ਕੇ ਰੱਖ ਦਿੱਤਾ ਹੈ।

ਸਟਰੇਨ ਦਾ ਕਹਿਣਾ ਹੈ ਕਿ ਸਾਰੇ 'ਨੀਤੀਆਂ ਦੀ ਕਮੀ ਕਾਰਨ' ਅਰਬਪਤੀ ਨਹੀਂ ਬਣੇ। ਬਲਕਿ ਇਹ ਖ਼ੁਦ ਦੇ ਇਨੋਵੇਸ਼ਨ ਅਤੇ ਮਿਹਨਤ ਕਾਰਨ ਇਸ ਮੁਕਾਮ ਤੱਕ ਪਹੁੰਚੇ ਹਨ। "ਇਨ੍ਹਾਂ ਦੇ ਅਰਬਪਤੀ ਨਾ ਬਣਨ ਦੀ ਕਾਮਨਾ ਨਾ ਕਰਨ ਦੀ ਥਾਂ ਸਾਨੂੰ ਉਨ੍ਹਾਂ ਦੀ ਸਫ਼ਲਤਾ ਉੱਤੇ ਖ਼ੁਸ਼ ਹੋਣਾ ਚਾਹੀਦਾ ਹੈ।" ਕਈ ਅਰਬਪਤੀ ਇੱਕ ਵੱਡੀ ਰਕਮ ਦਾਨ ਕਰਦੇ ਹਨ। ਗੇਟਸ ਅਤੇ ਬਫ਼ੇ ਨੇ ਦਿ ਗਿਵਿੰਗ ਪਲੈਜ ਵਰਗੀ ਪਹਿਲ ਕੀਤੀ, ਜਿਸ ਦੇ ਤਹਿਤ ਉਨ੍ਹਾਂ ਨੇ ਆਪਣੇ ਪੂਰੀ ਜ਼ਿੰਦਗੀ ਵਿੱਚ ਅੱਧੀ ਤੋਂ ਜ਼ਿਆਦਾ ਜਾਇਦਾਦ ਦਾਨ ਕਰਨ ਦੀ ਵਚਨਬੱਧਤਾ ਦਿਖਾਈ। ਉੱਥੇ ਹੀ 'ਦਿ ਗਿਵਿੰਗ ਪਲੈਜ' ਉੱਤੇ ਭਰੋਸਾ ਰੱਖਣ ਵਾਲੇ ਰੈਪਰ, ਕਾਰੋਬਾਰੀ ਮੁਗ਼ਲ ਅਰਬਪਤੀ ਜੇ-ਜ਼ੀ ਨੇ ਆਪਣੀ ਜਾਇਦਾਦ ਦੇ ਬਚਾਅ ਵਿੱਚ ਕਿਹਾ, "ਜੇ ਮੈਂ ਗ਼ਰੀਬ ਹੁੰਦਾ ਤਾਂ ਆਪਣੇ ਵਰਗੇ ਲੋਕਾਂ ਦੀ ਮਦਦ ਨਹੀਂ ਕਰ ਪਾਉਂਦਾ।" "ਇਸ ਲਈ ਮੈਂ ਅਮੀਰ ਬਣਿਆ ਅਤੇ ਉਨ੍ਹਾਂ ਦੀ ਮਦਦ ਕਰ ਦਿੱਤੀ। ਮੇਰੇ ਲਈ ਇਹ ਹਰ ਸਥਿਤੀ ਵਿੱਚ ਜਿੱਤਣ ਵਰਗਾ ਹੈ।"

**ਕਿਵੇਂ ਕੋਈ ਅਰਬਪਤੀ ਬਣ ਜਾਂਦਾ ਹੈ?**

ਕੋਈ ਉਂਝ ਹੀ ਅਰਬਪਤੀ ਨਹੀਂ ਬਣ ਜਾਂਦਾ। ਉਨ੍ਹਾਂ ਦੀ ਸਫ਼ਲਤਾ ਵਿੱਚ ਸਾਡੇ ਸਾਰਿਆਂ ਬਾਰੇ ਵੀ ਕੁਝ ਨਾ ਕੁਝ ਬਿਆਨ ਕਰਦੀ ਹੈ। ਕਿਸੇ ਲਈ ਅਮੀਰ ਬਣਨਾ ਹੁਣ ਤੱਕ ਮੁਸ਼ਕਲ ਹੈ। ਜਦੋਂ ਤੱਕ ਉਹ ਲੋਕਾਂ ਨੂੰ ਕੁਝ ਨਹੀਂ ਦਿੰਦਾ, ਜਿਨ੍ਹਾਂ ਦੀ ਮਦਦ ਦੀ ਉਨ੍ਹਾਂ ਨੂੰ ਲੋੜ ਹੋਵੇ ਜਾਂ ਫਿਰ ਉਨ੍ਹਾਂ ਨੂੰ ਪੂਰੀ ਖੁਸ਼ੀ ਨਾ ਦੇ ਦੇਵੇ। ਜਿਨ੍ਹਾਂ ਅਰਬਪਤੀਆਂ ਦੀ ਚਰਚਾ ਕੀਤੀ ਜਾਂਦੀ ਹੈ। ਉਨ੍ਹਾਂ ਨੂੰ ਥੋੜ੍ਹਾ-ਬਹੁਤ ਕਿਸੇ ਨਾ ਕਿਸੇ ਹੱਦ ਤੱਕ ਦੁਨੀਆਂ ਨੂੰ ਬਦਲਿਆ ਹੈ। ਭਾਵੇਂ ਉਹ ਪ੍ਰਾਡਾ ਦੇ ਉਤਪਾਦ ਹੋਣ ਜਾਂ ਫਿਰ ਸਟਾਰ ਵਾਰ ਸਿਨੇਮਾ ਜਾਂ ਟਿੱਕਟੌਕ। ਇੰਨਾ ਹੀ ਨਹੀਂ ਉਨ੍ਹਾਂ ਲਈ ਇਹ ਸਭ ਹਾਸਲ ਕਰਨ ਦੇ ਕਿੱਸੇ ਵੀ ਦਿਲਚਸਪ ਹਨ।

ਮਸਲਨ ਗੂਗਲ ਸਰਚ ਇੰਜਨ ਨੂੰ ਸ਼ੁਰੂਆਤੀ ਰੂਪ ਵਿੱਚ ਇਸ ਦੇ ਸੰਸਥਾਪਕ 10 ਲੱਖ ਡਾਲਰ ਵਿੱਚ ਵੇਚਣਾ ਚਾਹੁੰਦੇ ਸਨ। ਲੇਕਿਨ ਉਨ੍ਹਾਂ ਨੂੰ ਖ਼ੀਰਦਾਰ ਨਹੀਂ ਮਿਲਿਆ। ਅੱਜ ਗੂਗਲ ਦੀ ਕੀਮਤ 23 ਖਰਬ ਡਾਲਰ ਹੈ, ਜਦਕਿ ਸਹਿ-ਸੰਸਥਾਪਕ ਸਰਗੀ ਬ੍ਰਿਨ ਦੀ ਨਿੱਜੀ ਜਾਇਦਾਦ 135 ਅਰਬ ਡਾਲਰ ਹੈ, ਜੋ ਲਗਭਗ ਮੋਰੱਕੋ ਵਰਗੇ ਦੇਸ ਦੀ ਜੀਡੀਪੀ ਦੇ ਬਰਾਬਰ ਹੈ। ਮਿਊਚਿਆ ਪ੍ਰਾਡਾ 1960 ਦੇ ਦਹਾਕੇ ਵਿੱਚ ਇਟਲੀ ਵਿੱਚ ਇੱਕ ਖੱਬੇਪੱਖੀ ਮਾਰਿਆ ਬਿਆਂਚੀ ਸਨ। ਆਪਣਾ ਨਾਮ ਮਾਰਿਆ ਬਿਆਂਚੀ ਤੋਂ ਬਦਲ ਕੇ ਮਿਊਚਿਆ ਪ੍ਰਾਡਾ ਕਰਨ ਤੋਂ ਪਹਿਲਾਂ ਉਹ ਥਿਏਟਰ ਸਕੂਲ ਵਿੱਚ 'ਮਾਈਮ' ਆਰਟ ਪੜ੍ਹ ਰਹੇ ਸਨ। ਮਾਈਮ ਆਰਟ ਮੂਕ ਅਦਾਕਾਰੀ ਦੀ ਇੱਕ ਸ਼ੈਲੀ ਹੈ। ਇਸ ਵਿੱਚ ਸਿਰਫ਼ ਚਿਹਰੇ ਦੇ ਹਾਵ-ਭਾਵ ਨਾਲ ਗੱਲ ਸਮਝਾਈ ਜਾਂਦੀ ਹੈ।

ਆਪਣੇ ਦਮ 'ਤੇ ਅਰਬਪਤੀ ਬਣਨ ਵਾਲੀ ਭਾਰਤ ਦੀ ਪਹਿਲੀ ਔਰਤ ਕਿਰਨ ਮਜੂਮਦਾਰ ਸ਼ਾਅ ਨੇ ਸ਼ੁਰੂਆਤ ਬੀਅਰ ਬਣਾਉਣ ਤੋਂ ਕੀਤੀ ਸੀ। ਬਾਅਦ ਵਿੱਚ ਫਾਰਮਸਿਊਟੀਕਲ ਦੇ ਖੇਤਰ ਵਿੱਚ ਉਨ੍ਹਾਂ ਨੇ ਹੱਥ ਅਜ਼ਮਾਇਆ ਅਤੇ ਉਨ੍ਹਾਂ ਦਾ ਨਾਮ ਏਸ਼ੀਆ ਦੀ ਸਭ ਤੋਂ ਵੱਡੇ ਇੰਸੂਲਿਨ ਉਤਪਾਦਕਾਂ ਵਿੱਚ ਮਸ਼ਹੂਰ ਹੋ ਗਿਆ। ਅਮਰੀਕੀ ਕਮੇਡੀਅਨ ਅਤੇ ਐਕਟਰ ਜੈਰੀ ਸੇਨਫੀਲਡ ਦੇ ਮਾਤਾ-ਪਿਤਾ, ਦੋਵੇਂ ਹੀ ਅਨਾਥ ਸਨ। ਉਨ੍ਹਾਂ ਦੇ ਪਿਤਾ ਨੇ ਕਦੇ ਜੈਰੀ ਨੂੰ ਗ਼ਲੇ ਨਹੀਂ ਲਾਇਆ। ਸ਼ਾਇਦ ਇਹੀ ਕਾਰਨ ਸੀ ਕਿ ਲੈਰੀ ਡੇਵਿਡ ਨੇ ਆਪਣੀ ਹਿੱਟ ਕਾਮੇਡੀ ਸੇਨਫੀਲਡ ਵਿੱਚ ਇਹ ਮਸ਼ਹੂਰ ਲਾਈਨ ਲਿਖੀ- ਨੋ ਹਗਿੰਗ ਐਂਡ ਨੋ ਲਰਨਿੰਗ।

ਇਨ੍ਹਾਂ ਅਰਬਪਤੀਆਂ ਦੀ ਸਫ਼ਲਤਾ ਅਕਸਰ ਇੱਕ ਵਿਆਪਕ ਇਤਿਹਾਸਕ, ਸਿਆਸੀ ਅਤੇ ਤਕਨੀਕੀ ਰੁਝਾਨਾਂ ਦੀ ਕਹਾਣੀ ਵੀ ਦੱਸਦੀ ਹੈ। ਅਲੀ ਬਾਬਾ ਦੇ ਸਹਿ-ਸੰਸਥਾਪਕ ਜੈਕ ਮਾ ਨੂੰ ਵੀ ਨਾਲੋ-ਨਾਲ ਉੱਭਰੀਆਂ ਤਾਕਤਾਂ ਦਾ ਫਾਇਦਾ ਮਿਲਿਆ। ਉਸ ਸਮੇਂ ਆਨਲਾਈਨ ਰਿਟੇਲ ਜ਼ੋਰ ਫੜ ਰਿਹਾ ਸੀ ਅਤੇ ਦੂਜੇ ਪਾਸੇ ਚੀਨ ਵੀ ਮਜ਼ਬੂਤ ਅਰਥਚਾਰਾ ਬਣ ਕੇ ਉੱਭਰ ਰਿਹਾ ਸੀ ਅਤੇ ਉੱਥੇ ਲੋਕਾਂ ਵਿੱਚ ਖੁਸ਼ਹਾਲੀ ਵਧ ਰਹੀ ਸੀ।

**ਸਫ਼ਲਤਾ ਵਿੱਚ ਕਈ ਹਿੱਸੇਦਾਰ ਹੁੰਦੇ ਹਨ**

ਅਜਿਹੀਆਂ ਵੀ ਕਹਾਣੀਆਂ ਹਨ, ਜਿੱਥੇ ਕਿਸਮਤ ਵੱਡੀ ਭੂਮਿਕਾ ਵਿੱਚ ਰਹੀ ਹੈ। 1960 ਦੇ ਦਹਾਕੇ ਦੇ ਆਖ਼ਰੀ ਸਾਲਾਂ ਵਿੱਚ ਮਾਈਕ੍ਰੋਸਾਫ਼ਟ ਦੇ ਸੰਸਥਾਪਕ ਬਿਲ ਗੇਟਸ ਅਮਰੀਕਾ ਦੇ ਚੋਣਵੇਂ ਸਕੂਲਾਂ ਵਿੱਚੋਂ ਇੱਕ ਵਿੱਚ ਜਾਂਦੇ ਹੁੰਦੇ ਸਨ, ਜਿੱਥੇ ਕੰਪਿਊਟਰ ਸੀ। ਇਸ ਤਰ੍ਹਾਂ ਰਿਹਾਨਾ ਨੂੰ ਆਡੀਸ਼ਨ ਦੇਣ ਦਾ ਮੌਕਾ ਵੀ ਉਦੋਂ ਮਿਲਿਆ ਜਦੋਂ ਇੱਕ ਰਿਕਾਰਡ ਨਿਰਮਾਤਾ ਬਾਰਬਾਡੋਸ ਵਿੱਚ ਛੁੱਟੀਆਂ ਮਨਾ ਰਹੇ ਸਨ। ਉੱਥੇ ਹੀ ਕੁਝ ਲੋਕਾਂ ਲਈ ਪਰਿਵਾਰ ਸਭ ਤੋਂ ਜ਼ਿਆਦਾ ਮਦਗਾਰ ਸਾਬਤ ਹੋਇਆ। ਮਸ਼ਹੂਰ ਗਾਇਕਾ ਟੇਲਰ ਸਵਿਫ਼ਟ ਦਾ ਪੂਰਾ ਪਰਿਵਾਰ ਆਪਣੀ ਬੇਟੀ ਦੇ ਕਰੀਅਰ ਨੂੰ ਅੱਗੇ ਵਧਾਉਣ ਲਈ ਪੈਂਸਿਲਵੇਨੀਆ ਤੋਂ ਨੈਸ਼ਵਿਲੇ ਚਲਿਆ ਗਿਆ ਸੀ।

ਉੱਥੇ ਹੀ ਅਮਰੀਕੀ ਬਾਸਕਿਟਬਾਲ ਖਿਡਾਰੀ ਮਾਈਕਲ ਜਾਰਡਨ ਦੀ ਮਾਂ ਦੀ ਸਲਾਹ ਸੀ ਕਿ ਉਨ੍ਹਾਂ ਨੂੰ ਐਡੀਡਾਸ ਜਾਂ ਕਾਰਨਵਸ ਵਰਗੀਆਂ ਕੰਪਨੀਆਂ ਦੇ ਨਾਲ ਕੋਈ ਸੌਦਾ ਕਰਨ ਤੋਂ ਪਹਿਲਾਂ 'ਨਾਇਕੀ' ਨੂੰ ਸੁਣਨਾ ਚਾਹੀਦਾ ਹੈ। ਬਾਅਦ ਵਿੱਚ ਇਹੀ ਕਰਾਰ ਖੇਡ ਇਤਿਹਾਸ ਵਿੱਚ ਸਭ ਤੋਂ ਵੱਡਾ ਸੌਦਾ ਸਾਬਤ ਹੋਇਆ।

ਸਾਫ਼ ਤੌਰ ਉੱਤੇ ਉਨ੍ਹਾਂ ਕਹਾਣੀਆਂ ਵਿੱਚ ਕੁਝ ਅਜਿਹੇ ਪਲ਼ ਵੀ ਹਨ, ਜਿਨ੍ਹਾਂ ਵਿੱਚ ਛੋਟੇ-ਛੋਟੇ ਵਾਕਿਆ ਨੇ ਇਨ੍ਹਾਂ ਅਰਬਪਤੀਆਂ ਦੇ ਜੀਵਨ ਅਤੇ ਕਿਸਮਤ ਨੂੰ ਬਦਲ ਦਿੱਤਾ। ਲੇਕਿਨ ਜਦੋਂ ਮੌਕਿਆਂ ਦੀ ਦਰਵਾਜ਼ੇ ਖੁੱਲ੍ਹਦੇ ਹਨ ਤਾਂ ਤੁਹਾਨੂੰ ਉਨ੍ਹਾਂ ਦੇ ਵਿੱਚ ਸਾਰਾ ਕੁਝ ਸੰਭਾਲਦੇ ਹੋਏ ਚੱਲਣਾ ਪੈਂਦਾ ਹੈ। ਪਰ ਇਨ੍ਹਾਂ ਸਾਰਿਆਂ ਵਿੱਚ ਕੋਈ ਸਾਂਝ ਹੈ, ਤਾਂ ਉਹ ਹੈ ਊਰਜਾ, ਪ੍ਰੇਰਨਾ ਅਤੇ ਵਚਨਬੱਧਤਾ ਜੋ ਅਜਿਹੇ ਲੋਕ ਆਪਣੇ-ਆਪਣੇ ਖੇਤਰਾਂ ਵਿੱਚ ਲੈ ਕੇ ਆਏ ਹਨ। ਇਸਦੇ ਨਾਲ ਹੁੰਦੀ ਹੈ ਆਪੋ-ਆਪਣੇ ਖੇਤਰਾਂ ਵਿੱਚ ਅੱਗੇ ਵਧਣ ਦੀ ਇੱਛਾ।

ਪੋਡਕਾਸਟ ਗੁੱਡ ਬੈਡ ਬਿਲੀਨੇਅਰ ਵਿੱਚ ਮੇਰੀ ਸਹਿ-ਮੇਜ਼ਬਾਨ, ਜ਼ਿੰਗ ਤਜ਼ੇਂਗ ਅਤੇ ਮੈਂ ਹਮੇਸ਼ਾ ਮਜ਼ਾਕ ਕਰਦੇ ਹਾਂ ਕਿ ਜੇ ਸਾਨੂੰ ਦਸ ਲੱਖ ਡਾਲਰ ਮਿਲ ਜਾਣ ਤਾਂ ਅਸੀਂ ਤੁਹਾਨੂੰ ਉਸੇ ਸਮੇਂ ਇੱਥੇ ਨਹੀਂ ਮਿਲਾਂਗੇ। ਇੱਥੇ ਸਿਰਫ਼ ਦੋ ਕੁਰਸੀਆਂ ਹੀ ਰਹਿ ਜਾਣਗੀਆਂ ਕਿਉਂਕਿ ਮੈਂ ਮੱਛੀਆਂ ਫੜ੍ਹਨ ਚਲੀ ਜਾਵਾਂਗੀ ਅਤੇ ਮੇਰੀ ਕਿਸੇ ਸੰਗੀਤ ਸਮਾਗ਼ਮ ਦਾ ਆਨੰਦ ਮਾਣ ਰਹੀ ਹੋਵੇਗੀ। ਮੈਨੂੰ ਲਗਦਾ ਹੈ ਕਿ ਸਾਡੇ ਵਰਗੇ ਲੋਕ ਸ਼ਾਇਦ ਕਦੇ ਵੀ ਕੁਝ ਵੱਡਾ ਨਹੀਂ ਕਰ ਸਕਣਗੇ ਪਰ ਅਸੀਂ ਉਨ੍ਹਾਂ ਅਰਬਪਤੀਆਂ ਤੋਂ ਹਮੇਸ਼ਾ ਪ੍ਰਭਾਵਿਤ, ਮੋਹਿਤ, ਹੈਰਾਨ ਅਤੇ ਕਦੇ-ਕਦੇ ਥੋੜ੍ਹਾ ਸਹਿਮੇ ਜ਼ਰੂਰ ਰਹਿੰਦੇ ਹਾਂ।

# THE SIKH LEGACY

## YATRA IN PAKISTAN

Punjabi Lehar Inc.

This Tour Takes you across 30 Places Gurdwaras, Forts And Shrine Including Historical City Nanakana Sahib, Panja Sahib, Lahore, Kartarpur Sahib, Rawalpindi, Jhelum, Gujranwala.




- ✔ Visa Support
- ✔ Pick up from Airport or Wagah Border
- ✔ Five Star Accommodation
- ✔ Transport, Guides , Security
- ✔ Drop off to Airport

ਇਸ ਯਾਤਰਾ ’ਚ 30 ਧਾਰਮਿਕ ਸਥਾਨਾਂ ’ਤੇ, ਜਿਨ੍ਹਾਂ ’ਚ ਕਿਲੇ, ਧਾਰਮਿਕ ਥਾਵਾਂ ਦੇ ਨਾਲ ਇਤਿਹਾਸਕ ਗੁਰੂ ਘਰਾਂ ਨਨਕਾਣਾ ਸਾਹਿਬ, ਪੰਜਾ ਸਾਹਿਬ, ਕਰਤਾਰਪੁਰ ਸਾਹਿਬ, ਲਾਹੌਰ ’ਚ ਗੁਰੂ ਘਰ, ਰਾਵਲਪਿੰਡੀ, ਜਿਹਲਮ ਤੇ ਗੁਜਰਾਂਵਾਲਾ ’ਚ ਮਹਾਰਾਜਾ ਰਣਜੀਤ ਸਿੰਘ ਮਹਿਲ ਆਦਿ ਸ਼ਾਮਲ ਹਨ।

* ਵੀਜ਼ਾ ਲੈਣ ’ਚ ਮਦਦ
* ਏਅਰਪੋਰਟ ਤੋਂ ਲੈ ਕੇ ਜਾਣਾ
* ਪੰਜ ਤਾਰਾ ਹੋਟਲ ’ਚ ਠਹਿਰਾਉਣਾ
* ਟੈਕਸੀ, ਗਾਈਡ, ਸਕਿਊਰਟੀ
ਵਾਪਸ ਏਅਰਪੋਰਟ ’ਤੇ ਛੱਡਣਾ ਜਾਂ
ਵਾਹਗਾ ਬਾਰਡਰ ’ਤੇ।

**For more information:**

RANA RS KAHLON **+1(510) 378-8560**

SURJIT SINGH HOTHI **+1(510) 552-8481**



Hosted by :
Pupinder Singh Lovely
( Sikh Historian )

Web: www.punjabilehar.com Mail: info@punjabilehar.com




## ਇਮਿਊਨਿਟੀ ਵਧਾਉਣ 'ਚ ਰਾਮਬਾਣ ਹਨ ਇਹ 5 ਚੀਜ਼ਾਂ

ਕਦੇ ਧੁੱਪ, ਕਦੇ ਬਰਸਾਤ... ਜੀ ਹਾਂ, ਅੱਜਕੱਲ੍ਹ ਮੌਸਮ ਦੇ ਮਿਜ਼ਾਜ ਨੂੰ ਸਮਝਣਾ ਥੋੜ੍ਹਾ ਔਖਾ ਹੈ। ਅਜਿਹੀ ਸਥਿਤੀ 'ਚ ਕਈ ਬੱਚੇ ਮੌਸਮੀ ਫਲੂ ਦਾ ਸ਼ਿਕਾਰ ਹੋ ਜਾਂਦੇ ਹਨ। ਜੇਕਰ ਤੁਹਾਡੇ ਬੱਚੇ ਵੀ ਜ਼ੁਕਾਮ, ਖਾਂਸੀ ਜਾਂ ਬੁਖਾਰ ਤੋਂ ਪੀੜਤ ਹਨ ਤਾਂ ਬਿਨਾਂ ਕਿਸੇ ਦੇਰੀ ਦੇ ਕੁਝ ਖਾਸ ਚੀਜ਼ਾਂ (ਇਮਿਊਨਿਟੀ-ਬੂਸਟਿੰਗ ਫੂਡਜ਼ ਫਾਰ ਕਿਡਜ਼) ਨੂੰ ਖੁਰਾਕ 'ਚ ਸ਼ਾਮਲ ਕਰੋ। ਇਹ ਪੌਸ਼ਟਿਕ ਭੋਜਨ ਨਾ ਸਿਰਫ਼ ਉਨ੍ਹਾਂ ਦੀ ਇਮਿਊਨ ਸਿਸਟਮ ਨੂੰ ਮਜ਼ਬੂਤ ਕਰੇਗਾ, ਸਗੋਂ ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਲਾਗਾਂ ਤੋਂ ਬਚਾਉਣ 'ਚ ਵੀ ਮਦਦ ਕਰੇਗਾ।



**ਦਹੀਂ-** ਇਮਿਊਨ ਸਿਸਟਮ ਨੂੰ ਮਜ਼ਬੂਤ ਬਣਾਉਣ ਲਈ ਬੱਚਿਆਂ ਦੇ ਖਾਣੇ ਦੀ ਪਲੇਟ 'ਚ ਦਹੀਂ ਜ਼ਰੂਰ ਸ਼ਾਮਲ ਕਰੋ। ਇਹ ਨਾ ਸਿਰਫ ਉਨ੍ਹਾਂ ਵਿਚ ਬਹੁਤ ਸਾਰੇ ਵਿਟਾਮਿਨ ਤੇ ਖਣਿਜਾਂ ਦੀ ਪੂਰਤੀ ਕਰਦਾ ਹੈ, ਬਲਕਿ ਦਹੀਂ 'ਚ ਪਾਇਆ ਜਾਣ ਵਾਲਾ ਲੈਕਟੋਬੈਕਿਲਸ ਇਨਫੈਕਸ਼ਨ ਪੈਦਾ ਕਰਨ ਵਾਲੇ ਬੈਕਟੀਰੀਆ ਨੂੰ ਖਤਮ ਕਰਨ 'ਚ ਵੀ ਅਸਰਦਾਰ ਮੰਨਿਆ ਜਾਂਦਾ ਹੈ।

**ਹਰੀਆਂ ਸਬਜ਼ੀਆਂ-** ਬੱਚਿਆਂ ਦੀ ਖੁਰਾਕ 'ਚ ਹਰੀਆਂ ਪੱਤੇਦਾਰ ਸਬਜ਼ੀਆਂ ਨੂੰ ਵੀ ਸ਼ਾਮਲ ਕਰਨਾ ਚਾਹੀਦਾ ਹੈ। ਇਸ ਨਾਲ ਉਨ੍ਹਾਂ ਦੀ ਇਮਿਊਨਿਟੀ ਤੇਜ਼ੀ ਨਾਲ ਵਧਦੀ ਹੈ ਤੇ ਉਹ ਆਸਾਨੀ ਨਾਲ ਜ਼ੁਕਾਮ ਅਤੇ ਬੁਖਾਰ ਦਾ ਸ਼ਿਕਾਰ ਨਹੀਂ ਹੁੰਦੇ। ਇਨ੍ਹਾਂ 'ਚ ਭਰਪੂਰ ਮਾਤਰਾ 'ਚ ਵਿਟਾਮਿਨ ਏ, ਵਿਟਾਮਿਨ ਈ, ਵਿਟਾਮਿਨ ਸੀ ਦੇ ਨਾਲ-ਨਾਲ ਫਾਈਬਰ ਤੇ ਕਈ ਜ਼ਰੂਰੀ ਐਂਟੀਆਕਸੀਡੈਂਟ ਹੁੰਦੇ ਹਨ, ਜੋ ਬਿਮਾਰੀਆਂ ਨਾਲ ਲੜਨ ਦੀ ਤਾਕਤ ਦਿੰਦੇ ਹਨ।

**ਡ੍ਰਾਈ ਫਰੂਟਸ ਤੇ ਬੀਜ-** ਸੁੱਕੇ ਮੇਵੇ ਤੇ ਬੀਜ ਖਾਣਾ ਬੱਚਿਆਂ ਦੀ ਰੋਗ ਪ੍ਰਤੀਰੋਧਕ ਸਮਰੱਥਾ ਨੂੰ ਵਧਾਉਣ 'ਚ ਵੀ ਕਾਫੀ ਫਾਇਦੇਮੰਦ ਹੁੰਦਾ ਹੈ। ਅਜਿਹੀ ਸਥਿਤੀ 'ਚ ਤੁਸੀਂ ਵਿਟਾਮਿਨ ਈ, ਜ਼ਿੰਕ, ਆਇਰਨ ਤੇ ਓਮੇਗਾ 3 ਫੈਟੀ ਐਸਿਡ ਨਾਲ ਭਰਪੂਰ ਬੀਜ ਤੇ ਸੁੱਕੇ ਮੇਵਿਆਂ ਨੂੰ ਆਪਣੀ ਖੁਰਾਕ 'ਚ ਸ਼ਾਮਲ ਕਰ ਸਕਦੇ ਹੋ ਜਿਵੇਂ ਕਿ ਅਖਰੋਟ, ਬਦਾਮ, ਕਾਜੂ, ਪਿਸਤਾ, ਚੀਆ ਸੀਡਜ਼, ਫਲੈਕਸ ਸੀਡਜ਼ ਤੇ ਕੱਦੂ ਦੇ ਬੀਜ ਆਦਿ।

**ਮੁਨੱਕਾ-** ਮੁਨੱਕਾ ਵੀ ਕਈ ਅਜਿਹੇ ਗੁਣਾਂ ਨਾਲ ਭਰਪੂਰ ਹੁੰਦਾ ਹੈ ਜੋ ਸਿਹਤ ਲਈ ਕਿਸੇ ਰਾਮਬਾਣ ਤੋਂ ਘੱਟ ਨਹੀਂ ਹੁੰਦਾ। ਤੁਹਾਨੂੰ ਆਏ ਦਿਨ ਬਿਮਾਰ ਰਹਿਣ ਵਾਲੇ ਬੱਚਿਆਂ ਦੀ ਖੁਰਾਕ 'ਚ ਮੁਨੱਕਾ ਵੀ ਸ਼ਾਮਲ ਕਰਨਾ ਚਾਹੀਦਾ ਹੈ, ਕਿਉਂਕਿ ਇਹ ਆਇਰਨ, ਕੈਲਸ਼ੀਅਮ, ਮੈਗਨੀਸ਼ੀਅਮ, ਬੀਟਾ ਕੈਰੋਟੀਨ ਆਦਿ ਦਾ ਖਜ਼ਾਨਾ ਹੈ। ਇਸ ਦੇ ਸੇਵਨ ਨਾਲ ਨਾ ਸਿਰਫ ਅਨੀਮੀਆ ਦੂਰ ਹੁੰਦਾ ਹੈ ਸਗੋਂ ਹੱਡੀਆਂ ਵੀ ਮਜ਼ਬੂਤ ਹੁੰਦੀਆਂ ਹਨ।

**ਸ਼ਹਿਦ-** ਬੱਚਿਆਂ ਨੂੰ ਸ਼ਹਿਦ ਜ਼ਰੂਰ ਖਿਲਾਓ। ਇਹ ਆਇਰਨ, ਕੈਲਸ਼ੀਅਮ, ਪੋਟਾਸ਼ੀਅਮ ਦੇ ਨਾਲ-ਨਾਲ ਵਿਟਾਮਿਨ ਏ ਤੇ ਵਿਟਾਮਿਨ ਬੀ ਨਾਲ ਭਰਪੂਰ ਹੁੰਦਾ ਹੈ। ਅਜਿਹੇ 'ਚ ਇਸ ਦਾ ਸੇਵਨ ਇਮਿਊਨਿਟੀ ਨੂੰ ਮਜ਼ਬੂਤ ਕਰਦਾ ਹੈ।

## ਇਹ ਲੱਛਣ ਨਜ਼ਰ ਆਉਣ ਤਾਂ ਸ਼ੂਗਰ ਦੇ ਮਰੀਜ਼ ਹੋ ਜਾਣ ਸਾਵਧਾਨ

ਇਕ ਰਿਪੋਰਟ ਅਨੁਸਾਰ, ਸਾਲ 2023 'ਚ ਸ਼ੂਗਰ ਦੇ ਲਗਪਗ 101 ਕਰੋੜ ਮਾਮਲੇ ਸਾਹਮਣੇ ਆਏ ਜੋ ਇਕ ਵੱਡੀ ਸਮੱਸਿਆ ਵੱਲ ਇਸ਼ਾਰਾ ਕਰ ਰਿਹਾ ਹੈ। ਇਸ ਬਿਮਾਰੀ ਦੇ ਵਧਦੇ ਮਾਮਲਿਆਂ ਕਾਰਨ ਭਾਰਤ ਨੂੰ ਹੁਣ ਡਾਇਬਿਟੀਜ਼ ਦੀ ਰਾਜਧਾਨੀ ਵੀ ਕਿਹਾ ਜਾਂਦਾ ਹੈ। ਅਜਿਹੇ 'ਚ ਇਸ ਬਿਮਾਰੀ ਤੋਂ ਖੁਦ ਨੂੰ ਬਚਾਉਣਾ ਜ਼ਰੂਰੀ ਹੈ।

ਡਾਇਬਿਟੀਜ਼ ਇਕ ਲਾਇਲਾਜ ਬਿਮਾਰੀ ਹੈ ਜਿਸ ਦਾ ਇਲਾਜ ਨਹੀਂ ਕੀਤਾ ਜਾ ਸਕਦਾ ਪਰ ਇਸ ਨੂੰ ਕੰਟਰੋਲ ਜ਼ਰੂਰ ਕੀਤਾ ਜਾ ਸਕਦਾ ਹੈ। ਹਾਲਾਂਕਿ, ਸ਼ੁਰੂਆਤ 'ਚ ਕੁਝ ਲੱਛਣਾਂ ਵੱਲ ਧਿਆਨ ਦੇਣ ਨਾਲ ਇਸ ਨੂੰ ਵਧਣ ਤੋਂ ਰੋਕਿਆ ਜਾ ਸਕਦਾ ਹੈ। ਜਦੋਂ ਬਲੱਡ ਸ਼ੂਗਰ ਦਾ ਪੱਧਰ ਵਧ ਜਾਂਦਾ ਹੈ ਤਾਂ ਸਰੀਰ 'ਚ ਕੁਝ ਲੱਛਣ ਦਿਖਾਈ ਦਿੰਦੇ ਹਨ, ਜਿਨ੍ਹਾਂ ਦੀ ਮਦਦ ਨਾਲ ਇਸ ਚੀਜ਼ ਦਾ ਪਤਾ ਲਗਾਇਆ ਜਾ ਸਕਦਾ ਹੈ।




**ਕਿਉਂ ਵਧਦਾ ਹੈ ਬਲੱਡ ਸ਼ੂਗਰ ਲੈਵਲ?**

ਸਾਡੇ ਬਲੱਡ ਵਿਚ ਗਲੂਕੋਜ਼ ਦੀ ਮਾਤਰਾ ਕੰਟਰੋਲ ਕਰਨ ਦਾ ਕੰਮ ਇੰਸੁਲਿਨ ਦਾ ਹੁੰਦਾ ਹੈ। ਇਹ ਇਕ ਹਾਰਮੋਨ ਹੈ ਜੋ ਪੈਨਕ੍ਰਿਆਸ ਤੋਂ ਰਿਲੀਜ਼ ਹੁੰਦਾ ਹੈ। ਪਰ ਕੁਝ ਲੋਕਾਂ 'ਚ ਇਹ ਲੋੜ ਤੋਂ ਘੱਟ ਬਣਦਾ ਹੈ ਜਾਂ ਸੈੱਲਜ਼ ਇਸ ਦੀ ਸਹੀ ਵਰਤੋਂ ਨਹੀਂ ਕਰ ਪਾਉਂਦੇ ਜਿਸ ਕਾਰਨ ਬਲੱਡ ਸ਼ੂਗਰ ਲੈਵਲ ਕੰਟਰੋਲ ਨਹੀਂ ਹੁੰਦਾ ਤੇ ਇਸ ਕੰਡੀਸ਼ਨ ਨੂੰ ਡਾਇਬਿਟੀਜ਼ ਕਿਹਾ ਜਾਂਦਾ ਹੈ। ਸ਼ੂਗਰ ਦਾ ਕੋਈ ਸਿੱਧਾ ਨੁਕਸਾਨ ਨਹੀਂ ਪਹੁੰਚਦਾ ਪਰ ਖੂਨ 'ਚ ਸ਼ੂਗਰ ਦੀ ਮਾਤਰਾ ਵਧਣ ਕਾਰਨ ਇਹ ਹੌਲੀ-ਹੌਲੀ ਨਸਾਂ ਨੂੰ ਨੁਕਸਾਨ ਪਹੁੰਚਾਉਣਾ ਸ਼ੁਰੂ ਕਰ ਦਿੰਦੀ ਹੈ ਜਿਸ ਦਾ ਅਸਰ ਸਰੀਰ ਦੇ ਹੋਰ ਅੰਗਾਂ 'ਤੇ ਵੀ ਹੋਣਾ ਸ਼ੁਰੂ ਹੋ ਜਾਂਦਾ ਹੈ।

**ਕਿਵੇਂ ਕਰੀਏ ਹਾਈ ਬਲੱਡ ਸ਼ੂਗਰ ਦੀ ਪਛਾਣ?**

**ਬਹੁਤ ਜ਼ਿਆਦਾ ਪਿਆਸ ਲੱਗਣੀ -** ਬਲੱਡ ਸ਼ੂਗਰ ਦਾ ਪੱਧਰ ਵਧਣ ਕਾਰਨ ਵਿਅਕਤੀ ਨੂੰ ਬਹੁਤ ਜ਼ਿਆਦਾ ਪਿਆਸ ਲਗਦੀ ਹੈ। ਇਸ ਲਈ ਜੇਕਰ ਤੁਹਾਨੂੰ ਆਮ ਤੌਰ 'ਤੇ ਇੰਨੀ ਪਿਆਸ ਨਹੀਂ ਲੱਗਦੀ ਪਰ ਤੁਸੀਂ ਕੁਝ ਦਿਨਾਂ ਤੋਂ ਬਹੁਤ ਜ਼ਿਆਦਾ ਪਾਣੀ ਪੀ ਰਹੇ ਹੋ ਤਾਂ ਯਕੀਨੀ ਤੌਰ 'ਤੇ ਆਪਣੇ ਬਲੱਡ ਸ਼ੂਗਰ ਦੇ ਪੱਧਰ ਦੀ ਜਾਂਚ ਕਰਵਾਓ।

**ਥਕਾਵਟ-** ਇਨਸੁਲਿਨ ਦੀ ਘਾਟ ਜਾਂ ਉਸ ਦੀ ਰੈਜਿਸਟਿਵਿਟੀ ਕਾਰਨ ਗਲੂਕੋਜ਼ ਸੈੱਲਾਂ 'ਚ ਦਾਖਲ ਨਹੀਂ ਹੋ ਪਾਉਂਦਾ ਜਿਸ ਕਾਰਨ ਬਹੁਤ ਘੱਟ ਊਰਜਾ ਨਿਕਲਦੀ ਹੈ। ਇਸ ਲਈ ਆਮ ਨਾਲੋਂ ਜ਼ਿਆਦਾ ਥਕਾਵਟ ਮਹਿਸੂਸ ਹੋਣਾ, ਉਹ ਵੀ ਬਿਨਾਂ ਕਿਸੇ ਕਾਰਨ ਹਾਈ ਬਲੱਡ ਸ਼ੂਗਰ ਦਾ ਸੰਕੇਤ ਹੋ ਸਕਦਾ ਹੈ।

**ਵਾਰ-ਵਾਰ ਪਿਸ਼ਾਬ ਆਉਣਾ-** ਜਦੋਂ ਖੂਨ 'ਚ ਗਲੂਕੋਜ਼ ਦੀ ਮਾਤਰਾ ਵਧ ਜਾਂਦੀ ਹੈ ਤਾਂ ਗੁਰਦੇ ਇਸ ਨੂੰ ਤੇਜ਼ੀ ਨਾਲ ਫਿਲਟਰ ਕਰਨਾ ਸ਼ੁਰੂ ਕਰ ਦਿੰਦੇ ਹਨ। ਇਸ ਕਾਰਨ ਵਾਰ-ਵਾਰ ਪਿਸ਼ਾਬ ਆਉਂਦਾ ਹੈ।

**ਧੁੰਦਲਾ ਨਜ਼ਰ ਆਉਣਾ —** ਬਲੱਡ ਸ਼ੂਗਰ ਲੈਵਲ ਵਧਣ ਨਾਲ ਅੱਖਾਂ ਦੇ ਲੈਨਜ਼ ਦਾ ਆਕਾਰ ਬਦਲਣਾ ਸ਼ੁਰੂ ਹੋ ਜਾਂਦਾ ਹੈ ਤੇ ਹੌਲੀ-ਹੌਲੀ ਅੱਖਾਂ 'ਚ ਮੌਜੂਦ ਨਾੜੀਆਂ ਵੀ ਖਰਾਬ ਹੋਣ ਲੱਗਦੀਆਂ ਹਨ, ਜਿਸ ਕਾਰਨ ਨਜ਼ਰ ਧੁੰਦਲੀ ਹੋਣ ਲੱਗਦੀ ਹੈ।

**ਜ਼ਖਮਾਂ ਦਾ ਹੌਲੀ-ਹੌਲੀ ਭਰਨਾ -** ਖੂਨ 'ਚ ਗਲੂਕੋਜ਼ ਜ਼ਿਆਦਾ ਹੋਣ ਕਾਰਨ ਸੋਜ ਵਧ ਜਾਂਦੀ ਹੈ ਜਿਸ ਕਾਰਨ ਇਮਿਊਨ ਸਿਸਟਮ ਕਮਜ਼ੋਰ ਹੋ ਜਾਂਦਾ ਹੈ। ਇਸ ਤੋਂ ਇਲਾਵਾ ਖੂਨ ਦਾ ਸੰਚਾਰ ਵੀ ਠੀਕ ਤਰ੍ਹਾਂ ਨਾਲ ਨਹੀਂ ਹੁੰਦਾ ਤੇ ਜ਼ਖਮ ਹੌਲੀ-ਹੌਲੀ ਭਰਦੇ ਹਨ।

**ਹੱਥਾਂ-ਪੈਰਾਂ 'ਚ ਝਰਨਾਹਟ -** ਬਲੱਡ ਸ਼ੂਗਰ ਦੇ ਉੱਚ ਪੱਧਰ ਕਾਰਨ ਹੱਥਾਂ-ਪੈਰਾਂ 'ਚ ਵਾਰ-ਵਾਰ ਸੁੰਨ ਹੋਣਾ ਜਾਂ ਝਰਨਾਹਟ ਵੀ ਹੁੰਦੀ ਹੈ। ਅਜਿਹਾ ਇਸ ਲਈ ਹੁੰਦਾ ਹੈ ਕਿਉਂਕਿ ਖੂਨ 'ਚ ਗਲੂਕੋਜ਼ ਦੀ ਮਾਤਰਾ ਜ਼ਿਆਦਾ ਹੋਣ ਕਾਰਨ ਨਸਾਂ ਡੈਮੇਜ ਹੋਣ ਲਗਦੀਆਂ ਹਨ ਤੇ ਬਲੱਡ ਸਰਕੂਲੇਸ਼ਨ ਪ੍ਰਭਾਵਿਤ ਹੁੰਦਾ ਹੈ।


**ਭਾਰ ਘਟਣਾ-** ਕੋਸ਼ਿਕਾਵਾਂ ਨੂੰ ਸਹੀ ਮਾਤਰਾ 'ਚ ਗਲੂਕੋਜ਼ ਨਾ ਮਿਲਣ ਕਾਰਨ ਸਰੀਰ ਊਰਜਾ ਲਈ ਸਟੋਰ ਕੀਤੀ ਚਰਬੀ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੰਦੀ ਹੈ। ਇਸ ਕਰਕੇ ਸਹੀ ਮਾਤਰਾ 'ਚ ਭੋਜਨ ਖਾਣ ਦੇ ਬਾਵਜੂਦ ਭਾਰ ਘਟ ਸਕਦਾ ਹੈ।

**ਜ਼ਿਆਦਾ ਭੁੱਖ-** ਵਾਰ-ਵਾਰ ਭੁੱਖ ਲੱਗਣਾ ਵੀ ਹਾਈ ਬਲੱਡ ਸ਼ੂਗਰ ਦੀ ਨਿਸ਼ਾਨੀ ਹੁੰਦਾ ਹੈ। ਇਨਸੁਲਿਨ ਸਹੀ ਢੰਗ ਨਾਲ ਕੰਮ ਨਾ ਕਰਨ ਕਰਕੇ ਗਲੂਕੋਜ਼ ਸੈੱਲਾਂ 'ਚ ਦਾਖਲ ਨਹੀਂ ਹੋ ਪਾਉਂਦਾ ਜਿਸ ਕਾਰਨ ਊਰਜਾ ਦੀ ਘਾਟ ਹੁੰਦੀ ਹੈ ਅਤੇ ਦਿਮਾਗ ਭੁੱਖ ਦੇ ਸੰਕੇਤ ਭੇਜਣਾ ਸ਼ੁਰੂ ਕਰ ਦਿੰਦਾ ਹੈ ਜਿਸ ਨਾਲ ਭੋਜਨ ਰਾਹੀਂ ਐਨਰਜੀ ਮਿਲ ਸਕੇ।

**ਕਿਵੇਂ ਕੰਟਰੋਲ ਕਰੀਏ ਡਾਇਬਿਟੀਜ਼**

* ਰੈਗੂਲਰ ਐਕਸਰਸਾਈਜ਼ ਕਰੋ
* ਹੈਲਦੀ ਡਾਈਟ ਖਾਓ
* 7-8 ਘੰਟੇ ਦੀ ਨੀਂਦ ਲਓ
* ਤਣਾਅ ਘਟਾਓ
* ਖਾਣੇ 'ਚ ਫਾਈਬਰ ਸ਼ਾਮਲ ਕਰੋ
* ਨਿਯਮਤ ਬਲੱਡ ਸ਼ੂਗਰ ਦੀ ਜਾਂਚ ਕਰੋ
* ਸ਼ਰਾਬ ਤੇ ਸਮੋਕਿੰਗ ਤੋਂ ਦੂਰ ਰਹੋ
* ਹੈਲਦੀ ਵਜ਼ਨ ਮੈਂਟੇਨ ਕਰੋ।

## ਡਿਮੈਂਸ਼ੀਆ ਦੀ ਵਜ੍ਹਾ ਬਣ ਸਕਦੈ ਬੈਡ ਕੋਲੈਸਟ੍ਰਾਲ



ਬੈਡ ਕੋਲੈਸਟ੍ਰਾਲ ਕਈ ਤਰ੍ਹਾਂ ਦੀਆਂ ਪਰੇਸ਼ਾਨੀਆਂ ਵਧਾ ਸਕਦਾ ਹੈ। ਜੇ ਇਨ੍ਹਾਂ ਦੀ ਮਾਤਰਾ ਵੱਧ ਹੋਵੇ ਤਾਂ ਇਹ ਦਿਲ ਨਾਲ ਸਬੰਧਤ ਬਿਮਾਰੀਆਂ ਵਧਾਉਣ ਦੇ ਨਾਲ-ਨਾਲ ਸਟ੍ਰੋਕ ਦਾ ਖਤਰਾ ਪੈਦਾ ਕਰਦਾ ਹੈ ਜਦਕਿ ਨਵੀਂ ਖੋਜ ਵਿਚ ਸਾਹਮਣੇ ਆਇਆ ਹੈ ਕਿ ਬੈਡ ਕੋਲੈਸਟ੍ਰਾਲ, ਡਿਮੈਂਸ਼ੀਆ ਰੋਗ ਦੀ ਵਜ੍ਹਾ ਬਣ ਸਕਦਾ ਹੈ। ਇਹ ਅਧਿਐਨ ਲੈਸੈਂਟ ਕਮਿਸ਼ਨ ਵੱਲੋਂ ਕੀਤਾ ਗਿਆ ਹੈ। ਡਿਮੈਂਸ਼ੀਆ ਸੋਚ, ਯਾਦਾਸ਼ਤ ਤੇ ਫ਼ੈਸਲਾ ਲੈਣ ਦੀ ਸਮਰਥਾ ਨੂੰ ਪ੍ਰਭਾਵਤ ਕਰਦਾ ਹੈ, ਜਿਸ ਨਾਲ ਵਿਅਕਤੀ ਦੀ ਰੋਜ਼ਾਨਾ ਜ਼ਿੰਦਗੀ 'ਤੇ ਮਾੜਾ ਅਸਰ ਪੈਂਦਾ ਹੈ। ਅਲਜ਼ਾਈਮਰ ਰੋਗ ਡਿਮੈਂਸ਼ੀਆ ਦਾ ਸਭ ਤੋਂ ਆਮ ਰੂਪ ਹੈ। ਡਿਮੈਂਸ਼ੀਆ ਦੇ ਖ਼ਤਰਿਆਂ ਦੇ ਨਵੇਂ ਕਾਰਨਾਂ ਦਾ ਪਤਾ ਲਾਉਣ ਲਈ ਟੀਮ ਵੱਲੋਂ ਇਹ ਅਧਿਐਨ ਕੀਤਾ ਗਿਆ ਸੀ। ਇਸ ਵਿਚ ਪਾਇਆ ਗਿਆ ਹੈ ਕਿ ਸੰਸਾਰ ਭਰ ਦੇ 9 ਫ਼ੀਸਦ ਡਿਮੈਂਸ਼ੀਆ ਦੇ ਮਾਮਲਿਆਂ ਲਈ ਨਵੇਂ ਲੱਭੇ ਗਏ ਕਾਰਕ ਜ਼ਿੰਮੇਵਾਰ ਹਨ। ਇਸ ਵਿਚ ਕਿਹਾ ਗਿਆ ਹੈ ਕਿ 40 ਸਾਲ ਦੇ ਆਸ-ਪਾਸ ਜੇ ਹਾਈ ਬੈਡ ਕੋਲੈਸਟ੍ਰਾਲ ਦੀ ਸਮੱਸਿਆ ਹੋ ਜਾਵੇ ਤਾਂ ਵਾਜਿਬ ਇਲਾਜ ਨਾ ਹੋਣ ਦੀ ਸਥਿਤੀ ਵਿਚ ਡਿਮੈਂਸ਼ੀਆ ਹੋਣ ਦੇ ਆਸਾਰ ਬਣ ਜਾਂਦੇ ਹਨ। ਇਸ ਵਿਚ ਕਿਹਾ ਗਿਆ ਹੈ ਕਿ ਸ਼ੁਰੂਆਤੀ ਜ਼ਿੰਦਗੀ ਦੌਰਾਨ ਪੜ੍ਹਾਈ ਦਾ ਨੀਵਾਂ ਪੱਧਰ ਤੇ ਬਾਅਦ ਵਿਚ ਸਮਾਜ ਤੋਂ ਵੱਖਰੇ ਰਹਿਣਾ ਵੀ ਬਿਮਾਰ ਕਰਨ ਦੇ ਕਾਰਕਾਂ ਵਿਚ ਸ਼ਾਮਲ ਹਨ। ਖੋਜ ਵਿਚ ਕਿਹਾ ਗਿਆ ਹੈ ਕਿ ਬੈਡ ਕੋਲੈਸਟ੍ਰਾਲ ਦੀ ਜ਼ਿਆਦਾ ਮਾਤਰਾ ਬਾਰੇ ਪਤਾ ਲੱਗਣ 'ਤੇ ਇਸ ਨੂੰ ਕਾਬੂ ਹੇਠ ਰੱਖਿਆ ਜਾਵੇ ਤਾਂ ਮਾਨਸਿਕਤ ਸਥਿਤੀ 'ਤੇ ਪੈਣ ਵਾਲੇ ਅਸਰ ਨੂੰ ਲੰਮੇ ਸਮੇਂ ਤੱਕ ਟਾਲਿਆ ਜਾ ਸਕਦਾ ਹੁੰਦਾ ਹੈ। ਇਨ੍ਹਾਂ ਵਿਚ ਪੀੜ੍ਹੀ ਦਰ ਪੀੜ੍ਹੀ ਹੋ ਸਕਦੇ ਜੋਖਮਾਂ ਨਾਲ ਸਬੰਧਤ ਲੋਕ ਸ਼ਾਮਲ ਹਨ। ਲੈਸੈਂਟ ਕਮਿਸ਼ਨ ਫਾਰ ਡਿਮੈਂਸ਼ੀਆ ਵੱਲੋਂ ਕਿਹਾ ਗਿਆ ਹੈ ਕਿ ਬੱਚਿਆਂ ਨੂੰ ਇਸ ਨੂੰ ਲੈ ਕੇ ਜਾਗਰੂਕ ਕਰਨ ਦੀ ਜ਼ਰੂਰਤ ਹੈ। ਨਾਲ ਹੀ ਸਲਾਹ ਦਿੱਤੀ ਗਈ ਹੈ ਕਿ ਹਵਾ ਪ੍ਰਦੂਸ਼ਣ ਤੋਂ ਬਚਾਅ ਕਰ ਕੇ ਖ਼ਤਰਾ ਘੱਟ ਕੀਤਾ ਜਾ ਸਕਦਾ ਹੈ।



## ਰੋਜ਼ ਸਵੇਰੇ ਚਬਾਓ ਲਸਣ ਦੀਆਂ ਦੋ ਕਲੀਆਂ

ਲਸਣ ਕਿਸੇ ਵੀ ਸਬਜ਼ੀ ਦਾ ਸਵਾਦ ਵਧਾਉਣ ਦਾ ਕੰਮ ਕਰਦਾ ਹੈ। ਲਸਣ ਦੇ ਤਾਸੀਰ ਗਰਮ ਹੋਣ ਕਾਰਨ ਸਰਦੀਆਂ 'ਚ ਇਸਦਾ ਸੇਵਨ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਕੀ ਤੁਸੀਂ ਜਾਣਦੇ ਹੋ ਕਿ ਲਸਣ ਨਾ ਸਿਰਫ ਖਾਣੇ ਦਾ ਸਵਾਦ ਵਧਾਉਂਦਾ ਹੈ ਸਗੋਂ ਸਿਹਤ ਲਈ ਵੀ ਬਹੁਤ ਫਾਇਦੇਮੰਦ ਹੁੰਦਾ ਹੈ। ਲਸਣ 'ਚ ਐਂਟੀ-ਮਾਈਕ੍ਰੋਬ-ਇਲ ਗੁਣਾਂ ਦੇ ਨਾਲ-ਨਾਲ ਕਈ ਜ਼ਰੂਰੀ ਪੋਸ਼ਕ ਤੱਤ ਹੁੰਦੇ ਹਨ, ਜੋ ਸਿਹਤ ਲਈ ਫਾਇਦੇਮੰਦ ਹੁੰਦੇ ਹਨ। ਅੱਜ ਅਸੀਂ ਤੁਹਾਨੂੰ ਲਸਣ ਦੇ ਫਾਇਦਿਆਂ ਬਾਰੇ ਦੱਸਣ ਜਾ ਰਹੇ ਹਾਂ...

**ਕੋਲੈਸਟ੍ਰੋਲ ਕੰਟਰੋਲ ਕਰੇ**

ਅੱਜ ਦੇ ਦੌਰ 'ਚ ਜ਼ਿਆਦਾਤਰ ਲੋਕਾਂ ਨੂੰ ਕੋਲੈਸਟ੍ਰੋਲ ਵਧਣ ਦੀ ਸਮੱਸਿਆ ਹੈ ਜਿਸ ਕਾਰਨ ਹਾਰਟ ਅਟੈਕ ਤੇ ਸਟ੍ਰੋਕ ਦਾ ਖਤਰਾ ਵੱਧ ਜਾਂਦਾ ਹੈ। ਲਸਣ ਕੋਲੈਸਟ੍ਰਾਲ ਨੂੰ ਵਧਣ ਤੋਂ ਰੋਕਦਾ ਹੈ। ਇਸ 'ਚ ਮੌਜੂਦ ਐਂਟੀ-ਆਕਸੀਡੈਂਟ ਦਿਲ ਨੂੰ ਸਿਹਤਮੰਦ ਰੱਖਣ 'ਚ ਮਦਦ ਕਰਦੇ ਹਨ, ਇਸ ਲਈ ਲਸਣ ਦਾ ਸੇਵਨ ਕੋਲੈ-ਸਟ੍ਰੋਲ ਨੂੰ ਕੰਟਰੋਲ 'ਚ ਰੱਖਣ 'ਚ ਕਾਰਗਰ ਹੈ।

**ਇਨਫਰਟਿਲਟੀ 'ਚ ਵੀ ਮਦਦਗਾਰ**

ਇਨਫਰਟਿਲਟੀ ਨਾਲ ਜੂਝ ਰਹੇ ਮਰਦਾਂ ਨੂੰ ਲਸਣ ਖਾਣਾ ਚਾਹੀਦਾ ਹੈ। ਲਸਣ ਪੁਰਸ਼ਾਂ ਦੀ ਸੈਕਸ ਡਰਾਈਵ ਵਧਾਉਣ 'ਚ ਮਦਦ ਕਰਦਾ ਹੈ। ਇਹ ਇਨ-ਫਰਟਿਲਟੀ ਦੇ ਜੋਖ਼ਮ ਨੂੰ ਘਟਾਉਂਦਾ ਹੈ।

**ਗਠੀਏ ਦੇ ਦਰਦ ਤੋਂ ਰਾਹਤ**

ਲਸਣ ਗਠੀਆ ਵਰਗੀ ਬਿਮਾਰੀ 'ਚ ਵੀ ਰਾਹਤ ਦਿਵਾਉਣ 'ਚ ਮਦਦ ਕਰਦਾ ਹੈ। ਇਸ 'ਚ ਮੌਜੂਦ ਐਂਟੀ-ਇਨਫਲੇਮੇਟਰੀ ਗੁਣ ਸੋਜ ਘਟਾਉਣ 'ਚ ਮਦ-ਦਗਾਰ ਹੁੰਦੇ ਹਨ। ਜੇਕਰ ਇਸ ਬਿਮਾਰੀ ਤੋਂ ਪੀੜਤ ਲੋਕ ਰੋਜ਼ਾਨਾ ਲਸਣ ਦਾ ਸੇਵਨ ਕਰਦੇ ਹਨ ਤਾਂ ਉਨ੍ਹਾਂ ਨੂੰ ਕਾਫੀ ਰਾਹਤ ਮਿਲਦੀ ਹੈ।

**ਬਲੱਡ ਪ੍ਰੈਸ਼ਰ ਕਰੇ ਕੰਟਰੋਲ**

ਹਾਈ ਬੀਪੀ ਦੇ ਮਰੀਜ਼ਾਂ ਲਈ ਵੀ ਲਸਣ ਦਾ ਸੇਵਨ ਲਾਭਦਾਇਕ ਹੈ। ਇਸ 'ਚ ਐਲੀਸਿਨ ਮੌਜੂਦ ਹੁੰਦਾ ਹੈ ਜੋ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਦਾ ਹੈ। ਅਜਿਹੇ ਮਰੀਜ਼ਾਂ ਨੂੰ ਰੋਜ਼ਾਨਾ ਆਪਣੀ ਖੁਰਾਕ 'ਚ ਲਸਣ ਨੂੰ ਸ਼ਾਮਲ ਕਰਨਾ ਚਾਹੀਦਾ ਹੈ।


NANAK FOOD & GROCERY HATT
Your Neighborhood Indian Food Market
We Carry All Brands Quality Food Items,
Vegetables,
Spices, Frozen Food,
Ready-To-Eat
And Dairy
SPECIAL OFFER
10% OFF
Limited Time Only
1625 A ST . ANTIOCH. CA 94509
TEL: 925-799-1313
ਪੰਜਾਬੀ ਭਰਾਵਾਂ
ਦੀ ਦੁਕਾਨ
With the Purchase of
$ 100 or more


UNIVERSAL
TIRE HUB
BAKERSFIELD, CA
TRUCK & TRAILER TIRES
ਯੂਨੀਵਰਸਲ ਟਾਇਰ ਹੱਬ, ਬੇਕਰਸਫੀਲਡ, ਕੈਲੀਫੋਰਨੀਆ
ਸਾਡੇ ਕੋਲ ਟਰੱਕ ਅਤੇ ਟਰੇਲਰ ਦੇ ਵਧੀਆ ਟਾਇਰ ਵਾਜ਼ਿਬ ਰੇਟ ਤੇ ਮਿਲਦੇ ਹਨ।
ਫੋਨ : 661.735.0001
ਫੋਨ : 661.735.0002
BEST PRICE IN CALIFORNIA
2309 S UNION AVE,
BAKERSFIELD, CA 93307
info@universaltirehub.com
TRAILER
$1699
(ALL TAX INCLUDE 8 TIRES)
DRIVE TIRES
$1850
(ALL TAX INCLUDE 8 TIRES)
WE ACCEPT BULK ORDERS AND CONTAINER SHIPMENTS